# ਇਹ ਆਦਮੀ ਇਹ ਚੂਹੇ

ਜਾਨ ਸਟਾਈਨਬੈੱਕ

ਭਾਸ਼ਾ ਵਿਭਾਗ, ਪੰਜਾਬ

EH AADMI EH CHUHE (IN PUNJABI)

**John Steinbeck**

Translation : Prof. Tara Singh Sethi

**ਇਹ ਆਦਮੀ ਇਹ ਚੂਹੇ**

**ਜਾਨ ਸਟਾਈਨਬੈੱਕ**

ਅਨੁਵਾਦ ਪ੍ਰੋ. ਤਾਰਾ ਸਿੰਘ ਸੇਠੀ

©ਭਾਸ਼ਾ ਵਿਭਾਗ, ਪੰਜਾਬ

9619-ਸ.ਵਿ.ਸ.-1253

ਸਾਲ : 1996

**ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ**

# ਦੋ ਸ਼ਬਦ

ਵਿਸ਼ਵ ਕਲਾਸਕੀ ਸਾਹਿਤ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦੀ ਲੜੀ ਅਧੀਨ ਕਈ ਸੁਪ੍ਰਸਿੱਧ ਨਾਵਲ ਪਹਿਲਾਂ ਹੀ ਪੰਜਾਬੀ ਪਾਠਕਾਂ ਨੂੰ ਭੇਟਾ ਕੀਤਾ ਜਾ ਚੁੱਕੇ ਹਨ। ਇਸ ਲਈ ਅਧੀਨ ਨੋਬਲ ਇਨਾਮ ਜੇਤੂ ਅਮਰੀਕਾ ਦੇ ਪ੍ਰਸਿੱਧ ਲੇਖਕ ਜਾਨ ਸਟਾਈਨਬੈੱਕ (1902-2968) ਦਾ ਨਾਵਲ "ਇਹ ਆਦਮੀ, ਇਹ ਚੂਹੇ" ਪੰਜਾਬੀ ਪਾਠਕਾਂ ਨੂੰ ਭੇਟਾ ਕੀਤਾ ਜਾ ਰਿਹਾ ਹੈ।

ਜਾਨ ਸਟਾਈਨਬੈੱਕ ਨੇ ਆਪਣੀ ਲੇਖਣੀ ਤੇ ਹੱਥ ਅਜ਼ਮਾਉਣ ਦੇ ਨਾਲ ਨਾਲ ਕਾਫੀ ਸਮੇਂ ਲਈ ਖੇਤ ਮਜ਼ਦੂਰ ਵਜੋਂ ਕੰਮ ਕੀਤਾ। ਇਸ ਤਰ੍ਹਾਂ ਖੇਤ ਮਜ਼ਦੂਰਾਂ ਦੇ ਜੀਵਨ ਦਾ ਚੰਗਾ ਗਿਆਨ ਪ੍ਰਾਪਤ ਕਰ ਲੈਣ ਦੇ ਨਾਲ ਨਾਲ ਉਸਨੇ ਪ੍ਰਕ੍ਰਿਤੀ, ਵਿਸ਼ੇਸ਼ ਕਰਕੇ ਜੀਵਾਂ, ਬਾਰੇ ਵੀ ਕਾਫ਼ੀ ਜਾਣਕਾਰੀ ਪ੍ਰਾਪਤ ਕਰ ਲਈ ਸੀ। ਇਹ ਅਨੁਭਵ ਉਸਦੇ ਸ਼ਾਹਕਾਰ "ਗ੍ਰੇਸ ਆਫ ਰਾੱਥ" ਵਿਚ ਵਧੇਰੇ ਉਭਰ ਕੇ ਸਾਹਮਣੇ ਆਉਂਦਾ ਹੈ।

ਹਥਲਾ ਨਾਵਲ "ਇਹ ਆਦਮੀ, ਇਹ ਚੂਹੇ" (1937) ਉਸ ਦੇ ਮੁਢਲੇ ਨਾਵਲਾਂ ਵਿਚੋਂ ਹੈ। ਇਹ ਛੋਟਾ ਨਾਵਲ ਉਸ ਨੇ ਸਟੇਜ ਅਤੇ ਫਿਲਮ ਨੂੰ ਧਿਆਨ ਵਿਚ ਰੱਖਦਿਆਂ ਲਿਖਿਆ। 1937 ਵਿਚ ਇਸ ਤੇ ਫਿਲਮ ਬਣੀ। ਉਸੇ ਸਾਲ ਹੀ ਇਸ ਨੂੰ ਸਟੇਜ ਤੇ ਵੀ ਖੇਡਿਆ ਗਿਆ ਅਤੇ ਸਟਾਈਨਬੈੱਕ ਨੂੰ ਇਸ ਤੇ "ਡਰਾਮਾ ਕ੍ਰਿਟੀਕਲ ਸਰਕਲ ਐਵਾਰਡ" ਮਿਲਿਆ।

ਇਸ ਵਿਚ ਦੋ ਪਰਵਾਸੀ ਕਾਮਿਆਂ ਦੇ ਜੀਵਨ ਨੂੰ ਚਿਤਰਿਆ ਗਿਆ ਹੈ। ਦੋਹਾਂ ਵਿਚਲਾ ਸੰਘਰਸ਼ ਕਈ ਰੂਪ ਧਾਰਨ ਕਰਦਾ ਹੈ, ਬਾਰ ਬਾਰ ਉਭਰਦਾ ਤੇ ਮੱਠਾ ਪੈਂਦਾ ਹੈ। ਅੰਤ ਵਿਚ ਸਰੀਰਕ ਤੌਰ ਤੇ ਸ਼ਕਤੀਸ਼ਾਲੀ ਪਰ ਮੰਦ ਬੁੱਧੀ ਵਾਲਾ ਸਿਧਰਾ ਤੇ ਥੋੜ ਦਿਲਾ ਲੈਨੀ ਸਮਾਲ ਦੁਨਿਆਵੀ ਖੇਡ ਵਿਚ ਜਾਰਜ ਮਿਲਟਨ ਤੋਂ ਹਾਰ ਖਾ ਜਾਂਦਾ ਹੈ।

ਭੂਮੀਹੀਣ ਅਤੇ ਪੂੰਜੀਹੀਣ ਮਨੁੱਖ ਦੀ ਚੂਹੇ ਨਾਲ ਤੁਲਨਾ ਕੀਤਾ ਗਈ ਹੈ। ਆਪਣੇ ਪਰਮ ਮਿੱਤਰ ਜਾਰਜ ਮਿਲਟਨ ਦੇ ਹੱਥੋਂ ਲੈਨੀ ਸਮਾਲ ਦਾ ਕਤਲ ਇਸ ਨਾਵਲ

ਦਾ ਹਿਰਦੇਵੇਧਿਕ ਅੰਤ ਹੈ ਭੌਂ ਪ੍ਰਾਪਤੀ ਦੀ ਅਪੂਰਣ ਸਿਕ ਲੈਨੀ ਅਤੇ ਜਾਰ ਦਾ ਦੁਖਾਂਤ ਹੋ ਨਿੱਬੜਦੀ ਹੈ।

ਸਟਾਈਨਬੈੱਕ ਨੇ ਇਸ ਵਿਚ ਕਲਪਨਾ ਤੇ ਯਥਾਰਥ ਦਾ ਅਨਿੱਖੜਵਾਂ ਮਿਸ਼ਰਣ ਕੀਤਾ ਹੈ। ਇਸ ਨਾਵਲ ਨਾਲ ਸਟਾਈਨਬੈੱਕ ਨੂੰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਹੋਈ। ਇਸ ਵਿਚ ਜੀਵਾਂ ਬਾਰੇ ਹਵਾਲਿਆਂ ਦੀ ਭਰਮਾਰ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਨੂੰ ਜੀਵਾਂ ਵਿਚ ਡੂੰਘੀ ਦਿਲਚਸਪੀ ਸੀ। ਇਹ ਵੀ ਠੀਕ ਹੈ ਕਿ ਉਸ ਨੇ ਮਨੁੱਖੀ ਵਿਉਹਾਰ ਦੇ ਆਧਾਰ ਨੂੰ ਲੱਭਣ ਦਾ ਯਤਨ ਕੀਤਾ ਅਤੇ ਉਸ ਨੇ ਦੇਖਿਆ ਕਿ ਮਨੁੱਖੀ ਵਿਓਹਾਰ ਵੀ ਹੋਰ ਜੀਵਾਂ ਵਰਗਾ ਹੀ ਸੀ।

ਇਸ ਦਾ ਅਨੁਵਾਦ ਪ੍ਰੋ. ਤਾਰਾ ਸਿੰਘ ਸੇਠੀ ਨੇ ਕੀਤਾ ਜਿਸ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਮੈਨੂੰ ਆਸ ਹੈ ਕਿ ਪੰਜਾਬੀ ਪਾਠਕ ਸਾਡੇ ਇਸ ਯਤਨ ਦਾ ਨਿੱਘਾ ਸੁਆਗਤ ਕਰਨਗੇ ਅਤੇ ਆਪਣਾ ਭਰਵਾਂ ਹੁੰਗਾਰਾ ਦੇ ਕੇ ਸਾਨੂੰ ਨਿਵਾਜ਼ਣਗੇ।

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਸੌਲੇਦਾਦ ਤੋਂ ਕੁਝ ਮੀਲ ਦੂਰ ਦੱਖਣ ਵੱਲ, ਸੈਲੀਨਾਸ ਦਰਿਆ ਪਹਾੜ ਪਾਸੇ ਦੇ ਕੰਢੇ ਦੇ ਐਨ ਨੇੜੇ ਹੇਠਾਂ ਡਿੱਗਦਾ ਹੈ ਅਤੇ ਡੂੰਘਾਈ ਕਾਰਣ ਇਸ ਦਾ ਪਾਣੀ ਹੋਰ ਵੀ ਹਰਾ ਹੋ ਜਾਂਦਾ ਹੈ। ਇਸ ਦਾ ਪਾਣੀ ਰਤਾ ਕੋਸਾ ਵੀ ਹੁੰਦਾ ਹੈ। ਕਿਉਂਕਿ ਇਹ ਇਸ ਡੂੰਘਾਈ ਤਕ ਪਹੁੰਚਣ ਤੋਂ ਪਹਿਲਾਂ ਧੁੱਪ ਦੇ ਵਿਚ ਪੀਲੀਆਂ ਰੇਤਾਂ ਦੇ ਉਤੋਂ ਲਿਸ਼ਕਾਂ ਮਾਰਦਾ ਵਗਦਾ ਆਉਂਦਾ ਹੈ। ਇਸ ਦਰਿਆ ਦੇ ਇਕ ਪਾਸੇ ਸੋਨ-ਸੁਨਹਿਰੀ ਪੱਬੀ ਦੀਆਂ ਢਲਾਨਾਂ ਚੱਕਰ ਖਾਂਦੀਆਂ ਵਿਰਾਟ ਅਤੇ ਚਟਾਨੀ ਮੈਬੀਲਾਹਨ ਪਹਾੜਾਂ ਵਿਚ ਬਦਲ ਜਾਂਦੀਆਂ ਹਨ, ਪਰ ਘਾਟੀ ਵਾਲੇ ਪਾਸੇ ਦਰਿਆ ਦੇ ਨਾਲ ਨਾਲ ਦੂਰ ਤਕ ਬਿਰਛਾਂ ਦੀਆਂ ਕਤਾਰਾਂ ਹਨ। ਇਨ੍ਹਾਂ ਵਿਚ ਬੈਂਤ ਦੇ ਬਿਰਛ ਹਰ ਬਸੰਤ ਰੁੱਤ ਵਿੱਚ ਤਾਜ਼ਾ ਅਤੇ ਹਰੇ ਭਰੇ ਹੋ ਜਾਂਦੇ ਹਨ ਅਤੇ ਇਨ੍ਹਾਂ ਦੀਆਂ ਪੱਤੀਆਂ ਦੇ ਹੇਠਲੇ ਸਿਰਿਆਂ ਦੇ ਵਿਚ ਸਿਆਲ ਦੇ ਹੜ੍ਹਾਂ ਦੇ ਕੱਖ-ਪੱਤੇ ਅੜੇ ਹੁੰਦੇ ਹਨ। ਇਨ੍ਹਾਂ ਵਿਚ ਮਿਸਰੀ ਅੰਜੀਰਾਂ ਦੇ ਬਿਰਛ ਵੀ ਹਨ ਜਿਨ੍ਹਾਂ ਦੀਆਂ ਚਿਤਕਬਰੀਆਂ, ਚਿੱਟੀਆਂ ਝੁਕੀਆਂ ਹੋਈਆਂ ਡਾਲਾਂ ਅਤੇ ਟਹਿਣੀਆਂ ਉਸ ਪਾਣੀ ਦੇ ਉਤੇ ਮਹਿਰਾਬ ਬਣਾਉਂਦੀਆਂ ਹਨ। ਇਨ੍ਹਾਂ ਬਿਰਛਾਂ ਦੇ ਹੇਠਾਂ ਰੇਤਲੇ ਕੰਢੇ ਦੇ ਉਤੇ ਸੁੱਕੀਆਂ ਪੱਤੀਆਂ ਦੀ ਇਕ ਮੋਟੀ ਪਰ ਭੁਰਭੁਰੀ ਤਹਿ ਬਣੀ ਰਹਿੰਦੀ ਹੈ ਅਤੇ ਜੇਕਰ ਉਨ੍ਹਾਂ ਉਤੇ ਕੋਈ ਕਿਰਲਾ ਵੀ ਦੌੜੇ, ਤਾਂ ਵੀ ਇਸ ਨਾਲ ਬੜੇ ਜ਼ੋਰ ਦੀ ਸਰਸਰਾਹਟ ਹੁੰਦੀ ਹੈ। ਤਰਕਾਲਾਂ ਵੇਲੇ ਸਹੇ ਝਾੜੀਆਂ ਵਿਚੋਂ ਨਿੱਕਲ ਕੇ ਰੇਤ ਉਤੇ ਆ ਬੈਠਦੇ ਹਨ। ਗਿੱਲੀਆਂ ਸਪਾਟ ਥਾਵਾਂ ਦੇ ਉਤੇ ਰਾਤ ਨੂੰ ਰੀਂਗਣ ਵਾਲੇ ਜੰਤੂਆਂ ਦੀਆਂ ਪੈੜਾਂ ਦੇ ਨਿਸ਼ਾਨ ਅਤੇ ਪਸ਼ੂ-ਵਾੜਿਆਂ ਤੋਂ ਆਏ ਕੁੱਤਿਆਂ ਦੇ ਫੈਲਵੇਂ ਗੱਦੀਦਾਰ ਪੰਜੇ ਲੱਗੇ ਹੁੰਦੇ ਹਨ। ਇਨ੍ਹਾਂ ਦੇ ਨਾਲ ਹੀ ਹਨੇਰੇ ਵੇਲੇ ਪਾਣੀ ਪੀਣ ਆਏ ਹਿਰਨਾਂ ਦੇ ਖੁਰਾਂ ਦੇ ਨਿਸ਼ਾਨ ਵੀ ਲੱਗੇ ਹੁੰਦੇ ਹਨ।

ਬੈਂਤ ਅਤੇ ਮਿਸਰੀ ਅੰਜੀਰਾਂ ਦੇ ਇਨ੍ਹਾਂ ਬਿਰਛਾਂ ਦੇ ਵਿਚ-ਵਿਚਾਲੇ ਇਕ ਰਸਤਾ ਵੀ ਬਣਿਆਂ ਹੋਇਆ ਹੈ, ਜਿਹੜਾ ਕਿ ਪਸ਼ੂ-ਵਾੜਿਆਂ ਤੋਂ ਇਸ ਡੂੰਘੇ ਪਾਣੀ ਵਿੱਚ ਤੈਰਨ ਲਈ ਆਏ ਮੁੰਡਿਆਂ ਦੇ ਪੈਰਾਂ ਨੇ ਬਣਾ ਦਿੱਤਾ ਹੈ। ਸ਼ਾਮ ਨੂੰ ਵੱਡੀ ਸੜਕ ਤੋਂ ਪੈਦਲ ਤੁਰਦੇ ਆਉਂਦੇ ਥੱਕੇ-ਟੁੱਟੇ ਸੈਲਾਨੀਆਂ ਦੇ ਪੈਰਾਂ ਨੇ ਵੀ ਇਸ ਰਸਤੇ ਨੂੰ ਕਾਫੀ ਪੀਡਾ ਕਰ ਦਿੱਤਾ ਹੈ, ਜਿਹੜੇ ਪਾਣੀ ਦੇ ਨੇੜੇ ਆ ਕੇ ਇਕੱਠੇ ਹੋ ਜਾਂਦੇ ਹਨ। ਇਕ ਦਾਨਵ-ਕੱਦ ਮਿਸਰੀ ਅੰਜੀਰ ਦੇ ਬਿਰਛ ਦੀ ਹੇਠਲੀ ਡਾਲ ਦੇ ਸਾਹਮਣੇ ਬਹੁਤ ਵਾਰ ਬਾਲੀਆਂ ਗਈਆਂ ਅੱਗਾਂ ਦੀ

ਸੁਆਹ ਦਾ ਇਕ ਢੇਰ ਪਿਆ ਹੈ। ਮਿਸਰੀ ਅੰਜੀਰ ਦੀ ਇਹ ਡਾਲ, ਇਸ ਉਤੇ ਬੈਠਦੇ ਲੋਕਾਂ ਕਾਰਣ, ਬਿਲਕੁਲ ਪੱਧਰੀ ਹੋ ਗਈ ਹੈ।

ਗਰਮੀਆਂ ਦੇ ਦਿਨਾਂ ਦੀ ਇਕ ਸ਼ਾਮ ਨੂੰ ਹਲੀ ਹੌਲੀ ਚਲਦੀ ਪੌਣ ਪੱਤਿਆਂ ਦੇ ਵਿਚੋਂ ਸਰਸਰਾਉਂਦੀ ਸੀ। ਪਰਛਾਵੇਂ ਪਹਾੜ ਦੇ ਉਤੇ ਟੀਸੀ ਵਲ ਨੂੰ ਚੜ੍ਹ ਗਏ ਸਨ। ਰੇਤਲੇ ਕੰਢਿਆਂ ਦੇ ਉਤੋ ਸਹੇ ਇੰਜ ਚੁੱਪਚਾਪ ਬੈਠੇ ਹੋਏ ਸਨ ਜਿਵੇਂ ਕਿ ਛੋਟੇ ਭੂਰੇ ਤਰਾਸ਼ੇ ਹੋਏ ਪੱਥਰ ਪਏ ਹੋਣ। ਉਸੇ ਵੇਲੇ ਵੱਡੀ ਸੜਕ ਵਲੋਂ ਮਿਸਰੀ ਅੰਜੀਰਾਂ ਦੀਆਂ ਸੁੱਕੀਆਂ ਭੁਰਭੁਰੀਆਂ ਪੱਤੀਆਂ ਉਤੇ ਕਿਸੇ ਦੇ ਪੈਰਾਂ ਦੀ ਆਵਾਜ਼ ਆਈ। ਸਹੇ ਲੁਕਣ ਲਈ ਫੁਰਤੀ ਨਾਲ ਪਰ ਚੁੱਪ ਚਾਪ ਭੱਜ ਪਏ। ਆਪਣੀਆਂ ਪਤਲੀਆਂ ਲੰਮੀਆਂ ਲੱਤਾਂ ਉਤੇ ਖੜੋਤਾ ਇਕ ਬਗਲਾ ਜ਼ੋਰ ਨਾਲ ਹਵਾ ਵਿਚ ਉੱਡਿਆ ਅਤੇ ਫਿਰ ਦਰਿਆ ਵਿਚ ਵੜ ਗਿਆ। ਇਕ ਛਿਣ ਉਹ ਥਾਂ ਨਿਰਜਿੰਦ ਜਿਹੀ ਬਣ ਗਈ ਅਤੇ ਫਿਰ ਦੋ ਆਦਮੀ ਉਸ ਰਾਹ ਵਿਚੋਂ ਨਿਕਲੇ ਅਤੇ ਹਰੇ ਤੇ ਡੂੰਘੇ ਪਾਣੀ ਦੇ ਕੋਲ ਖੁਲ੍ਹੀ ਥਾਂ ਵਿਚ ਆ ਗਏ। ਉਹ ਉਸ ਰਸਤੇ ਤੇ ਇਕ ਦੂਜੇ ਦੇ ਮਗਰ ਤੁਰਦੇ ਆਉਂਦੇ ਸਨ ਅਤੇ ਖੁੱਲੀ ਥਾਂ ਤੇ ਪਹੁੰਚ ਕੇ ਵੀ ਇਕ ਵਿਅਕਤੀ ਦੂਜੇ ਦੇ ਮਗਰ ਹੀ ਰਿਹਾ। ਉਨ੍ਹਾਂ ਦੋਹਾਂ ਨੇ ਰੰਗਦਾਰ ਟਵਿਲ ਦੀਆਂ ਪੈਂਟਾਂ ਅਤੇ ਪਿੱਤਲ ਦੇ ਬਟਨਾਂ ਵਾਲੇ ਰੰਗਦਾਰ ਟਵਿਲ ਦੇ ਕੋਟ ਪਾਏ ਹੋਏ ਸਨ। ਉਨ੍ਹਾਂ ਦੋਹਾਂ ਨੇ ਕਾਲੇ ਰੰਗ ਦੇ ਮੁੜੇ ਤੁੜੇ ਟੋਪ ਲਏ ਹੋਏ ਸਨ ਅਤੇ ਦੋਹਾਂ ਨੇ ਹੀ ਆਪਣੇ ਮੋਢਿਆਂ ਤੇ ਕੱਸ ਕੇ ਵਲ੍ਹੇਟੇ ਹੋਏ ਕੰਬਲ ਲਟਕਾਏ ਹੋਏ ਸਨ। ਅਗਲਾ ਆਦਮੀ ਕੱਦ ਵਿਚ ਛੋਟਾ ਪਰ ਫੁਰਤੀਲਾ ਸੀ। ਉਸ ਦਾ ਚਿਹਰਾ ਕਾਲਾ, ਅੱਖਾਂ ਚੰਚਲ ਅਤੇ ਮੁਹਾਂਦਰਾ ਤਿੱਖਾ ਪਰ ਪੀਡਾ ਸੀ। ਉਸ ਦਾ ਹਰ ਇਕ ਅੰਗ ਸਾਂਚੇ ਵਿਚ ਢਲਿਆ ਹੋਇਆ ਲੱਗਦਾ ਸੀ। ਨਿੱਕੇ ਨਿੱਕੇ ਮਜ਼ਬੂਤ ਹੱਥ, ਪਤਲੀਆਂ ਬਾਹਾਂ ਅਤੇ ਤਿੱਖੀ ਹੱਡਲ ਨੱਕ। ਉਸ ਦੇ ਮਗਰ ਆਉਣ ਵਾਲਾ ਵਿਅਕਤੀ ਐਨ ਉਸ ਦੇ ਉਲਟ ਸੀ--ਭਾਰੀ ਡੀਲ ਡੋਲ ਵਾਲਾ ਆਦਮੀ, ਉਸ ਦਾ ਚਿਹਰਾ ਖ਼ਰਵਾ ਸੀ। ਵੱਡੀਆਂ ਵੱਡੀਆਂ ਪੀਲੀਆਂ ਅੱਖਾਂ ਅਤੇ ਚੌੜੇ ਪਰ ਝੁਕਵੇਂ ਮੋਢੇ। ਉਹ ਪੈਰਾਂ ਨੂੰ ਰਤਾ ਕੁ ਘਸੀਟ ਕੇ ਅੱਖ਼ ਨਾਲ ਚਲਦਾ ਸੀ, ਜਿਵੇਂ ਕਿ ਰਿੱਛ ਆਪਣੇ ਪੰਜਿਆਂ ਨੂੰ ਘਸੀਟਦਾ ਹੈ। ਚੱਲਣ ਸਮੇਂ ਉਸ ਦੀਆਂ ਬਾਹਾਂ ਅੱਗੇ, ਪਿੱਛੇ ਨਹੀਂ ਹਿਲਦੀਆਂ ਸਨ, ਸਗੋਂ ਉਹ ਢਿੱਲੀਆਂ ਬੇਜਾਨ ਜਿਹੀਆਂ ਲਟਕ ਰਹੀਆਂ ਸਨ ਅਤੇ ਜੇ ਹਿਲਦੀਆਂ ਸਨ ਤਾਂ ਪੈਂਡੂਲਮ-ਨੁਮਾ ਹੱਥਾਂ ਕਰਕੇ।

ਪਹਿਲਾ ਆਦਮੀ ਖੁੱਲ੍ਹੀ ਥਾਂ ਤੇ ਪਹੁੰਚ ਕੇ ਅਚਾਨਕ ਰੁਕ ਗਿਆ ਅਤੇ ਮਗਰ ਆਉਣ ਵਾਲਾ ਵਿਅਕਤੀ ਲਗਭਗ ਉਸ ਨਾਲ ਟਕਰਾ ਹੀ ਗਿਆ। ਉਸ ਨੇ ਆਪਣਾ ਟੋਪ ਲਾਹਿਆ, ਆਪਣੀ ਪਹਿਲੀ ਉਂਗਲ ਨਾਲ ਮੁੜ੍ਹਕਾ ਪੂੰਝਿਆ ਅਤੇ ਹੱਥ ਦੇ ਝਟਕੇ ਨਾਲ

ਮੁੜ੍ਹਕੇ ਦੀਆਂ ਬੂੰਦਾਂ ਨੂੰ ਹੇਠਾਂ ਸੁੱਟ ਦਿੱਤਾ। ਉਹ ਪੁੱਠਾ ਲੇਟ ਕੇ ਹਰੇ ਪਾਣੀ ਦੀ ਸਤ੍ਹਾ ਨਾਲ ਮੂੰਹ ਲਗਾ ਕੇ ਪਾਣੀ ਪੀਣ ਲੱਗ ਪਿਆ। ਉਸ ਨੇ ਪਾਣੀ ਦੇ ਵਿਚ ਮੂੰਹ ਪਾਈ, ਇਕ ਘੋੜੇ ਵਾਂਗ ਨੱਕ ਨਾਲ ਫ਼ਰਾਟੇ ਮਾਰਦੇ ਹੋਏ, ਪਾਣੀ ਦੇ ਵੱਡੇ ਵੱਡੇ ਘੁੱਟ ਭਰੇ। ਮਧਰਾ ਆਦਮੀ ਘਬਰਾਇਆ ਹੋਇਆ ਉਸ ਵੱਲ ਵਧਿਆ।

"ਲੈਨੀ”। ਉਸ ਨੇ ਤੇਜ਼ੀ ਨਾਲ ਕਿਹਾ। "ਲੈਨੀ, ਵਾਸਤਾ ਰੱਬ ਦਾ, ਐਨਾ ਪਾਣੀ ਨਾ ਪੀ।" ਪਰ ਲੈਨੀ ਪਾਣੀ ਦੇ ਵਿਚ ਨੱਕ ਨਾਲ ਫ਼ਰਾਟੇ ਮਾਰਦਾ ਹੀ ਰਿਹਾ। ਛੋਟਾ ਆਦਮੀ ਉਸ ਉਤੇ ਝੁਕਿਆ ਅਤੇ ਉਸ ਦਾ ਮੋਢਾ ਫੜ ਕੇ ਉਸ ਨੂੰ ਝੰਜੋੜਿਆ। “ਲੈਨੀ, ਤੂੰ ਕੱਲ੍ਹ ਰਾਤ ਵਾਂਗ ਫਿਰ ਬਿਮਾਰ ਹੋ ਜਾਵੇਂਗਾ।”

ਲੈਨੀ ਨੇ ਟੋਪ ਆਦਿ ਸਣੇ ਆਪਣਾ ਸਮੁੱਚਾ ਸਿਰ ਪਾਣੀ ਵਿਚ ਡੋਬ ਦਿੱਤਾ ਅਤੇ ਫਿਰ ਆ ਕੇ ਕੰਢੇ ਉਤੇ ਬੈਠ ਗਿਆ। ਪਾਣੀ ਉਸ ਦੇ ਟੋਪ ਵਿਚੋਂ ਵਗ ਵਗ ਕੇ, ਉਸ ਦੇ ਨੀਲੇ ਕੋਟ ਉਤੇ 'ਡਿੱਗ ਕੇ ਉਸ ਦੀ ਪਿੱਠ ਤੋਂ ਹੇਠਾਂ ਟਿਪ ਟਿਪ ਕਰਦਾ ਰਿਹਾ। “ਇਹ ਕਿਹਾ ਚੰਗਾ ਲਗਦਾ ਹੈ" ਉਹ ਬੋਲਿਆ “ਜਾਰਜ, ਤੂੰ ਵੀ ਥੋੜਾ ਪਾਣੀ ਪੀ ਲੈ। ਤੂੰ ਚੰਗੀ ਤਰ੍ਹਾਂ ਰੱਜ ਕੇ ਪੀ ਲੈ" ਉਹ ਖੁਸ਼ੀ ਨਾਲ ਮੁਸਕਰਾਇਆ।

ਜਾਰਜ ਨੇ ਵੀ ਆਪਣੀ ਗਠੜੀ ਮੋਢੇ ਤੋਂ ਉਤਾਰੀ ਅਤੇ ਹੋਲੇ ਜਿਹੇ ਕੰਢੇ ਉਤੇ ਰੱਖ ਦਿੱਤੀ। "ਮੈਨੂੰ ਵਿਸ਼ਵਾਸ਼ ਨਹੀਂ ਕਿ ਇਹ ਚੰਗਾ ਪਾਣੀ ਹੈ” ਉਹ ਬੋਲਿਆ। “ਗੰਦਾ ਪਾਣੀ ਲੱਗਦਾ ਹੈ।"

ਲੈਨੀ ਨੇ ਆਪਣਾ ਵੱਡਾ ਸਾਰਾ ਪੰਜਾ ਪਾਣੀ ਵਿਚ ਡੋਬਿਆ ਅਤੇ ਆਪਣੀਆਂ ਉਂਗਲੀਆਂ ਨੂੰ ਤੇਜ਼ੀ ਨਾਲ ਹਿਲਾਉਣ ਲੱਗ ਪਿਆ, ਜਿਸ ਨਾਲ ਪਾਣੀ ਦੇ ਛਿੱਟੇ ਉੱਡਣ ਲੱਗੇ। ਪਾਣੀ ਵਿੱਚ ਗੋਲ ਲਹਿਰਾਂ ਉੱਠਦੀਆਂ ਅਤੇ ਵੱਡੀਆਂ ਹੋ ਹੋ ਕੇ ਪਾਣੀ ਦੇ ਦੂਜੇ ਕਿਨਾਰੇ ਵਲ ਜਾ ਕੇ ਫਿਰ ਵਾਪਸ ਮੁੜਦੀਆਂ। ਲੈਨੀ ਲਹਿਰਾਂ ਨੂੰ ਨੀਝ ਨਾਲ ਵੇਖਦਾ ਰਿਹਾ। "ਵੇਖ ਜਾਰਜ: ਵੇਖ ਮੈਂ ਜੋ ਕੁਝ ਕੀਤਾ ਹੈ।"

ਜਾਰਜ ਪਾਣੀ ਦੇ ਕੰਢੇ ਉਤੇ ਝੁਕ ਕੇ ਬੈਠ ਗਿਆ ਅਤੇ ਆਪਣੀਆਂ ਬੁੱਕਾਂ ਨਾਲ ਛੇਤੀ ਛੇਤੀ ਪਾਣੀ ਪੀਣ ਲੱਗ ਪਿਆ। “ਲੱਗਦਾ ਤਾਂ ਚੰਗਾ ਹੈ” ਉਸ ਨੇ ਹੁੰਗਾਰਾ ਭਰਿਆ। "ਭਾਵੇਂ ਇਹ ਪਾਣੀ ਵਗਦਾ ਹੋਇਆ ਤਾਂ ਨਹੀਂ ਲੱਗਦਾ। ਜਦੋਂ ਪਾਣੀ ਵਗਦਾ ਨਾ ਹੋਵੇ, ਅਜਿਹਾ ਪਾਣੀ ਕਦੇ ਵੀ ਪੀਣਾ ਨਹੀਂ ਚਾਹੀਦਾ ਲੈਨੀ"। "ਤੈਨੂੰ ਜੇਕਰ ਪਿਆਸ ਲੱਗੇ, ਤੂੰ ਤਾਂ

ਨਾਲੀ ਵਿਚੋਂ ਵੀ ਪਾਣੀ ਪੀ ਲਵੇਂਗਾ।" ਉਸ ਨੇ ਨਿਰਾਸ਼ ਜਿਹਾ ਹੋ ਕੇ ਕਿਹਾ। ਫਿਰ ਉਸ ਨੇ ਇਕ ਬੁੱਕ ਭਰ ਕੇ ਪਾਣੀ ਦੇ ਛਿੱਟੇ ਆਪਣੇ ਮੂੰਹ ਉੱਤੇ ਮਾਰੇ ਅਤੇ ਚਿਹਰੇ ਨੂੰ, ਠੋਡੀ ਦੇ ਹੇਠਲੇ ਹਿੱਸੇ ਨੂੰ ਤੇ ਆਪਣੀ ਗਰਦਨ ਦੇ ਪਿਛਲੇ ਹਿੱਸੇ ਦੁਆਲੇ ਹੱਥਾਂ ਨਾਲ ਮਲਿਆ। ਉਸ ਨੇ ਆਪਣਾ ਟੋਪ ਮੁੜ ਆਪਣੇ ਸਿਰ ਉੱਤੇ ਰੱਖ ਲਿਆ। ਦਰਿਆ ਤੋਂ ਪਿਛਾਂਹ ਹਟ ਗਿਆ ਅਤੇ ਆਪਣੇ ਗੋਡਿਆਂ ਨੂੰ ਮੋੜ ਕੇ ਆਪਣੀਆਂ ਬਾਹਾਂ ਨਾਲ ਘੁੱਟ ਲਿਆ। ਲੈਨੀ ਨੇ, ਜਿਹੜਾ ਕਿ ਬੜੇ ਧਿਆਨ ਨਾਲ ਇਹ ਸਭ ਕੁਝ ਵੇਖ ਰਿਹਾ ਸੀ, ਐਨ ਉਸੇ ਤਰ੍ਹਾਂ ਜਾਰਜ ਦੀ ਨਕਲ ਕੀਤੀ। ਉਹ ਵੀ ਪਿੱਛੇ ਹਟਿਆ, ਉਸ ਨੇ ਵੀ ਗੋਡੇ ਮੋੜੇ ਅਤੇ ਉਨ੍ਹਾਂ ਨੂੰ ਆਪਣੀਆਂ ਦੋਹਾਂ ਬਾਹਾਂ ਨਾਲ ਘੁੱਟ ਲਿਆ। ਫਿਰ ਉਸ ਨੇ ਜਾਰਜ ਵੱਲ ਇਹ ਜਾਣਨ ਲਈ ਵੇਖਿਆ ਕਿ ਕੀ ਉਸ ਨੇ ਇਹ ਕੰਮ ਪੂਰੀ ਤਰ੍ਹਾਂ ਠੀਕ ਕੀਤਾ ਹੈ ਜਾਂ ਨਹੀਂ। ਉਸ ਨੇ ਆਪਣੇ ਟੱਪ ਨੂੰ ਵੀ ਅੱਖਾਂ ਉਤੇ ਉਸੇ ਤਰ੍ਹਾਂ ਹੀ ਰਤਾ ਕੁ ਹੋਰ ਹੇਠਾਂ ਕਰ ਲਿਆ ਜਿਵੇਂ ਕਿ ਜਾਰਜ ਨੇ ਆਪਣੇ ਟੋਪ ਨੂੰ ਕੀਤਾ ਸੀ।

ਜਾਰਜ ਉਦਾਸ-ਚਿੱਤ ਟਿਕਟਿਕੀ ਲਾ ਕੇ ਪਾਣੀ ਵੱਲ ਵੇਖਦਾ ਰਿਹਾ, ਉਸ ਦੀਆਂ ਅੱਖਾਂ ਦੇ ਕੋਏ ਸੂਰਜ ਦੀ ਲਿਸ਼ਕ ਕਾਰਣ ਲਾਲ ਹੋ ਗਏ ਸਨ। ਉਸ ਨੇ ਗੁੱਸੇ ਵਿਚ ਕਿਹਾ "ਜੇਕਰ ਉਹ ਹਰਾਮੀ ਬੱਸ-ਡਰਾਈਵਰ ਇੰਜ ਬਦਮਾਸ਼ੀ ਨਾ ਕਰਦਾ ਤਾਂ ਅਸੀਂ ਆਸਾਨੀ ਨਾਲ ਪਸ਼ੂ-ਵਾੜੇ ਦੇ ਨੇੜੇ ਵੀ ਉੱਤਰ ਸਕਦੇ ਸੀ। "ਬਸ ਵੱਡੀ ਸੜਕ ਤੋਂ ਰੱਤਾ 'ਕੁ ਹੀ ਦੂਰ ਹੈ" ਉਹ ਕਹਿੰਦਾ ਸੀ। "ਬਸ ਰਤਾ 'ਕੁ ਦੂਰ।" ਰੱਬ ਦੀ ਮਾਰ ਪਵੇ, ਇਹ ਤਾਂ ਲਗਭਗ ਚਾਰ ਮੀਲ ਦੂਰ ਹੋਵੇਗਾ, ਚਾਰ ਮੀਲ।

ਉਹ ਤਾਂ ਉਸ ਪਸ਼ੂ-ਵਾੜੇ ਦੇ ਗੇਟ ਉੱਤੇ ਰੁਕਣਾ ਹੀ ਨਹੀਂ ਸੀ ਚਾਹੁੰਦਾ। ਇਹੋ ਗੱਲ ਸੀ। ਇਤਨਾ ਆਲਸੀ ਸੀ, ਰੱਬ ਹੀ ਉਸ ਤੱਕ ਬਹੁੜੇ। ਸੋਲੇਦਾਦ ਦੇ ਕੋਲ ਠਹਿਰ ਕੇ ਹੀ ਉਸ ਨੇ ਸਾਡੇ ਉੱਤੇ ਵੱਡਾ ਅਹਿਸਾਨ ਕੀਤਾ। ਹਰਾਮੀ, ਬੱਸ ਵਿਚੋਂ ਸਾਨੂੰ ਉਤਾਰ ਕੇ ਕਹਿੰਦਾ ਹੈ, "ਬਸ, ਰਤਾ ਕੁ ਦੂਰ ਹੈ, ਸੜਕ ਤੋਂ ਹੇਠਾਂ।" ਮੈਂ ਸ਼ਰਤ ਲਾਉਂਦਾ ਹਾਂ, ਇਹ ਤਾਂ ਚਾਰ ਮੀਲ ਤੋਂ ਵੀ ਵੱਧ ਹੋਵੇਗਾ। ਉਹ, ਕਿੰਨੀ ਗਰਮੀ ਹੈ।

ਲੈਨੀ ਸਹਿਮਿਆ ਹੋਇਆ ਉਸ ਵੱਲ ਵੇਖ ਕੇ ਬੋਲਿਆ, "ਜਾਰਜ" ?

"ਹਾਂ, ਕੀ ਚਾਹੁੰਦਾ ਹੈ ?"

"ਅਸੀਂ ਕਿੱਥੇ ਜਾ ਰਹੇ ਹਾਂ, ਜਾਰਜ ?"

ਨਿੱਕੇ ਆਦਮੀ ਨੇ ਝਟਕੇ ਨਾਲ ਆਪਣੇ ਟੋਪ ਦਾ ਕਿਨਾਰਾ ਹੇਠਾਂ ਕੀਤਾ ਅਤੇ ਲੈਨੀ ਉੱਤੇ ਟੁਟ ਪਿਆ। "ਚੰਗਾ, ਕੀ ਤੂੰ ਹੁਣੇ ਹੀ ਭੁੱਲ ਗਿਆ ?" ਕੀ ਹੁਣ ਤੈਨੂੰ ਮੈਂ ਹੀ ਮੁੜ ਦੱਸਾਂ ? "ਈਸਾ ਦੀ ਸਹੁੰ, ਤੂੰ ਤਾਂ ਇਕ ਖ਼ਬਤੀ ਹਰਾਮਖੋਰ ਹੈਂ।"

"ਮੈਂ ਭੁੱਲ ਗਿਆ ਸੀ" ਲੈਨੀ ਨੇ ਹੌਲੇ ਜਿਹੇ ਕਿਹਾ। "ਮੈਂ ਬਹੁਤ ਕੋਸ਼ਿਸ਼ ਕੀਤੀ ਸੀ ਕਿ ਨਾਂ ਭੁੱਲਾਂ। ਰੱਬ ਦੀ ਸਹੁੰ, ਜਾਰਜ, ਮੈਂ ਬਹੁਤ ਕੋਸ਼ਿਸ਼ ਕੀਤੀ ਸੀ।"

"ਚੰਗਾ ਚੰਗਾ, ਮੈਂ ਤੈਨੂੰ ਦੁਬਾਰਾ ਦੱਸ ਦਿਆਂਗਾ। ਮੈਨੂੰ ਕੋਈ ਹੋਰ ਕੰਮ ਤਾਂ ਹੈ ਹੀ ਨਹੀਂ। ਬਸ, ਹਰ ਵੇਲੇ ਮੈਂ ਤੈਨੂੰ ਗੱਲਾਂ ਦੱਸਦਾ ਰਹਾਂ ਅਤੇ ਆਪਣਾ ਸਾਰਾ ਸਮਾਂ ਖ਼ਰਚ ਕਰਾਂ ਅਤੇ ਤੂੰ ਫਿਰ ਭੁੱਲ ਜਾਵੇਂ ਅਤੇ ਮੈਂ ਤੈਨੂੰ ਫਿਰ ਦੱਸਾਂ।"

"ਮੈਂ ਬਾਰ ਬਾਰ ਕੋਸ਼ਿਸ਼ ਕੀਤੀ" ਲੈਨੀ ਨੇ ਕਿਹਾ, "ਪਰ ਇਸ ਨਾਲ ਕੋਈ ਵੀ ਲਾਭ ਨਾ ਹੋਇਆ। ਸਹਿਆਂ ਬਾਰੇ ਤਾਂ ਮੈਨੂੰ ਯਾਦ ਰਹਿੰਦਾ ਹੈ, ਜਾਰਜ।"

"ਭੱਠੀ ਵਿਚ ਜਾਣ ਇਹ ਸਹੇ। ਤੈਨੂੰ ਤਾਂ ਜੇਕਰ ਕੁਝ ਯਾਦ ਰਹਿ ਸਕਦਾ ਹੈ, ਤਾਂ ਉਹ ਕੇਵਲ ਸਹੇ ਹੀ ਹਨ। ਚੰਗਾ। ਹੁਣ ਤੂੰ ਧਿਆਨ ਨਾਲ ਸੁਣ ਲੈ ਅਤੇ ਇਸ ਵਾਰੀ ਤੈਨੂੰ ਯਾਦ ਰੱਖਣਾ ਪਵੇਗਾ। ਤਾਂ ਜੋ ਫਿਰ ਸਾਨੂੰ ਔਕੜ ਵਿਚ ਨਾ ਫਸਣਾ ਪਵੇ। ਤੈਨੂੰ ਹਾਵਰਡ ਸਟ੍ਰੀਟ ਵਿਚ ਨਾਲੇ ਵਿਚ ਉੱਤਰ ਕੇ ਉਸ ਬਲੈਕ ਬੋਰਡ ਨੂੰ ਵੇਖਣ ਦੀ ਯਾਦ ਹੈ ?"

ਲੈਨੀ ਦੇ ਚਿਹਰੇ ਉਤੇ ਖੁਸ਼ੀ ਨਾਲ ਮੁਸਕਰਾਹਟ ਖਿੜ ਪਈ। 'ਹਾਂ, ਹਾਂ, ਜਾਰਜ, ਮੈਨੂੰ ਉਹ ਪੱਕੀ ਤਰ੍ਹਾਂ ਯਾਦ ਹੈ ... ......ਪਰ.........ਉਸ ਤੋਂ ਬਾਅਦ ਅਸੀਂ ਕੀ ਕੀਤਾ ਸੀ? ਮੈਨੂੰ ਯਾਦ ਆਉਂਦਾ ਹੈ ਕਿ ਕੁਝ ਕੁੜੀਆਂ ਉਥੇ ਆਈਆਂ ਸਨ ਅਤੇ ਤੂੰ ਕਿਹਾ ਸੀ ...... ...ਤੂੰ ਕਿਹਾ ਸੀ .."।

"ਜੋ ਕੁਝ ਮੈਂ ਕਿਹਾ ਸੀ। ਉਸ ਤੇ ਸੁਆਹ ਪਾ। ਕੀ ਤੈਨੂੰ ਯਾਦ ਹੈ ਕਿ ਅਸੀਂ ਮੱਰੇ ਅਤੇ ਰੈੱਡੀ ਦੇ ਸਾਂ ਅਤੇ ਉਨ੍ਹਾਂ ਨੇ ਸਾਨੂੰ ਵਰਕ ਕਾਰਡ ਅਤੇ ਬੱਸ ਦੀਆਂ ਟਿਕਟਾਂ ਦਿੱਤੀਆਂ ਸਨ।"

"ਹਾਂ, ਜਾਰਜ, ਹਾਂ, ਬਿਲਕੁਲ। ਮੈਨੂੰ ਹੁਣ ਯਾਦ ਆ ਗਈ ਹੈ।" ਉਸ ਨੇ ਕਾਹਲੀ ਨਾਲ ਹੱਥ ਆਪਣੇ ਕੋਟ ਦੀਆਂ ਪਾਸਿਆਂ ਵੱਲ ਦੀਆਂ ਜੇਬਾਂ ਵਿਚ ਪਾਏ। ਫਿਰ ਉਸ ਨੇ ਹੌਲੀ ਜਿਹੀ ਕਿਹਾ, "ਜਾਰਜ..... ਮੇਰਾ ਕਾਰਡ ਤਾਂ ਹੈ ਹੀ ਨਹੀਂ। ਇਹ ਜ਼ਰੂਰ ਗੁਆਚ ਗਿਆ ਹੋਵੇਗਾ" ਉਹ ਮਾਯੂਸ ਹੋ ਕੇ ਜ਼ਮੀਨ ਵੱਲ ਤੱਕਣ ਲੱਗ ਪਿਆ।

"ਤੇਰੇ ਕੋਲ ਉਹ ਕਾਰਡ ਤਾਂ ਹੈ ਹੀ ਨਹੀਂ ਸੀ, ਸਨਕੀ ਹਰਾਮੀ ਕਿਸੇ ਥਾਂ ਦਾ। ਆਹ ਵੇਖ ਉਹ ਦੋਵੇਂ ਹੀ ਕਾਰਡ ਮੇਰੇ ਕੋਲ ਹਨ। ਜ਼ਰਾ ਸੋਚ, ਕੀ ਮੈਂ ਤੇਰਾ ਵਰਕ ਕਾਰਡ ਤੈਨੂੰ ਦੇ ਦਿੰਦਾ ?"

ਲੈਨੀ ਨੇ ਸੁਖ ਦਾ ਸਾਹ ਲਿਆ। "ਮੈਂ..... ਮੈਂ ਸੋਚਿਆ ਸ਼ਾਇਦ ਮੈਂ ਉਹ ਕਾਰਡ ਆਪਣੀ ਪਾਸੇ ਵਾਲੀ ਜੇਬ ਵਿਚ ਰੱਖ ਲਿਆ ਸੀ।" ਉਸ ਨੇ ਇਕ ਵਾਰ ਫਿਰ ਆਪਣਾ ਹੱਥ ਜੇਬ ਵਿਚ ਮਾਰਿਆ।

ਜਾਰਜ ਨੇ ਕੌੜੀ ਨਜ਼ਰ ਨਾਲ ਉਸ ਵੱਲ ਵੇਖਿਆ। "ਕੀ ਚੀਜ਼ ਹੈ ਤੇਰੀ ਉਸ ਜੇਬ ਦੇ ਵਿਚ?"

"ਮੇਰੀ ਜੇਬ ਵਿਚ ਤਾਂ ਕੁਝ ਵੀ ਨਹੀਂ ਹੈ" ਲੈਨੀ ਨੇ ਚੁਸਤੀ ਨਾਲ ਕਿਹਾ।

"ਮੈਂ ਜਾਣਦਾ ਹਾਂ, ਜੇਬ ਵਿਚ ਕੁਝ ਵੀ ਨਹੀਂ ਹੈ। ਤੂੰ ਆਪਣੇ ਹੱਥ ਵਿਚ ਕੁਝ ਫੜਿਆ ਸੀ। ਬੋਲ, ਤੇਰੇ ਹੱਥ ਵਿਚ ਕੀ ਚੀਜ਼ ਫੜੀ ਸੀ। ਲੁਕਾਉਂਦਾ ਕਿਉਂ ਹੈਂ।"

"ਮੇਰੇ ਕੋਲ ਕੁਝ ਵੀ ਨਹੀਂ, ਜਾਰਜ, ਈਮਾਨ ਨਾਲ।"

"ਚੱਲ, ਛੇਤੀ ਕਰ, ਦੇ ਦੇ ਹੁਣੇ ਹੀ।"

ਲੈਨੀ ਨੇ ਮੁੱਠੀ ਬੰਦ ਕੀਤਾ ਹੋਇਆ ਆਪਣਾ ਹੱਥ ਜਾਰਜ ਤੋਂ ਪਰੇ ਕਰ ਲਿਆ। "ਇਹ ਤਾਂ ਬੱਸ ਇਕ ਚੂਹਾ ਹੈ, ਜਾਰਜ।"

"ਚੂਹਾ ? ਇਕ ਜੀਉਂਦਾ ਚੂਹਾ ?"

“ਨਹੀਂ ਨਹੀਂ ਇਹ ਤਾਂ ਮਰਿਆ ਹੋਇਆ ਚੂਹਾ ਹੀ ਹੈ, ਜਾਰਜ। ਸੌਂਹ ਨਾਲ, ਮੈਂ ਇਸ ਨੂੰ ਨਹੀਂ ਮਾਰਿਆ। ਮੈਨੂੰ ਤਾਂ ਇਹ ਲੱਭਾ ਸੀ। ਮੈਨੂੰ ਮਰਿਆ ਹੋਇਆ ਹੀ ਲੱਭਿਆ ਸੀ।”

"ਦੇ ਦੇ ਇਧਰ” ਜਾਰਜ ਨੇ ਕਿਹਾ।

"ਜਾਰਜ਼, ਇਹ ਮੇਰੇ ਕੋਲ ਹੀ ਰਹਿਣ ਦਿਉ।”

"ਦੇ ਖਾਂ ਇਧਰ”

ਲੈਨੀ ਦੀ ਬੰਦ ਕੀਤੀ ਹੋਈ ਮੁੱਠੀ ਹੌਲੀ ਹੌਲੀ ਜਾਰਜ ਵੱਲ ਵਧੀ। ਜਾਰਜ ਨੇ ਚੂਹਾ ਫੜਿਆ ਅਤੇ ਦਰਿਆ ਦੇ ਉਸ ਪਾਰ ਝਾਫੇ ਵਿਚ ਵਗਾਹ ਮਾਰਿਆ। “ਆਖ਼ਿਰ, ਇਕ ਮੋਏ ਹੋਏ ਚੂਹੇ ਤੋਂ ਤੂੰ ਕੀ ਭਾਲਦਾ ਸੈਂ ?”

“ਰਾਹ ਵਿਚ ਚਲਦੇ ਚਲਦੇ ਮੈਂ ਆਪਣੇ ਅੰਗੂਠੇ ਨਾਲ ਉਸ ਨੂੰ ਪਲੋਸਦਾ ਰਹਿੰਦਾ” ਲੈਨੀ ਨੇ ਕਿਹਾ।

"ਵੇਖ, ਤੂੰ ਮੇਰੇ ਨਾਲ ਚਲਦਾ ਹੋਇਆ ਕਿਸੇ ਚੂਹੇ ਨੂੰ ਨਹੀਂ ਪਲੋਸ ਸਕਦਾ। ਤੈਨੂੰ ਯਾਦ ਹੈ ਕਿ ਅਸੀਂ ਹੁਣ ਕਿੱਥੇ ਜਾ ਰਹੇ ਹਾਂ ?”

ਲੈਨੀ ਇਕ ਦਮ ਘਬਰਾ ਗਿਆ ਅਤੇ ਪਰੇਸ਼ਾਨੀ ਵਿਚ ਉਸ ਨੇ ਆਪਣਾ ਚਿਹਰਾ ਆਪਣੇ ਗੋਡਿਆਂ ਵਿਚ ਲੁਕੋ ਲਿਆ। “ਮੈਂ ਤਾਂ ਫਿਰ ਭੁੱਲ ਗਿਆ ਹਾਂ।”

"ਮੇਰੇ ਖੁਦਾ" ਜਾਰਜ ਨੇ ਆਪਣੀ ਹਾਰ ਮੰਨਦਿਆਂ ਕਿਹਾ। "ਚੰਗਾ-ਵੇਖ, ਅਸੀਂ ਇਕ ਉਹੋ ਜਿਹੇ ਪਸ਼ੂ-ਵਾੜੇ ਵਿਚ ਹੀ ਕੰਮ ਕਰਨ ਲਈ ਜਾ ਰਹੇ ਹਾਂ, ਜਿਸ ਤਰ੍ਹਾਂ ਦੇ ਵਾੜੇ ਵਿਚ ਅਸੀਂ ਉੱਤਰ ਵਿਚ ਕੰਮ ਕਰਦੇ ਸਾਂ।”

"ਉੱਤਰ ਵਿਚ ?”

"ਹਾਂ, ਵੀਡ ਵਿਚ।”

“ਬਿਲਕੁਲ ਠੀਕ, ਮੈਨੂੰ ਯਾਦ ਆ ਗਿਆ। ਵੀਡ ਵਿਚ।”

“ਜਿਸ ਪਸ਼ੂ-ਵਾੜੇ ਵਿਚ ਅਸੀਂ ਹੁਣ ਜਾ ਰਹੇ ਹਾਂ, ਉਹ ਲਗਭਗ ਇਕ ਚੌਥਾਈ ਮੀਲ ਅੱਗੇ ਹੈ। ਅਸੀਂ ਹੁਣੇ ਉੱਥੇ ਜਾ ਕੇ ਮਾਲਿਕ ਨੂੰ ਮਿਲਣਾ ਹੈ। ਵੇਖ, ਮੈਂ ਹੀ ਉਸ ਨੂੰ ਆਪਣੇ ਵਰਕ-ਟਿਕਟ ਦੇਵਾਂਗਾ। ਤੂੰ ਉੱਕਾ ਹੀ ਨਾ ਬੋਲੀਂ। ਤੂੰ ਕੇਵਲ ਉਥੇ ਖੜ੍ਹਾ ਰਹੀਂ ਅਤੇ ਇਕ ਸ਼ਬਦ ਵੀ ਮੂੰਹੋਂ ਨਾ ਕੱਢੀ। ਜੇਕਰ ਉਸ ਨੂੰ ਮਾਲੂਮ ਹੋਇਆ ਕਿ ਤੂੰ ਕਿਹੋ ਜਿਹਾ ਸਨਕੀ ਪਾਗਲ ਹੈਂ, ਤਾਂ ਸਾਨੂੰ ਕੋਈ ਕੰਮ ਨਹੀਂ ਮਿਲੇਗਾ। ਪਰ ਜੇਕਰ ਤੇਰੀਆਂ ਗੱਲਾਂ ਸੁਣਨ ਤੋਂ ਪਹਿਲਾਂ, ਉਹ ਤੇਰਾ ਕੰਮ ਵੇਖ ਲਵੇਗਾ, ਤਾਂ ਫਿਰ ਗੱਲ ਬਣ ਜਾਏਗੀ। ਤੈਨੂੰ ਸਮਝ ਆ ਗਈ ਹੈ ?”

“ਸਮਝ ਗਿਆ ਹਾਂ, ਜਾਰਜ, ਬਿਲਕੁਲ ਸਮਝ ਗਿਆ ਹਾਂ।”

“ਚੰਗਾ ਫੇਰ ਤੂੰ ਦੱਸ, ਜਦੋਂ ਅਸੀਂ ਮਾਲਿਕ ਨੂੰ ਮਿਲਣ ਜਾਵਾਂਗੇ, ਤਾਂ ਤੂੰ ਕੀ ਕਰੇਂਗਾ ?”

“ਮੈਂ ... ...ਮੈਂ ... ...” ਲੈਨੀ ਸੋਚਣ ਲੱਗ ਪਿਆ। ਚਿੰਤਾ ਕਾਰਣ ਉਸ ਦਾ ਚਿਹਰਾ ਉਤਰ ਗਿਆ। “ਮੈਂ ......ਉਥੇ ਕੁਝ ਵੀ ਨਹੀਂ ਬੋਲਾਂਗਾ। ਮੈਂ ਉਥੇ ਜਾ ਕੇ ਕੇਵਲ ਖੜ੍ਹਾ ਰਹਾਂਗਾ।”

“ਸ਼ਾਬਾਸ਼ ਤੈਨੂੰ, ਤੂੰ ਬਹੁਤ ਚੰਗਾ ਮੁੰਡਾ ਹੈਂ। ਇਸ ਗੱਲ ਨੂੰ ਤੂੰ ਦੋ ਤਿੰਨ ਵਾਰ ਦੁਹਰਾ ਲੈ, ਤਾਂ ਜੋ ਭੁੱਲ ਨਾ ਜਾਵੇਂ।”

ਲੈਨੀ ਹੌਲੀ ਹੌਲੀ ਗੁਨਗੁਨਾਉਣ ਲੱਗ ਪਿਆ। “ਮੈਂ ਕੁਝ ਵੀ ਨਹੀਂ ਬੋਲਾਂਗਾ ... ...ਮੈਂ ਕੁਝ ਵੀ ਨਹੀਂ ਬੋਲਾਂਗਾ...ਮੈਂ ਕੁਝ ਵੀ ਨਹੀਂ ਬੋਲਾਂਗਾ।” “ਠੀਕ ਹੈ”, ਜਾਰਜ ਨੇ ਕਿਹਾ "ਅਤੇ ਤੂੰ ਹੋਰ ਵੀ ਕੋਈ ਅਜਿਹੀਆਂ ਭੈੜੀਆਂ ਹਰਕਤਾਂ ਨਾ ਕਰੀਂ, ਜਿਸ ਤਰ੍ਹਾਂ ਦੀਆਂ ਤੂੰ ਵੀਡ ਵਿਚ ਕੀਤੀਆਂ ਸਨ।”

ਲੈਨੀ ਹੈਰਾਨ ਪਰੇਸ਼ਾਨ ਹੋ ਗਿਆ। "ਜਿਹੋ ਜਿਹੀਆਂ ਹਰਕਤਾਂ ਮੈਂ ਵੀਡ ਵਿਚ ਕੀਤੀਆਂ ਸਨ?"

“ਉਹ, ਤਾਂ ਕੀ ਤੂੰ ਉਹ ਗੱਲਾਂ ਵੀ ਭੁੱਲ ਗਿਆ ਹੈਂ ? ਚੰਗਾ ਹੋਇਆ। ਮੈਂ ਹੁਣ ਤੈਨੂੰ ਉਹ ਮੁੜ ਯਾਦ ਨਹੀਂ ਕਰਾਉਂਦਾ। ਕਿਧਰੇ ਤੂੰ ਫਿਰ ਉਹੋ ਕੁਝ ਨਾ ਕਰ ਬੈਠੇਂ”

ਇਕ ਦਮ ਲੈਨੀ ਦੇ ਚਿਹਰੇ ਉਤੇ ਗਿਆਨ ਦੇ ਚਾਨਣ ਨੇ ਲਿਸ਼ਕਾਰਾ ਮਾਰਿਆ। ਉਨ੍ਹਾਂ ਲੋਕਾਂ ਨੇ ਸਾਨੂੰ ਵੀਡ ਵਿਚੋਂ ਭਜਾ ਦਿੱਤਾ। ' ਉਸ ਨੇ ਜੇਤੂ ਭਾਵਨਾ ਨਾਲ ਇਹ ਗੱਲ ਸੁਤੇ-ਸਿੱਧ ਆਖ ਦਿੱਤੀ।

"ਲਾਨਤ ਹੈ, ਉਨ੍ਹਾਂ ਨੇ ਸਾਨੂੰ ਭੱਜਾ ਦਿੱਤਾ।" ਜਾਰਜ ਨੇ ਮਾਯੂਸ ਹੋ ਕੇ ਕਿਹਾ।

“ਭੱਜੇ ਤਾਂ ਅਸੀਂ ਆਪ। ਉਹ ਤਾਂ ਸਾਡੀ ਭਾਲ ਵਿਚ ਆਏ ਸਨ, ਪਰ ਉਹ ਸਾਨੂੰ ਪਕੜ ਨਾ ਸਕੇ।"

ਲੈਨੀ ਖੁਸ਼ੀ ਨਾਲ ਹੀਂ ਹੀਂ ਕਰਨ ਲੱਗ ਪਿਆ। “ਵੇਖ ਲੈ, ਇਹ ਗੱਲ ਤਾਂ ਮੈਂ ਨਹੀਂ ਨਾ ਭੁੱਲਿਆ।"

ਜਾਰਜ ਰੇਤ ਉਤੇ ਨਿੱਸਲ ਹੋ ਕੇ ਲੇਟ ਗਿਆ। ਉਸ ਨੇ ਆਪਣੇ ਹੱਥ ਮੋੜ ਕੇ ਆਪਣੇ ਸਿਰ ਦੇ ਹੇਠਾਂ ਰੱਖ ਲਏ ਅਤੇ ਲੈਨੀ ਨੇ ਉਸ ਦੀ ਨਕਲ ਕੀਤੀ। ਉਹ ਕਦੇ ਕਦੇ ਸਿਰ ਉਤਾਂਹ ਚੁੱਕ ਕੇ ਵੇਖ ਲੈਂਦਾ ਕਿ ਕੀ ਉਹ ਠੀਕ ਤਰ੍ਹਾਂ ਨਕਲ ਕਰ ਰਿਹਾ ਹੈ। “ਤੂੰ ਕਿੱਡੀ ਵੱਡੀ ਮੁਸੀਬਤ ਹੈਂ, ਇਹ ਰੱਬ ਹੀ ਜਾਣਦਾ ਹੈ।" ਜਾਰਜ ਨੇ ਕਿਹਾ। "ਮੇਰਾ ਕੰਮ ਕਿੰਨੀ ਆਸਾਨੀ ਨਾਲ ਅਤੇ ਕਿੰਨੀ ਚੰਗੀ ਤਰ੍ਹਾਂ ਤੁਰ ਪੈਂਦਾ। ਜੇਕਰ ਤੂੰ ਮੇਰੀ ਪੂਛਲ ਨਾਲ ਨਾ ਬੰਨ੍ਹਿਆ ਹੁੰਦਾ। ਮੈਂ ਸੁਖ ਨਾਲ ਰਹਿ ਸਕਦਾ ਅਤੇ ਸ਼ਾਇਦ ਕੋਈ ਕੁੜੀ ਵੀ ਮੈਨੂੰ ਮਿਲ ਜਾਂਦੀ।"

ਇਕ ਖਿਣ ਲਈ ਲੈਨੀ ਚੁੱਪਚਾਪ ਪਿਆ ਰਿਹਾ ਅਤੇ ਫਿਰ ਉਸ ਨੇ ਆਸਵੰਦ ਲਹਿਜੇ ਵਿਚ ਕਿਹਾ, "ਅਸੀਂ ਜ਼ਰੂਰ ਕਿਸੇ ਵਾੜੇ ਵਿਚ ਕੰਮ ਕਰਾਂਗੇ, ਜਾਰਜ।"

"ਬਿਲਕੁਲ ਠੀਕ ਹੈ, ਹੁਣ ਇਹ ਤਾਂ ਤੂੰ ਸਮਝ ਹੀ ਲਿਆ ਹੈ। ਪਰ ਹੁਣ ਅਸੀਂ ਇਥੇ ਸੌਂ ਜਾਵਾਂਗੇ। ਕਿਉਂਕਿ ਇਸ ਦਾ ਵੀ ਇਕ ਕਾਰਣ ਹੈ।”

ਉਸ ਵੇਲੇ ਦਿਨ ਤੇਜ਼ੀ ਨਾਲ ਢਲ ਰਿਹਾ ਸੀ ਸੂਰਜ ਘਾਟੀ ਤੋਂ ਹੇਠਾਂ ਉਤਰ ਚੁੱਕਾ ਸੀ ਅਤੇ ਮੈਬੀਲਾਨ ਪਹਾੜਾਂ ਦੀਆਂ ਕੇਵਲ ਟੀਸੀਆਂ ਹੀ ਸੂਰਜ ਦੀਆਂ ਕਿਰਣਾਂ ਨਾਲ ਚਮਕ ਰਹੀਆਂ ਸਨ।

ਪਾਣੀ ਦਾ ਇਕ ਸੱਪ ਪਾਣੀ ਵਿਚੋਂ ਦੀ ਫੁਰਤੀ ਨਾਲ ਅੱਗੇ ਨਿਕਲ ਗਿਆ। ਸੱਪ ਦਾ ਫਣ (ਸਿਰੀ) ਕਿਸੇ ਨਿੱਕੇ ਜਿਹੇ ਪੈਰੀਸਕੋਪ ਵਾਂਗ ਉਤਾਂਹ ਉਠਿਆ ਹੋਇਆ ਸੀ। ਪਾਣੀ ਦੀ ਰਵਾਨੀ ਕਾਰਣ ਸਰਕੰਡੇ ਰਤਾ ਰਤਾ ਹਰਕਤ ਕਰਦੇ ਸਨ। ਸੜਕ ਵਾਲੇ ਪਾਸਿਓਂ ਕਾਫ਼ੀ ਦੂਰ ਤੋਂ ਇਕ ਆਦਮੀ ਬਹੁਤ ਉੱਚੀ ਉੱਚੀ ਚਿੱਲਾ ਕੇ ਕੁਝ ਬੋਲਿਆ ਅਤੇ ਦੂਜੇ ਆਦਮੀ ਨੇ ਚਿੱਲਾ ਕੇ ਹੀ ਉਸ ਦਾ ਉੱਤਰ ਦਿੱਤਾ। ਅੰਜੀਰ ਦੇ ਬਿਰਛਾਂ ਦੀਆਂ ਡਾਲਾਂ ਮੰਦ ਮੰਦ ਵਗਦੀ ਪੌਣ ਵਿਚ ਸਰਸਰਾਈਆਂ ਅਤੇ ਛੇਤੀ ਹੀ ਉਹ ਪੌਣ ਬੰਦ ਹੋ ਗਈ।

“ਜਾਰਜ-ਅਸੀਂ ਉਸ ਵਾੜੇ ਵਿਚ ਹੀ ਕਿਉਂ ਨਾ ਚੱਲੀਏ ਅਤੇ ਉਥੇ ਕੁਝ ਖਾ-ਪੀ ਲਈਏ? ਉਸ ਵਾੜੇ ਵਿਚ ਖਾਣਾ ਵੀ ਮਿਲਦਾ ਹੈ।”

ਜਾਰਜ ਪਾਸੇ ਪਰਨੇ ਹੋ ਗਿਆ। “ਅਸੀਂ ਉਥੇ ਕੋਈ ਤੇਰੇ ਕਾਰਣ ਨਹੀਂ ਜਾ ਰਹੇ। ਮੈਨੂੰ ਇਹੀ ਥਾਂ ਚੰਗੀ ਲੱਗਦੀ ਹੈ। ਕੱਲ੍ਹ ਅਸੀਂ ਇਥੋਂ ਹੀ ਕੰਮ ਤੇ ਚੱਲਾਂਗੇ। ਮੈਂ ਰਾਹ ਵਿਚ ਗਾਹੁਣ ਵਾਲੀਆਂ ਮਸ਼ੀਨਾਂ ਵੇਖੀਆਂ ਸਨ। ਇਸ ਤੋਂ ਇੰਜ ਲੱਗਦਾ ਹੈ ਕਿ ਸਾਨੂੰ ਅਨਾਜ ਦਬਾ ਦਬ ਬੋਰੀਆਂ ਵਿਚ ਭਰਨਾ ਪਵੇਗਾ ਅਤੇ ਸਾਡੀ ਕਮਰ ਟੁੱਟ ਜਾਵੇਗੀ। ਅੱਜ ਦੀ ਰਾਤ ਮੈਂ ਇਹੀ ਚਾਹੁੰਦਾ ਹਾਂ ਕਿ ਇਥੇ ਇੰਜ ਹੀ ਲੇਟ ਕੇ ਉਪਰ ਅਸਮਾਨ ਵੱਲ ਵੇਖਦਾ ਰਹਾਂ। ਮੈਨੂੰ ਇਹ ਚੰਗਾ ਲੱਗਦਾ ਹੈ।"

ਲੈਨੀ ਉਠ ਕੇ ਗੋਡਿਆਂ ਭਾਰ ਬਹਿ ਗਿਆ ਅਤੇ ਜਾਰਜ ਵੱਲ ਵੇਖਣ ਲੱਗ ਪਿਆ।" ਕੀ ਅਸੀਂ ਅੱਜ ਕੁਝ ਖਾਵਾਂਗੇ ਨਹੀਂ ?”

“ਜ਼ਰੂਰ, ਜੇਕਰ ਤੂੰ ਉਠ ਕੇ ਕੁਝ ਸੁੱਕੀਆਂ ਲੱਕੜਾਂ ਇੱਕਠੀਆਂ ਕਰ ਲਵੇਂ। ਮੇਰੀ ਗਠੜੀ ਵਿਚ ਲੋਬੀਏ ਦੇ ਤਿੰਨ ਡੱਬੇ ਹਨ। ਤੂੰ ਬਾਲਣ ਤਿਆਰ ਕਰ ਲੈ। ਜਦੋਂ ਤੂੰ ਲਕੜਾਂ ਇੱਕਠੀਆਂ ਕਰ ਲਵੇਂਗਾ, ਮੈਂ ਤੈਨੂੰ ਦੀਆ-ਸਲਾਈ ਦੇ ਦਿਆਂਗਾ। ਅਸੀਂ ਲੋਬੀਆ ਗਰਮ ਕਰਕੇ ਖਾ ਲਵਾਂਗੇ।

ਲੈਨੀ ਨੇ ਕਿਹਾ “ਮੈਨੂੰ ਟਮਾਟਰ ਦੀ ਚਟਨੀ ਦੇ ਨਾਲ ਲੋਬੀਆ ਬੜਾ ਚੰਗਾ ਲੱਗਦਾ ਹੈ।" “ਤੂੰ ਠੀਕ ਕਹਿੰਦਾ ਹੈਂ, ਪਰ ਸਾਡੇ ਕੋਲ ਟਮਾਟਰ ਦੀ ਚਟਨੀ ਤਾਂ ਹੈ ਨਹੀਂ। ਹੁਣ ਤੂੰ ਜਾ ਕੇ ਲਕੜਾਂ ਲੈ ਆ। ਵੇਖ ਇਧਰ ਓਧਰ ਐਵੇਂ ਹੀ ਨਾ ਫਿਰਦਾ ਰਹੀਂ। ਛੇਤੀ ਹੀ ਹਨੇਰਾ ਹੋ ਜਾਵੇਗਾ।"

ਲੈਨੀ ਉੱਠ ਖਲੋਤਾ ਅਤੇ ਝਾੜੀਆਂ ਵਿਚ ਗ਼ਾਇਬ ਹੋ ਗਿਆ। ਜਾਰਜ ਉੱਥੇ ਹੀ ਲੰਮਾ ਪਿਆ ਰਿਹਾ ਅਤੇ ਹੌਲੀ ਹੌਲੀ ਸੀਟੀ ਵਜਾਉਣ ਲੱਗਾ। ਜਿਸ ਪਾਸੇ ਲੈਨੀ ਗਿਆ ਸੀ, ਉਸ ਪਾਸੇ ਤੋਂ ਦਰਿਆ ਦੇ ਪਾਣੀ ਵਿਚ ਛੱਪ ਛੱਪ ਕਰਨ ਦੀਆਂ ਆਵਾਜ਼ਾਂ ਆਈਆਂ। ਜਾਰਜ ਨੇ ਸੀਟੀ ਵਜਾਉਣੀ ਬੰਦ ਕਰ ਦਿੱਤੀ ਅਤੇ ਧਿਆਨ ਨਾਲ ਉਹ ਆਵਾਜ਼ ਸੁਣਨ ਲੱਗ ਪਿਆ। "ਵਿਚਾਰਾ, ਉੱਲੂ ਜਿਹਾ," ਉਹ ਹੌਲੀ ਜਿਹੀ ਬੋਲਿਆ ਅਤੇ ਫਿਰ ਸੀਟੀ ਵਜਾਉਣ ਲੱਗ ਪਿਆ।

ਥੋੜੀ ਹੀ ਦੇਰ ਮਗਰੋਂ ਲੈਨੀ ਝਾੜੀਆਂ ਦੇ ਵਿਚੋਂ ਲੜਖੜਾਉਂਦਾ ਹੋਇਆ ਵਾਪਸ ਆਇਆ। ਉਸ ਦੇ ਹੱਥ ਵਿਚ ਬੈਂਤ ਦੀ ਇਕ ਨਿੱਕੀ ਜਿਹੀ ਲੱਕੜੀ ਫੜੀ ਹੋਈ ਸੀ। ਜਾਰਜ ਉਠ ਕੇ ਬਹਿ ਗਿਆ ਅਤੇ ਉਸ ਨੇ ਖਰ੍ਹਵੇ ਹੋ ਕੇ ਕਿਹਾ, 'ਠੀਕ ਹੈ, ਲਿਆ ਉਹ ਚੂਹਾ ਮੈਨੂੰ ਦੇ ਦੇ।"

ਪਰ ਲੈਨੀ ਨੇ ਭੋਲੇਪਣ ਦਾ ਇਕ ਗੂੜ੍ਹ ਚਲਿੱਤਰ ਕੀਤਾ। "ਜਾਰਜ, ਕਿਹੜਾ ਚੂਹਾ? ਮੇਰੇ ਕੋਲ ਤਾਂ ਕੋਈ ਚੂਹਾ ਨਹੀਂ ਹੈ।"

ਜਾਰਜ ਨੇ ਆਪਣਾ ਹੱਥ ਅਗਾਂਹ ਵਧਾਇਆ। "ਲਿਆ, ਮੈਨੂੰ ਦੇ ਦੇ, ਮੇਰੇ ਕੋਲੋਂ ਲੁਕਾਉਣ ਦੀ ਕੋਸ਼ਿਸ਼ ਨਾ ਕਰ।"

ਲੈਨੀ ਠਿਠਕਿਆ, ਪਿੱਛੇ ਹੱਟਿਆ ਅਤੇ ਉਸ ਨੇ ਗੁੱਸੇ ਨਾਲ ਝਾੜੀਆਂ ਵੱਲ ਵੇਖਿਆ, ਜਿਵੇਂ ਕਿ ਉਹ ਕੈਦ ਵਿਚੋਂ ਮੁਕਤ ਹੋ ਕੇ ਭੱਜ ਜਾਣ ਬਾਰੇ ਸੋਚ ਰਿਹਾ ਹੋਵੇ। ਜਾਰਜ ਨੇ ਫਿਰ ਬਹੁਤ ਹੀ ਰੁੱਖੇ ਹੋ ਕੇ ਕਿਹਾ, "ਦਿੰਦਾ ਹੈ ਮੈਨੂੰ ਉਹ ਚੂਹਾ ਜਾਂ ਮੈਂ ਤੇਰੀ ਚੰਡਾਈ ਕਰਾਂ।"

"ਮੈਂ ਤੈਨੂੰ ਕੀ ਦੇਵਾਂ, ਜਾਰਜ ?"

"ਆਪਣਾ ਸਿਰ। ਤੂੰ ਭਲੀ ਪ੍ਰਕਾਰ ਸਮਝਦਾ ਹੈ ਕਿ ਮੈਂ ਕੀ ਮੰਗ ਰਿਹਾ ਹਾਂ। ਮੈਨੂੰ ਉਹ ਚੂਹਾ ਦੇ।"

ਲੈਨੀ ਨੇ ਅਣ-ਚਾਹੁੰਦਿਆਂ ਹੋਇਆਂ ਆਪਣਾ ਹੱਥ ਜੇਬ ਵਿਚ ਪਾਇਆ। ਉਸ ਦਾ ਗਲਾ ਵੀ ਰਤਾ ਕੁ ਭਰ ਆਇਆ, "ਮੈਨੂੰ ਸਮਝ ਨਹੀਂ ਆਉਂਦੀ ਕਿ ਤੂੰ ਮੈਨੂੰ ਇਹ ਰੱਖਣ

ਕਿਉਂ ਨਹੀਂ ਦਿੰਦਾ। ਇਹ ਚੂਹਾ ਕਿਸੇ ਹੋਰ ਦਾ ਤਾਂ ਨਹੀਂ ਹੈ। ਮੈਂ ਕੋਈ ਚੋਰੀ ਨਹੀਂ ਕੀਤੀ। ਮੈਨੂੰ ਤਾਂ ਇਹ ਸੜਕ ਦੇ ਕੰਢੇ ਤੇ ਪਿਆ ਲੱਭਿਆ ਸੀ।"

ਜਾਰਜ ਦਾ ਹੱਥ ਉਸੇ ਤਰ੍ਹਾਂ ਹੁਕਮਰਾਨਾ ਢੰਗ ਨਾਲ ਅੱਗੇ ਵਧਿਆ ਰਿਹਾ। ਉਸ ਟੈਰੀਅਰ ਕੁੱਤੇ ਵਾਂਗ ਜਿਹੜਾ ਆਪ ਲਿਆਂਦੀ ਹੋਈ ਗੇਂਦ ਹੌਲੀ ਹੌਲੀ ਅੱਗੇ ਹੋਇਆ, ਫਿਰ ਪਿਛਾਂਹ ਹਟ ਆਪਣੇ ਮਾਲਕ ਨੂੰ ਨਹੀਂ ਦੇਣਾ ਚਾਹੁੰ ਦਾ। ਲੈਨੀ ਗਿਆ ਅਤੇ ਫਿਰ ਅਗਾਂਹ ਵਧਿਆ। ਜਾਰਜ ਨੇ ਆਪਣੀਆਂ ਉਂਗਲੀਆਂ ਦੇ ਤੇਜ਼ ਝਟਕੇ ਨਾਲ ਚੁਟਕੀ ਵਜਾਈ ਅਤੇ ਇਹ ਆਵਾਜ਼ ਸੁਣ ਕੇ ਲੈਨੀ ਨੇ ਚੂਹਾ ਉਸ ਦੇ ਹੱਥ ਉੱਤੇ ਰੱਖ ਦਿੱਤਾ।

"ਮੈਂ ਇਸ ਨੂੰ ਲੈ ਕੇ ਕੋਈ ਭੈੜਾ ਕੰਮ ਤਾਂ ਨਹੀਂ ਕਰ ਰਿਹਾ ਸਾਂ, ਜਾਰਜ" ਮੈਂ ਤਾਂ ਇਸ ਨੂੰ ਕੇਵਲ ਪਲੋਸ ਹੀ ਰਿਹਾ ਸਾਂ।" ਜਾਰਜ ਖੜ੍ਹਾ ਹੋਇਆ। ਉਸ ਨੇ ਚੂਹੇ ਨੂੰ, ਪੂਰਾ ਜ਼ੋਰ ਲਾ ਕੇ, ਜਿੰਨੀ ਵੀ ਵੱਧ ਤੋਂ ਵੱਧ ਦੂਰ ਉਹ ਸੁੱਟ ਸਕਦਾ ਸੀ, ਹਨੇਰੇ ਦੇ ਵਿਚ ਝਾੜੀਆਂ ਦੇ ਵਿਚ ਵਗਾਹ ਮਾਰਿਆ। ਫਿਰ ਉਸ ਨੇ ਅੱਗੇ ਵਧ ਕੇ ਪਾਣੀ ਵਿਚ ਆਪਣੇ ਹੱਥ ਧੋ ਲਏ। "ਸਨਕੀ ਮੂਰਖ ਕਿਧਰੋਂ ਦਾ। ਕੀ ਤੈਨੂੰ ਇੰਨੀ ਵੀ ਅਕਲ ਨਹੀਂ ਕਿ ਮੈਂ ਤੇਰੇ ਗਿੱਲੇ ਪੈਰ ਵੇਖ ਕੇ ਤਾੜ ਲਿਆ ਸੀ ਕਿ ਤੂੰ ਇਸ ਚੂਹੇ ਨੂੰ ਫੜਨ ਲਈ ਦਰਿਆ ਦੇ ਪਾਰ ਗਿਆ ਸੈਂ ?" ਤਦੋਂ ਹੀ ਉਸ ਨੇ ਲੈਨੀ ਦੇ ਸਿਸਕਣ ਦੀ ਆਵਾਜ਼ ਸੁਣੀ ਅਤੇ ਉਹ ਇਕ ਭੁਆਟਣੀ ਲੈ ਕੇ ਬੋਲਿਆ "ਹਾਏ ਓਏ ਰੱਬਾ। ਨਿੱਕੇ ਨਿਆਣੇ ਵਾਂਗ ਸਿਸਕਣ ਲੱਗ ਪਿਆ ਹੈ; ਐਨਾ ਵੱਡਾ ਹੋ ਕੇ ਵੀ।" ਲੈਨੀ ਦੇ ਬੁੱਲ੍ਹ ਕੰਬਣ ਲੱਗ ਪਏ ਅਤੇ ਉਸ ਦੀਆਂ ਅੱਖੀਆਂ ਵਿਚੋਂ ਅੱਥਰੂ ਛਲਕ ਪਏ। "ਓ, ਲੈਨੀ" ਜਾਰਜ ਨੇ ਆਪਣਾ ਹੱਥ ਲੈਨੀ ਦੇ ਮੋਢੇ ਉੱਤੇ ਰੱਖ ਕੇ ਕਿਹਾ, "ਇਹ ਚੂਹਾ ਮੈਂ ਤੈਥੋਂ ਕਿਸੇ ਵੈਰ-ਵਿਰੋਧ ਕਾਰਣ ਜਾਂ ਕਮੀਨਗੀ ਕਰਕੇ ਨਹੀਂ ਖੋਹਿਆ। ਲੈਨੀ, ਉਹ ਚੂਹਾ ਤਾਂ ਬੋ ਮਾਰਨ ਲੱਗ ਪਿਆ ਸੀ ਅਤੇ ਪਲੋਸ ਪਲੋਸ ਕੇ ਤੂੰ ਉਸ ਨੂੰ ਫਿਹ ਹੀ ਛੱਡਿਆ ਸੀ। ਤੂੰ ਕੋਈ ਹੋਰ ਤਾਜ਼ਾ ਚੂਹਾ ਲੈ ਆ ਅਤੇ ਬੇਸ਼ਕ ਤੂੰ ਉਸ ਨੂੰ ਥੋੜ੍ਹੀ ਦੇਰ ਲਈ ਆਪਣੇ ਕੋਲ ਰੱਖ ਲਵੀਂ।"

ਲੈਨੀ ਜ਼ਮੀਨ ਉਤੇ ਬੈਠ ਗਿਆ ਅਤੇ ਉਸ ਨੇ ਅਤਿਅੰਤ ਮਾਯੂਸੀ ਵਿਚ ਨੀਵੀਂ ਪਾ ਲਈ। "ਕੀ ਪਤਾ, 'ਹੋਰ ਚੂਹਾ ਕਿਥੋਂ ਮਿਲੇਗਾ ? ਮੈਨੂੰ ਯਾਦ ਹੈ ਇਕ ਔਰਤ ਮੈਨੂੰ ਚੂਹੇ ਦੇ ਦਿਆ ਕਰਦੀ ਸੀ ਜਦੋਂ ਵੀ ਉਸ ਨੂੰ ਕਈ ਲੱਭਦਾ ਸੀ। ਪਰ ਉਹ ਔਰਤ ਤਾਂ ਇੱਥੇ ਹੈ ਨਹੀਂ।"

ਜਾਰਜ ਨੇ ਵਿਅੰਗ ਨਾਲ ਕਿਹਾ, "ਔਰਤ, ਹੂੰ ! ਤੈਨੂੰ ਇਹ ਵੀ ਯਾਦ ਨਹੀਂ ਕਿ ਉਹ ਔਰਤ ਕੌਣ ਸੀ। ਉਹ ਤਾਂ ਤੇਰੀ ਆਪਣੀ ਹੀ ਚਾਚੀ ਕਲਾਰਾ ਸੀ। ਅਤੇ ਉਸ ਨੇ ਤੈਨੂੰ ਚੂਹੇ ਦੇਣੇ ਇਸ ਲਈ ਬੰਦ ਕੀਤੇ ਸਨ, ਕਿਉਂਕਿ ਤੂੰ ਹਮੇਸ਼ਾ ਹੀ ਉਨ੍ਹਾਂ ਨੂੰ ਮਾਰ ਸੁੱਟਦਾ ਸੀ।"

ਲੈਨੀ ਨੇ ਉਦਾਸੀ ਨਾਲ ਸਿਰ ਚੁੱਕ ਕੇ ਉਸ ਵੱਲ ਵੇਖਿਆ। 'ਉਹ ਇੰਨੇ ਨਿੱਕੇ ਨਿੱਕੇ ਤਾਂ ਹੁੰਦੇ ਸਨ।" ਉਸ ਨੇ ਖੁਦ ਪ੍ਰਗਟਾਉਂਦਿਆਂ ਕਿਹਾ, "ਮੈਂ ਉਨ੍ਹਾਂ ਨੂੰ ਰਤਾ ਕੁ ਪਲੋਸਦਾ ਹੀ ਸਾਂ ਕਿ ਉਹ ਇਕ ਦਮ ਮੇਰੀ ਉਂਗਲੀ ਕੱਟ ਲੈਂਦੇ। ਮੈਂ ਹੌਲੀ ਜਿਹੀ ਉਨ੍ਹਾਂ ਦੀ ਸਿਰੀ ਦੱਬਦਾ ਅਤੇ ਉਹ ਤੁਰੰਤ ਮਰ ਜਾਂਦੇ ਸਨ। ਉਹ ਇੰਨੇ ਨਿੱਕੇ ਨਿੱਕੇ ਜੋ ਹੁੰਦੇ ਸਨ।"

"ਮੈਂ ਚਾਹੁੰਦਾ ਹਾਂ ਸਾਨੂੰ ਤੁਰੰਤ ਸਹੇ ਮਿਲ ਜਾਣ, ਜਾਰਜ, ਸਹੇ ਤਾਂ ਇੰਨੇ ਨਿੱਕੇ ਨਹੀਂ ਹੁੰਦੇ।"

"ਨਰਕ ਵਿਚ ਪੈਣ, ਇਹ ਸਹੇ। ਜੀਉਂਦੇ ਚੂਹੇ ਤਾਂ ਕਦੀ ਵੀ ਤੇਰੇ ਹੱਥ ਵਿਚ ਦਿੱਤੇ ਨਹੀਂ ਜਾ ਸਕਦੇ। ਤੇਰੀ ਚਾਚੀ ਕਲਾਰਾ ਨੇ ਇਕ ਵਾਰ ਤੈਨੂੰ ਰਬੜ ਦਾ ਚੂਹਾ ਵੀ ਲਿਆ ਦਿੱਤਾ ਸੀ। ਪਰ, ਤੂੰ ਉਸ ਨੂੰ ਹੱਥ ਵੀ ਨਹੀਂ ਲਗਾਉਂਦਾ ਸੈਂ।"

"ਉਸ ਨੂੰ ਪਲੋਸਣ ਵਿਚ ਸੁਆਦ ਨਹੀਂ ਸੀ ਆਉਂਦਾ।" ਲੈਨੀ ਬੋਲਿਆ।

ਡੁੱਬਦੇ ਹੋਏ ਸੂਰਜ ਦੀ ਰੋਸ਼ਨੀ ਪਹਾੜਾਂ ਦੀਆਂ ਟੀਸੀਆਂ ਉਤੋਂ ਵੀ ਲੋਪ ਹੋ ਗਈ ਅਤੇ ਘਾਟੀ ਦੇ ਵਿਚ ਤਿਰਕਾਲਾਂ ਪੈ ਗਈਆਂ। ਬੈਂਤ ਅਤੇ ਅੰਜੀਰਾਂ ਦੇ ਬਿਰਛਾਂ ਦੇ ਵਿਚਕਾਰ ਹਨੇਰਾ ਜਿਹਾ ਪਸਰਣ ਲੱਗ ਪਿਆ। ਇਕ ਵੱਡੀ ਸਾਰੀ ਕਾਰਪ ਮੱਛੀ ਨੇ ਆਪਣਾ ਸਿਰ ਪਾਣੀ ਦੀ ਸਤ੍ਹਾ ਤੋਂ ਬਾਹਰ ਕੱਢਿਆ ਅਤੇ ਆਪਣੇ ਗਲਫੜਿਆਂ ਵਿਚ ਹਵਾ ਭਰ ਕੇ ਅਛੋਪਲੇ ਹੀ ਦੁਬਾਰਾ ਡੂੰਘੇ ਪਾਣੀ ਦੇ ਵਿਚ ਵੜ ਗਈ। ਇਸ ਨਾਲ ਪਾਣੀ ਦੇ ਉਤੇ ਉੱਠਦੀਆਂ ਲਹਿਰਾਂ ਦੇ ਘੇਰੇ ਵੱਡੇ ਤੇ ਹੋਰ ਵੱਡੇ ਹੁੰਦੇ ਗਏ। ਉਤੇ ਪੱਤੀਆਂ ਫਿਰ ਸਰਸਰਾਈਆਂ ਅਤੇ ਬੈਂਤ ਦੀ ਰੂੰ ਦੇ ਨਿੱਕੇ ਨਿੱਕੇ ਬੁੜੇ ਥੱਲੇ ਡਿੱਗੇ ਅਤੇ ਪਾਣੀ ਦੀ ਸਤ੍ਹਾ ਦੇ ਉਤੇ ਫੈਲ ਗਏ।

"ਤੂੰ ਉਹ ਲੱਕੜੀਆਂ ਲਿਆਇਆ ਹੈਂ ?" ਜਾਰਜ ਨੇ ਹੁਕਮਰਾਨਾ, ਲਹਿਜੇ ਵਿਚ ਪੁੱਛਿਆ।' ਉਸ ਅੰਜੀਰ ਦੇ ਬਿਰਛ ਦੇ ਐਨ ਪਿਛਲੇ ਪਾਸੇ ਬਹੁਤ ਸਾਰੀਆਂ ਲੱਕੜਾਂ ਪਈਆਂ ਹਨ। ਹੜ੍ਹ ਦੇ ਪਾਣੀ ਨਾਲ ਵਗ ਕੇ ਆਈ ਲੱਕੜ ਉੱਥੇ ਪਈ ਹੈ। ਜਾ ਅਤੇ ਜਾ ਕੇ ਲੈ ਆ।"

ਲੈਨੀ ਉਸ ਬਿਰਛ ਦੇ ਪਿਛਲੇ ਪਾਸੇ ਗਿਆ ਅਤੇ ਸੁੱਕੀਆਂ ਪੱਤੀਆਂ ਅਤੇ ਟਹਿਣੀਆਂ ਦੀ ਇਕ ਭਰੀ ਲੈ ਆਇਆ। ਉਸ ਨੇ ਉਹ ਸਾਰੀ ਦੀ ਸਾਰੀ ਭਰੀ ਸੁਆਹ ਦੇ ਪੁਰਾਣੇ ਢੇਰ ਦੇ ਉੱਤੇ ਸੁੱਟ ਦਿੱਤੀ ਅਤੇ ਫਿਰ ਹੋਰ ਲੈਣ ਲਈ ਚਲਾ ਗਿਆ ਉਹ ਮੁੜ ਮੁੜ ਇੰਜ ਹੀ ਕਰਦਾ ਰਿਹਾ। ਹੁਣ ਰਾਤ ਲਗਭਗ ਪੈ ਹੀ ਗਈ ਸੀ। ਪਾਣੀ ਦੇ ਉਤੇ ਕਿਸੇ ਜੰਗਲੀ ਘੁੱਗੀ ਦੇ ਖੰਭ ਫੜਫੜਾਏ। ਜਾਰਜ ਉੱਠ ਕੇ ਬਾਲਣ ਦੇ ਉਸ ਢੇਰ ਦੇ ਕੋਲ ਗਿਆ ਅਤੇ ਉਸ ਨੇ ਸੁੱਕੀਆਂ ਪੱਤੀਆਂ ਨੂੰ ਅੱਗ ਲਾ ਦਿੱਤੀ। ਅੱਗ ਦੀਆਂ ਲਾਟਾਂ ਸੁੱਕੀਆਂ ਟਹਿਣੀਆਂ ਦੇ ਵਿਚ ਫੈਲ ਗਈਆਂ ਅਤੇ ਅੱਗ ਮੱਘ ਪਈ। ਜਾਰਜ ਨੇ ਆਪਣੀ ਗਠੜੀ ਖੋਲ੍ਹੀ ਅਤੇ ਲੋਬੀਏ ਦੇ ਤਿੰਨ ਡੱਬੇ ਕੱਢ ਕੇ ਲੈ ਆਇਆ। ਉਸ ਨੇ ਉਹ ਡੱਬੇ ਅੱਗ ਦੇ ਆਲੇ ਦੁਆਲੇ, ਲਾਟਾਂ ਦੇ ਐਨ ਨੇੜੇ ਕਰਕੇ ਇਸ ਤਰ੍ਹਾਂ ਰੱਖ ਦਿੱਤੇ ਕਿ ਅੱਗ ਉਨ੍ਹਾਂ ਨੂੰ ਛੁਹੰਦੀ ਨਹੀਂ ਸੀ।

"ਇਹ ਲੋਬੀਆ ਤਾਂ ਚਾਰ ਆਦਮੀਆਂ ਲਈ ਵੀ ਕਾਫ਼ੀ ਹੈ" ਜਾਰਜ ਬੋਲਿਆ। ਲੈਨੀ ਅੱਗ ਦੇ ਉੱਤੇ ਝੁਕਿਆ ਉਸ ਨੂੰ ਵੇਖ ਰਿਹਾ ਸੀ। ਉਸ ਨੇ ਠਰਮੇ ਨਾਲ ਕਿਹਾ, "ਮੈਨੂੰ ਲੋਬੀਆ ਟਮਾਟਰ ਦੀ ਚਟਨੀ ਨਾਲ ਖਾਣਾ ਪਸੰਦ ਹੈ।"

"ਚੰਗਾ, ਪਰ ਸਾਡੇ ਕੋਲ ਟਮਾਟਰ ਦੀ ਚਟਨੀ ਕੋਈ ਨਹੀਂ ਹੈ।" ਜਾਰਜ ਵਰ੍ਹ ਪਿਆ। "ਜਿਹੜੀ ਚੀਜ਼ ਸਾਡੇ ਕੋਲ ਹੈ ਹੀ ਨਹੀਂ, ਤੈਨੂੰ ਤਾਂ ਉਹ ਹੀ ਚਾਹੀਦੀ ਹੈ। ਰੱਬ ਜਾਣਦਾ ਹੈ, ਜੇਕਰ ਮੈਂ ਇਕੱਲਾ ਹੁੰਦਾ, ਮੈਂ ਕਿੰਨੇ ਸੁਖ ਨਾਲ ਰਹਿੰਦਾ। ਮੈਂ ਕਿਧਰੇ ਵੀ ਜਾ ਕੇ ਨੌਕਰੀ ਕਰ ਲੈਂਦਾ ਅਤੇ ਨਾ ਹੀ ਕੋਈ ਔਖ ਹੁੰਦੀ। ਕੋਈ ਵੀ ਝਮੇਲਾ ਨਾ ਪੈਂਦਾ। ਅਤੇ ਮਹੀਨੇ ਦੇ ਅਖ਼ੀਰ ਵਿਚ ਆਪਣੇ ਪੰਜਾਹ ਡਾਲਰ ਲੈ ਕੇ ਮੌਜ ਨਾਲ ਸ਼ਹਿਰ ਵਿਚ ਜਾਂਦਾ ਅਤੇ ਜੋ ਕੁਝ ਜੀ ਕਰਦਾ, ਖ਼ਰੀਦ ਲਿਆਉਂਦਾ। ਇਥੋਂ ਤਕ ਕਿ ਸਾਰੀ ਰਾਤ ਕਿਸੇ ਤੀਵੀਂ ਦੇ ਨਾਲ ਵੀ ਮੌਜਾਂ ਮਾਣ ਸਕਦਾ ਸਾਂ। ਮੈਂ ਕਿਸੇ ਥਾਂ ਤੇ ਜਾ ਕੇ ਵੀ ਖਾਂਦਾ ਪੀਂਦਾ। ਮਰਜ਼ੀ ਅਨੁਸਾਰ ਹੋਟਲ ਵਿਚ ਜਾਂ ਹੋਰ ਕਿਧਰੇ। ਭਾਵੇਂ ਜਿਹੜੀ ਚੀਜ਼ ਵੀ ਮੈਂ ਚਾਹੁੰਦਾ, ਮੰਗ ਸਕਦਾ ਸਾਂ। ਅਤੇ ਇਸੇ ਤਰ੍ਹਾਂ ਹੀ ਸਭ ਕੁਝ ਮੈਂ ਹਰ ਮਹੀਨੇ ਕਰ ਸਕਦਾ ਸਾਂ। ਭਾਵੇਂ ਗੈਲਨ ਭਰ ਵਿਸਕੀ ਲੈ ਆਉਂਦਾ ਜਾਂ ਕਿਸੇ ਥਾਂ ਬੈਠ ਕੇ ਤਾਸ਼ ਖੇਡਦਾ ਜਾਂ ਕੋਈ ਹੋਰ ਗੇਮ।" ਲੈਨੀ ਝੁਕਿਆ ਅਤੇ ਉਸ ਨੇ ਅੱਗ ਦੇ ਉਤੋਂ ਦੀ ਗੁੱਸੇ ਹੋਏ ਹੋਏ ਜਾਰਜ ਵੱਲ ਵੇਖਿਆ। ਲੈਨੀ ਦਾ ਚਿਹਰਾ ਭੈ ਨਾਲ ਖਿੱਚਿਆ ਗਿਆ। "ਅਤੇ ਹੁਣ ਮੈਨੂੰ ਕੀ ਲੱਭਿਆ ਹੈ ?" ਜਾਰਜ ਅੱਗ ਬਗੂਲਾ ਹੋਈ ਬਲੀ ਜਾ ਰਿਹਾ ਸੀ। "ਮੈਨੂੰ ਤੂੰ ਜੋ ਲੱਭ ਪਿਆ ਹੈਂ। ਤੂੰ ਆਪ ਵੀ ਕਿਸੇ ਨੌਕਰੀ ਤੇ ਟਿਕ ਨਹੀਂ ਸਕਦਾ ਅਤੇ ਜਿਹੜੀ ਨੌਕਰੀ ਮੈਂ ਵੀ ਢੂੰਡਦਾ ਹਾਂ, ਤੇਰੇ ਕਾਰਣ ਉਹ ਵੀ ਖੁੱਸ ਜਾਂਦੀ ਹੈ।

ਸਾਰੇ ਦੇਸ਼ ਵਿਚ ਇਧਰੋਂ ਓਧਰ ਮਾਰੇ ਮਾਰੇ ਫਿਰਨ ਵਿਚ ਹੀ ਸਾਰਾ ਸਮਾਂ ਬੀਤਦਾ ਹੈ। ਇੱਥੇ ਹੀ ਬੱਸ ਨਹੀਂ ਹੁੰਦੀ। ਤੂੰ ਕਿਸੇ ਨਾ ਕਿਸੇ ਬਖੇੜੇ ਵਿਚ ਫਸ ਜਾਂਦਾ ਹੈ। ਭੈੜੀਆਂ ਕਰਤੂਤਾਂ ਕਰਦਾ ਹੈਂ ਤੂੰ, ਅਤੇ ਉਨ੍ਹਾਂ ਵਿਚੋਂ ਤੈਨੂੰ ਬਚਾਉਣ ਲਈ ਭੱਜਦਾ ਹਾਂ ਮੈਂ।" 'ਜਾਰਜ ਦੀ ਆਵਾਜ਼ ਅਤਿਅੰਤ ਤੀਖਣ ਹੋ ਕੇ ਲਗਭਗ ਚਿੱਲਾਹਟ ਦੀ ਹੱਦ ਤਕ ਪਹੁੰਚ ਗਈ। “ਸਨਕੀ, ਸੂਰ ਦਾ ਪੁੱਤ। ਤੂੰ ਮੈਨੂੰ ਹਰ ਵੇਲੇ ਤੱਤੀ ਤਵੀ ਤੇ ਬਿਠਾਈ ਰੱਖਦਾ ਹੈਂ।” ਉਸ ਨੇ ਇਕ ਦੂਜੀ ਦੀ ਨਕਲ ਉਤਾਰਦੀਆਂ ਨਿੱਕੀਆਂ ਨਿੱਕੀਆਂ ਕੁੜੀਆਂ ਵਾਂਗ ਹੀ ਮੂੰਹ ਬਣਾ ਕੇ ਕਹਿਣਾ ਸ਼ੁਰੂ ਕੀਤਾ। “ਬਸ, ਉਸ ਕੁੜੀ ਦੇ ਕੱਪੜਿਆਂ ਨੂੰ ਛੂਹ ਕੇ ਹੀ ਵੇਖਣਾ ਚਾਹੁੰਦਾ ਸਾਂ"- ਕੇਵਲ, ਹੱਥ ਹੀ ਫੇਰਨਾ ਚਾਹੁਦਾ ਸਾਂ, ਜਿਵੇਂ ਕਿ ਉਹ ਵੀ ਕੋਈ ਚੂਹਾ ਹੀ ਹੋਵੇ, ਮੂਰਖਾ, ਉਸ ਨੂੰ ਇਹ ਕਿਵੇਂ ਪਤਾ ਲਗਦਾ ਕਿ ਤੂੰ ਕੇਵਲ ਉਸ ਦੇ ਕਪੜਿਆਂ ਨੂੰ ਛੂਹ ਕੇ ਹੀ ਵੇਖਣਾ ਚਾਹੁੰਦਾ ਸੈਂ ? ਉਸ ਨੇ ਤੈਨੂੰ ਝਟਕਾ ਦੇ ਕੇ ਪਿਛਾਂਹ ਹਟਾਇਆ ਅਤੇ ਤੂੰ ਹੋਰ ਵੀ ਘੁੱਟ ਕੇ ਫੜ ਲਿਆ ਜਿਵੇਂ ਉਹ ਕੋਈ ਚੂਹਾ ਹੀ ਹੋਵੇ। ਉਸ ਨੇ ਹਾਏ ਦੁਹਾਈ ਮਚਾ ਦਿੱਤੀ ਅਤੇ ਸਾਨੂੰ ਭੱਜ ਕੇ ਸਾਰਾ ਦਿਨ ਸਿੰਜਾਈ ਲਈ ਬਣਾਈ ਇਕ ਖਾਈ ਦੇ ਵਿਚ ਬਿਤਾਉਣਾ ਪਿਆ। ਪੁਲਿਸ ਦੇ ਕੁੱਤੇ ਸਾਡੀ ਤਲਾਸ਼ ਕਰ ਰਹੇ ਸਨ। ਫਿਰ ਸਾਨੂੰ ਚੁੱਪ-ਚੁਪੀਤੇ ਹਨੇਰੇ ਵਿਚ ਹੀ ਭੱਜਣਾ ਪਿਆ ਅਤੇ ਅਸੀਂ ਉਹ ਇਲਾਕਾ ਛੱਡ ਆਏ। ਹਰ ਵਾਰੀ ਕੋਈ ਅਜਿਹਾ ਹੀ ਭਾਣਾ ਵਰਤ ਜਾਂਦਾ ਹੈ, ਹਮੇਸ਼ਾ ਹੀ। ਮੈਂ ਚਾਹੁੰਦਾ ਹਾਂ ਕਿ ਤੈਨੂੰ ਕਿਸੇ ਪਿੰਜਰੇ ਵਿਚ ਪਾ ਕੇ, ਦਸ ਲੱਖ ਚੂਹੇ ਤੇਰੇ ਉਤੇ ਛੱਡ ਦਿਆਂ ਅਤੇ ਵੇਖਾਂ ਕਿ ਤੇਰੇ ਨਾਲ ਕੀ ਤਮਾਸ਼ਾ ਵਰਤਦਾ ਹੈ। ਅਚਾਨਕ ਹੀ ਉਸ ਦਾ ਗੁੱਸਾ ਖ਼ਤਮ ਹੋ ਗਿਆ। ਉਸ ਨੇ ਅੱਗ ਦੇ ਦੂਜੇ ਪਾਸੇ ਵੱਲ ਲੈਨੀ ਦੇ ਦੁੱਖ-ਗ੍ਰਸਤ ਚਿਹਰੇ ਵੱਲ ਵੇਖਿਆ ਅਤੇ ਫਿਰ ਉਹ ਸ਼ਰਮਸਾਰ ਹੋ ਕੇ ਅੱਗ ਦੀਆਂ ਲਪਟਾਂ ਨੂੰ ਵੇਖਣ ਲੱਗ ਪਿਆ।

ਹੁਣ ਹਨੇਰਾ ਕਾਫ਼ੀ ਹੋ ਗਿਆ ਸੀ ਪਰ ਅੱਗ ਦੀ ਰੋਸ਼ਨੀ ਵਿਚ ਬਿਰਛਾਂ ਦੇ ਤਣੇ ਅਤੇ ਨੀਵੀਆਂ ਤੇ ਝੁੱਕੀਆਂ ਟਹਿਣੀਆਂ ਦਿੱਸ ਪੈਂਦੀਆਂ ਸਨ। ਲੈਨੀ ਹੌਲੀ ਹੌਲੀ ਸਾਵਧਾਨੀ ਨਾਲ ਅੱਗ ਦੇ ਦੁਵਾਲਿਉਂ ਖਿਸਕਦਾ ਖਿਸਕਦਾ ਜਾਰਜ ਦੇ ਐਨ ਨਜ਼ਦੀਕ ਆ ਗਿਆ। ਉਹ ਆਪਣੀਆਂ ਅੱਡੀਆਂ ਉੱਤੇ ਭਾਰ ਦੇ ਕੇ ਬੈਠ ਗਿਆ। ਜਾਰਜ ਨੇ ਲੋਬੀਏ ਦੇ ਡੱਬਿਆਂ ਨੂੰ ਘੁਮਾ ਕੇ ਇੰਜ ਰੱਖ ਦਿੱਤਾ ਕਿ ਡੱਬਿਆਂ ਦੇ ਦੂਜੇ ਪਾਸੇ ਵੀ ਗਰਮ ਹੋ ਜਾਣ। ਉਸ ਨੇ ਇੰਜ ਪ੍ਰਗਟਾਇਆ ਜਿਵੇਂ ਕਿ ਲੈਨੀ ਦੇ ਐਨ ਨੇੜੇ ਆ ਜਾਣ ਦਾ ਉਸ ਨੂੰ ਪਤਾ ਹੀ ਨਾ ਹੋਵੇ।

"ਜਾਰਜ” ਬਹੁਤ ਹੌਲੇ ਜਿਹੇ ਲੈਨੀ ਬੋਲਿਆ। ਕੋਈ ਉੱਤਰ ਨਾ ਮਿਲਣ ਤੇ ਉਸ ਨੇ ਫਿਰ ਕਿਹਾ, “ਜਾਰਜ”

"ਕੀ ਚਾਹੀਦਾ ਹੈ, ਤੈਨੂੰ ?”

“ਮੈਂ ਤਾਂ ਕੇਵਲ ਮਜ਼ਾਕ ਕਰ ਰਿਹਾ ਸਾਂ, ਜਾਰਜ। ਮੈਨੂੰ ਟਮਾਟਰ ਦੀ ਚਟਨੀ ਉੱਕਾ ਹੀ ਨਹੀਂ ਚਾਹੀਦੀ। ਜੇਕਰ ਚਟਨੀ ਇੱਥੇ ਸਾਡੇ ਕੋਲ ਹੋਵੇ ਵੀ, ਮੈਂ ਤਾਂ ਵੀ ਨਹੀਂ ਖਾਵਾਂਗਾ।"

“ਜੇਕਰ ਇੱਥੇ ਹੁੰ ਦੀ, ਤਾਂ ਤੈਨੂੰ ਜ਼ਰੂਰ ਮਿਲ ਜਾਂਦੀ।’

“ਪਰ ਮੈਂ ਉੱਕਾ ਹੀ ਨਹੀਂ ਖਾਣੀ ਸੀ, ਜਾਰਜ। ਮੈਂ ਉਹ ਸਾਰੀ ਤੇਰੇ ਵਾਸਤੇ ਹੀ ਰਹਿਣ ਦਿੰਦਾ। ਤੂੰ ਆਪਣੇ ਲੋਬੀਏ ਉਤੇ ਉਸ ਦੀ ਤਹਿ ਜਮਾਂ ਲੈਂਦਾ। ਮੈਂ ਉਸ ਨੂੰ ਛੂਹੰਦਾ ਤਕ ਵੀ ਨਾ।”

ਜਾਰਜ ਹੁਣ ਵੀ ਉਦਾਸੀਨ ਭਾਵਨਾ ਨਾਲ ਅੱਗ ਵੱਲ ਹੀ ਝਾਕ ਰਿਹਾ ਸੀ। “ਜਦੋਂ ਵੀ ਮੈਂ ਇਹ ਸੋਚਦਾ ਹਾਂ ਕਿ ਤੇਰੇ ਤੋਂ ਬਿਨਾਂ ਮੈਂ ਕਿੰਜ ਮਜ਼ੇ ਨਾਲ ਰਹਿੰਦਾ, ਮੈਂ ਪਾਗਲ ਜਿਹਾ ਹੋ ਜਾਂਦਾ ਹਾਂ। ਮੈਨੂੰ ਛਿਣ ਭਰ ਲਈ ਵੀ ਚੈਨ ਨਹੀਂ ਮਿਲਦਾ।”

ਲੈਨੀ ਹੁਣ ਵੀ ਗੋਡਿਆਂ ਭਾਰ ਹੀ ਬੈਠਾ ਹੋਇਆ ਸੀ। ਉਹ ਦਰਿਆ ਦੇ ਪਰਲੇ ਪਾਸੇ ਹਨੇਰੇ ਵਿਚ ਤੱਕਣ ਲੱਗ ਪਿਆ। “ਜਾਰਜ, ਕੀ ਤੂੰ ਚਾਹੁੰਦਾ ਹੈਂ ਕਿ ਮੈਂ ਤੈਨੂੰ ਇੱਕਲਾ ਛੱਡ ਕੇ ਆਪ ਕਿਧਰੇ ਹੋਰ ਚਲਾ ਜਾਂਵਾਂ ?”

“ਤੂੰ ਕਿਹੜੀ ਦੋਜ਼ਖ਼ ਵਿਚ ਜਾ ਸਕਦਾ ਹੈਂ ?”

“ਹਾਂ, ਮੈਂ ਜਾ ਸਕਦਾ ਹਾਂ। ਮੈਂ ਉਨ੍ਹਾਂ ਪਹਾੜੀਆਂ ਵਿਚ ਜਾ ਕੇ ਲੋਪ ਹੋ ਸਕਦਾ ਹਾਂ। ਕਿਸੇ ਨਾ ਕਿਸੇ ਥਾਂ ਮੈਨੂੰ ਕੋਈ ਗੁਫ਼ਾ ਮਿਲ ਹੀ ਜਾਵੇਗੀ।”

"ਹੂੰ ? ਫਿਰ ਖਾਵੇਂਗਾ ਕੀ ? ਤੇਰੇ ਵਿਚ ਤਾਂ ਇਨ੍ਹੀ ਅਕਲ ਵੀ ਨਹੀਂ ਹੈ ਕਿ ਤੂੰ ਕੁਝ ਖਾਣ ਪੀਣ ਦੀ ਚੀਜ਼ ਹੀ ਇੱਕਠੀ ਕਰ ਲਵੇਂ।”

"ਮੈਂ ਸਭ ਚੀਜ਼ਾਂ ਇੱਕਠੀਆਂ ਕਰ ਲਵਾਂਗਾ, ਜਾਰਜ, ਮੈਨੂੰ ਕਈ ਵਧੀਆ ਪਕਵਾਨ ਨਹੀਂ ਚਾਹੀਦੇ ਅਤੇ ਨਾ ਹੀ ਉਨ੍ਹਾਂ ਦੇ ਨਾਲ ਟਮਾਟਰ ਦੀ ਚਟਨੀ ਹੀ ਚੀਹੀਦੀ ਹੈ। ਮੈਂ ਤਾਂ ਬਾਹਰ ਧੁੱਪ ਵਿਚ ਹੀ ਪਿਆ ਰਹਾਂਗਾ ਅਤੇ ਕੋਈ ਮੇਰਾ ਕੁਝ ਵੀ ਵਿਗਾੜ ਨਹੀਂ ਸਕੇਗਾ।

ਅਤੇ ਜੇਕਰ ਮੈਨੂੰ ਕੋਈ ਚੂਹਾ ਮਿਲ ਗਿਆ, ਤਾਂ ਮੈਂ ਉਸ ਨੂੰ ਆਪਣੇ ਕੋਲ ਰੱਖ ਲਵਾਂਗਾ, ਮੇਰੇ ਕੋਲੋਂ ਉਹ ਚੂਹਾ ਫਿਰ ਕੋਈ ਨਹੀਂ ਖੋਹੇਗਾ।"

ਜਾਰਜ ਨੇ ਉਸ ਵੱਲ ਤੁਰੰਤ ਨੀਝ ਲਾ ਕੇ ਖੋਜਵੀਆਂ ਨਜ਼ਰਾਂ ਨਾਲ ਵੇਖਿਆ। "ਮੈਂ ਤੇਰੇ ਨਾਲ ਕਮੀਨੀ ਹਰਕਤ ਕੀਤੀ ਹੈ। ਕੀਤੀ ਹੈ ਨਾ ?"

"ਜੇਕਰ ਤੈਨੂੰ ਮੇਰਾ ਸਾਥ ਪਸੰਦ ਨਹੀਂ ਹੈ, ਤਾਂ ਮੈਂ ਦੂਰ ਉਨ੍ਹਾਂ ਪਹਾੜੀਆਂ ਵਿਚ ਜਾ ਸਕਦਾ ਹਾਂ ਅਤੇ ਕੋਈ ਗੁਫਾ ਢੂੰਡ ਸਕਦਾ ਹਾਂ। ਜਦੋਂ ਵੀ ਤੂੰ ਚਾਹੇਂ, ਮੈਂ ਜਾ ਸਕਦਾ ਹਾਂ।"

"ਨਹੀਂ, ਨਹੀਂ, ਵੇਖ ਲੈਨੀ, ਮੈਂ ਤਾਂ ਕੇਵਲ ਮਖੌਲ ਹੀ ਕਰ ਰਿਹਾ ਸਾਂ। ਮੈਂ ਤਾਂ ਸਗੋਂ ਇਹ ਚਾਹੁੰਦਾ ਹਾਂ ਕਿ ਤੂੰ ਮੇਰੇ ਨਾਲ ਹੀ ਰਹੇਂ। ਚੂਹਿਆਂ ਦੇ ਬਾਰੇ ਔਂਕੜ ਕੇਵਲ ਇਕੋ ਹੀ ਹੈ ਕਿ ਤੂੰ ਹਮੇਸ਼ਾਂ ਹੀ ਉਨ੍ਹਾਂ ਨੂੰ ਮਾਰ ਦਿੰਦਾ ਹੈਂ।" ਉਹ ਕੁਝ ਦੇਰ ਰੁਕ ਗਿਆ ਅਤੇ ਫਿਰ ਬੋਲਿਆ "ਮੈਂ ਦੱਸਦਾ ਹਾਂ ਤੈਨੂੰ, ਕਿ ਮੈਂ ਕੀ ਕਰਾਂਗਾ, ਲੈਨੀ। ਮੌਕਾ ਮਿਲਦਿਆਂ ਸਾਰ ਹੀ ਮੈਂ ਤੇਰੇ ਲਈ ਇਕ ਕਤੂਰਾ ਲਿਆ ਦਿਆਂਗਾ,। ਹੋ ਸਕਦਾ ਹੈ ਕਿ ਤੂੰ ਉਸ ਨੂੰ ਨਾ ਮਾਰੇਂ। ਉਹ ਚੂਹੇ ਦੇ ਮੁਕਾਬਲੇ ਤੇ ਚੰਗਾ ਰਹੇਗਾ ਅਤੇ ਤੂੰ ਉਸ ਨੂੰ ਵਧੇਰੇ ਜ਼ੋਰ ਨਾਲ ਪਲੋਸ ਵੀ ਸਕੇਂਗਾ।

ਲੈਨੀ ਨੇ ਇਸ ਲਾਲਚ ਵੱਲ ਧਿਆਨ ਨਾ ਦਿੱਤਾ, ਉਸ ਨੇ ਉਸ ਦਾ ਹਿਤ ਭਾਂਪ ਲਿਆ ਸੀ "ਜੇਕਰ ਤੈਨੂੰ, ਮੇਰਾ ਸੰਗ ਪਸੰਦ ਨਹੀਂ, ਤਾਂ ਕੇਵਲ ਤੇਰੇ ਮੂੰਹੋਂ ਨਿਕਲਣ ਦੀ ਢਿੱਲ ਹੈ ਅਤੇ ਮੈਂ ਤੁਰੰਤ ਉਨ੍ਹਾਂ ਪਹਾੜੀਆਂ ਵਿਚ ਚਲਾ ਜਾਵਾਂਗਾ, ਉਨ੍ਹਾਂ ਸਾਮ੍ਹਣੇ ਵਾਲੀਆਂ ਪਹਾੜੀਆਂ ਦੇ ਵਿਚ ਹੀ ਅਤੇ ਉੱਥੇ ਮੈਂ ਇਕੱਲਾ ਰਹਾਂਗਾ। ਅਤੇ ਉੱਥੇ ਕੋਈ ਵੀ ਮੇਰਾ ਚੂਹਾ ਨਹੀਂ ਚੁਰਾਏਗਾ।"

ਜਾਰਜ ਨੇ ਕਿਹਾ, "ਲੈਨੀ ਤੂੰ ਮੇਰੇ ਕੋਲ ਹੀ ਰਹਿ। ਰੱਬ ਦੀ ਸਹੁੰ, ਜੇ ਤੂੰ ਇਕੱਲਾ ਰਹੇਂਗਾ ਤਾਂ ਕੋਈ ਤੈਨੂੰ ਬਘਿਆੜ ਸਮਝ ਕੇ ਹੀ ਗੋਲੀ ਮਾਰ ਦੇਵੇਗਾ। ਨਹੀਂ, ਤੂੰ ਮਰੇ ਕੋਲ ਹੀ ਰਹਿ।, ਤੇਰੀ ਚਾਚੀ ਕਲਾਰਾ ਉੱਕਾ ਹੀ ਇਹ ਗੱਲ ਪਸੰਦ ਨਹੀਂ ਕਰੇਗੀ। ਕਿ ਤੂੰ ਇੱਕਲਾ ਹੀ ਭੱਜ ਜਾਵੇਂ, ਭਾਵੇਂ ਉਹ ਹੁਣ ਮਰ ਵੀ ਗਈ ਹੈ।"

ਲੈਨੀ ਬੜੀ ਚਤੁਰਤਾ ਨਾਲ ਬੋਲਿਆ "ਚੰਗਾ, ਤਾਂ ਦੱਸ ਮੈਨੂੰ ਜਿਵੇਂ ਤੂੰ ਪਹਿਲਾਂ ਕਿਹਾ ਸੀ।'

“ਕੀ ਦੱਸਾਂ ਤੈਨੂੰ ?”

“ਸਹਿਆਂ ਦੇ ਬਾਰੇ।”

ਜਾਰਜ ਨੇ ਖਿਝ ਕੇ ਕਿਹਾ, “ਮੇਰੇ ਉੱਤੇ ਇਸ ਤਰ੍ਹਾਂ ਹੁਕਮ ਨਾ ਚਲਾ।" ਲੈਨੀ ਨੇ ਮਨਾਉਣ ਦੇ ਲਹਿਜੇ ਵਿਚ ਕਿਹਾ, “ਬੋਲੋ ਜਾਰਜ, ਦੱਸੋ ਮੈਨੂੰ, ਜਾਰਜ ਭਾਈ, ਜਿਵੇਂ ਤੁਸੀਂ ਪਹਿਲਾਂ ਦੱਸਿਆ ਸੀ।"

"ਤੈਨੂੰ ਉਸ ਵਿਚੋਂ ਬਹੁਤ ਸੁਆਦ ਆਉਂਦਾ ਹੈ। ਆਉਂਦਾ ਹੈ ਨਾ ? ਚੰਗਾ, ਮੈਂ ਤੈਨੂੰ ਦੱਸ ਦਿੰਦਾ ਹਾਂ ਅਤੇ ਫਿਰ ਅਸੀਂ ਖਾਣਾ ਖਾਵਾਂਗੇ ... ... "

ਜਾਰਜ ਦੀ ਆਵਾਜ਼ ਗੰਭੀਰ ਹੋ ਗਈ। ਉਹ ਆਪਣੇ ਸ਼ਬਦਾਂ ਨੂੰ ਇਕ ਲੈਅ ਨਾਲ ਦੁਹਰਾਉਣ ਲੱਗਾ, ਜਿਵੇਂ ਕਿ ਉਹ ਸ਼ਬਦ ਪਹਿਲਾਂ ਕਈ ਵਾਰ ਕਹਿ ਚੁੱਕਾ ਹੋਵੇ। “ਸਾਡੇ ਵਰਗੇ ਲੋਕ ਜਿਹੜੇ ਕਿ ਵਾੜਿਆਂ ਵਿਚ ਨੌਕਰੀ ਕਰਦੇ ਹਨ, ਇਸ ਦੁਨੀਆਂ ਵਿਚ ਬਿਲਕੁਲ ਇਕੱਲੇ ਹੁੰਦੇ ਹਨ। ਉਨ੍ਹਾਂ ਦਾ ਕੋਈ ਘਰ-ਘਾਟ ਨਹੀਂ ਹੁੰਦਾ। ਉਨ੍ਹਾਂ ਦਾ ਆਪਣਾ ਕੋਈ ਵਤਨ ਨਹੀਂ ਹੁੰਦਾ। ਉਹ ਇਕ ਵਾੜੇ ਵਿਚ ਆ ਕੇ ਕੁਝ ਦਿਨ ਕੰਮ ਕਰਦੇ ਹਨ। ਜੋ ਕੁਝ ਕਮਾਇਆ, ਸ਼ਹਿਰ ਵਿਚ ਜਾ ਕੇ ਉਜਾੜ ਦਿੱਤਾ। ਅਤੇ ਇਹ ਗੱਲ ਤੈਨੂੰ ਯਾਦ ਰੱਖਣੀ ਚਾਹੀਦੀ ਹੈ ਕਿ ਥੋੜੇ ਦਿਨਾਂ ਬਾਅਦ ਹੀ ਉਨ੍ਹਾਂ ਨੂੰ ਕਿਸੇ ਹੋਰ ਵਾੜੇ ਵਿਚ ਅੱਡੀਆਂ ਰਗੜਨੀਆਂ ਪੈਂਦੀਆਂ ਹਨ। ਉਨ੍ਹਾਂ ਦੇ ਕੋਲ ਅੱਗੇ ਲਈ ਕੋਈ ਆਸਰਾ ਸਹਾਰਾ ਨਹੀਂ ਹੁੰਦਾ।" ਲੈਨੀ ਖੁਸ਼ ਹੋ ਗਿਆ। "ਹਾਂ, ਇਹੀ ਗੱਲ, ਇਹੀ ਗੱਲ। ਹੁਣ ਮੈਨੂੰ ਇਹ ਦੱਸ ਕਿ ਸਾਡੀ ਹਾਲਤ ਕਿਹੋ ਜਿਹੀ ਹੈ।”

ਜਾਰਜ ਨੇ ਗੱਲ ਚਲਦੀ ਰੱਖਦਿਆਂ ਕਿਹਾ “ਸਾਡੀ ਗੱਲ ਹੋਰ ਹੈ। ਸਾਡੇ ਸਾਹਮਣੇ ਸਾਡਾ ਭਵਿੱਖ ਹੈ। ਅਸੀਂ ਇਕ ਦੂਜੇ ਦੇ ਸਾਥੀ ਹਾਂ ਅਤੇ ਇਹੀ ਸਾਡੀ ਮਹੱਤਤਾ ਹੈ। ਸਾਨੂੰ ਕਿਸੇ ਸ਼ਰਾਬ-ਖਾਨੇ ਵਿਚ ਬੈਠ ਕੇ ਆਪਣਾ ਪੈਸਾ ਫੂਕਣ ਦੀ ਲੋੜ ਨਹੀਂ। ਅਸੀਂ ਇਕ ਦੂਜੇ ਨਾਲ ਗੱਲਾਂ ਕਰ ਕੇ ਵੀ ਆਪਣਾ ਦੁੱਖ ਵੰਡਾ ਸਕਦੇ ਹਾਂ। ਉਨ੍ਹਾਂ ਲੋਕਾਂ ਵਿਚੋਂ ਜੇਕਰ ਕੋਈ ਫੜਿਆ ਜਾਵੇ ਅਤੇ ਜੇਲ੍ਹ ਵਿਚ ਫਸ ਜਾਵੇ, ਤਾਂ ਸਿਵਾਏ ਜੇਲ੍ਹ ਵਿਚ ਸੜਦੇ ਰਹਿਣ ਦੇ, ਉਨ੍ਹਾਂ ਕੋਲ ਕੋਈ ਹੋਰ ਚਾਰਾ ਨਹੀਂ ਹੁੰਦਾ ਕਿਉਂਕਿ ਕਿਸੇ ਦੂਜੇ ਨੂੰ ਉਨ੍ਹਾਂ ਦੀ ਚਿੰਤਾ ਨਹੀਂ ਹੁੰਦੀ। ਪਰ ਸਾਡੇ ਨਾਲ ਗੱਲ ਇੰਜ ਨਹੀਂ ਹੈ।” ਲੈਨੀ ਵਿੱਚੇ ਹੀ ਬੋਲ ਪਿਆ, “ਸਾਡੇ ਨਾਲ ਗੱਲ ਇੰਜ ਨਹੀਂ, ਪਰ ਕਿਉਂ ? ਕਿਉਂਕਿ... ਕਿਉਂਕਿ ਮੇਰੀ ਦੇਖ ਰੇਖ ਕਰਨ ਲਈ ਤੁਸੀਂ ਹੋ

ਅਤੇ ਤੁਹਾਡੀ ਦੇਖ ਭਾਲ ਕਰਨ ਲਈ ਮੈਂ ਹਾਂ। ਇਹ ਫਰਕ ਇਸੇ ਕਾਰਣ ਹੀ ਹੈ।" ਉਹ ਖੁਸ਼ੀ ਨਾਲ ਹੱਸਣ ਲੱਗ ਪਿਆ। ਅਤੇ ਫਿਰ ਬੋਲਿਆ, ਅੱਗੇ ਦੱਸੋ, ਜਾਰਜ।"

"ਤੈਨੂੰ ਤਾਂ ਜ਼ਬਾਨੀ ਯਾਦ ਹੋ ਗਿਆ ਹੈ। ਤੂੰ ਆਪ ਹੀ ਮੁੜ ਕਹਿ ਲੈ।"

"ਨਹੀਂ ! ਤੂੰ ਹੀ ਦੱਸ ! ਮੈਂ ਕਈ ਗੱਲਾਂ ਭੁੱਲ ਜਾਂਦਾ ਹਾਂ। ਹੁਣ ਦੱਸ ਕਿ ਅਗੋਂ ਕੀ ਹੋਵੇਗਾ।" "ਚੰਗਾ ਸੁਣ, ਕਿਸੇ ਨਾ ਕਿਸੇ ਦਿਨ ਅਸੀਂ ਕਾਫ਼ੀ ਧੰਨ ਇੱਕਠਾ ਕਰ ਲਵਾਂਗੇ ਅਤੇ ਸਾਡਾ ਇਕ ਨਿੱਕਾ ਜਿਹਾ ਘਰ ਵੀ ਹੋਵੇਗਾ, ਦੋ-ਚਾਰ ਏਕੜ ਜ਼ਮੀਨ ਵੀ ਹੋਵੇਗੀ। ਸਾਡੇ ਕੋਲ ਗਾਂ ਹੋਵੇਗੀ ਅਤੇ ਕੁਝ ਸੂਰ ਵੀ ਅਤੇ......"

"ਅਤੇ ਅਸੀਂ ਨੌਕਰੀ ਛੱਡ ਕੇ ਮੌਜ ਉਡਾਵਾਂਗੇ" ਲੈਨੀ ਉੱਚੀ ਸਾਰੀ ਬੋਲ ਪਿਆ, "ਅਤੇ ਅਸੀਂ ਸਹੇ ਵੀ ਪਾਲਾਂਗੇ। ਬੋਲੀ ਚੱਲ, ਜਾਰਜ ਦੱਸ ਕਿ ਅਸੀਂ ਬਗੀਚੇ ਵਿਚ ਕੀ ਲਾਵਾਂਗੇ। ਪਿੰਜਰੇ ਵਿਚ ਬੰਦ ਸਹਿਆਂ ਬਾਰੇ ਵੀ ਦੱਸ। ਸਰਦੀਆਂ ਦੀਆਂ ਬਾਰਸ਼ਾਂ ਬਾਰੇ ਵੀ ਦੱਸ ਅਤੇ ਬਲਦੇ ਚੁਲ੍ਹੇ ਬਾਰੇ ਵੀ ਗੱਲ ਕਰ। ਦੁੱਧ ਦੇ ਉੱਤੇ ਮਲਾਈ ਦੀ ਇੰਨੀ ਮੋਟੀ ਤਹਿ ਜੰਮ ਜਾਇਆ ਕਰੇਗੀ ਕਿ ਕੱਟਣੀ ਵੀ ਔਖੀ ਹੋਵੇਗੀ। ਇਨ੍ਹਾਂ ਸਾਰੀਆਂ ਗੱਲਾਂ ਬਾਰੇ ਦੱਸ ਨਾ ਜਾਰਜ।"

"ਤੂੰ ਆਪ ਹੀ ਇਹ ਸਭ ਕੁਝ ਕਿਉਂ ਨਹੀਂ ਕਹਿ ਲੈਂਦਾ। ਤੈਨੂੰ ਤਾਂ ਸਾਰੀਆਂ ਗੱਲਾਂ ਦਾ ਪਤਾ ਹੀ ਹੈ।"

"ਨਹੀਂ...... ਤੁਸੀਂ ਦੱਸੋ। ਮੇਰੇ ਕਹਿਣ ਨਾਲ ਗੱਲ ਠੀਕ ਨਹੀਂ ਬਣਦੀ। ਦੱਸੋ ... ... ਜਾਰਜ। ਮੈਂ ਸਹਿਆਂ ਦੀ ਦੇਖ ਭਾਲ ਕਿਵੇਂ ਕਰਿਆ ਕਰਾਂਗਾ।"

"ਚੰਗਾ ਸੁਣ" ਜਾਰਜ ਨੇਂ ਕਿਹਾ, "ਸਬਜ਼ੀਆਂ ਦਾ ਸਾਡਾ ਇਕ ਵੱਡਾ ਸਾਰਾ ਖੇਤ ਹੋਵੇਗਾ। ਸਹਿਆਂ ਦਾ ਘੁਰਨਾ ਵੀ ਹੋਵੇਗਾ ਅਤੇ ਅਸੀਂ ਕੁੱਕੜੀਆਂ ਵੀ ਪਾਲਾਂਗੇ। ਅਤੇ ਜਦੋਂ ਸਰਦੀਆਂ ਵਿਚ ਮੀਂਹ ਪੈਣਗੇ, ਤਾਂ ਅਸੀਂ ਕਿਹਾ ਕਰਾਂਗੇ—ਨੌਕਰੀ ਜਾਏ ਦੋਜ਼ਖ ਵਿਚ। ਅਸੀਂ ਚੁੱਲ੍ਹੇ ਵਿਚ ਅੱਗ ਬਾਲ ਕੇ ਉਸ ਦੇ ਦੁਆਲੇ ਬੈਠ ਜਾਇਆ ਕਰਾਂਗੇ। ਅਤੇ ਛੱਤ ਉੱਤੇ ਪੈਂਦੀਆਂ ਬੂੰਦਾਂ ਦੀ ਆਵਾਜ ਸੁਣਿਆ ਕਰਾਂਗੇ। "ਉਸ ਦੇ ਬੋਲ ਇਕ ਦਮ ਰੁਕ ਗਏ। "ਅਸੀਂ ਪਾਗਲ ਹਾਂ।" ਉਸ ਨੇ ਆਪਣੀ ਜੇਬ ਵਿਚੋਂ ਚਾਕੂ ਕੱਢਿਆ। "ਮੇਰੇ ਕੋਲ ਹੋਰ ਗੱਲਾਂ ਕਰਨ ਲਈ ਵਿਹਲ ਨਹੀਂ ਹੈ।" ਉਸ ਨੇ ਚਾਕੂ ਨਾਲ ਲੋਬੀਏ ਦੇ ਇਕ ਡੱਬੇ ਦਾ ਢੱਕਣ ਕੱਟ ਦਿੱਤਾ

ਅਤੇ ਡੱਬਾ ਲੈਨੀ ਵੱਲ ਵਧਾ ਦਿੱਤਾ। ਫਿਰ ਉਸ ਨੇ ਦੂਜਾ ਡੱਬਾ ਖੋਲ੍ਹਿਆ। ਉਸ ਨੇ ਆਪਣੀ ਪਾਸੇ ਵਾਲੀ ਜੇਬ ਵਿਚੋਂ ਦੋ ਚਮਚੇ ਕੱਢੇ ਅਤੇ ਉਨ੍ਹਾਂ ਵਿਚੋਂ ਇਕ ਚਮਚਾ ਲੈਨੀ ਨੂੰ ਦੇ ਦਿੱਤਾ।

ਉਹ ਦੋਵੇਂ ਅੱਗ ਦੇ ਕੋਲ ਬਹਿ ਗਏ ਅਤੇ ਲੋਬੀਏ ਨਾਲ ਆਪਣੇ ਮੂੰਹ ਭਰ ਕੇ ਜ਼ੋਰ ਨਾਲ ਚਿੱਥਣ ਲੱਗ ਪਏ। ਲੋਬੀਏ ਦੇ ਕੁਝ ਦਾਣੇ ਲੈਨੀ ਦੇ ਮੂੰਹ ਵਿਚੋਂ ਇਕ ਪਾਸਿਉਂ ਬਾਹਰ ਨਿਕਲ ਪਏ। ਜ਼ਾਰਜ ਨੇ ਆਪਣੇ ਚੱਮਚ ਦੇ ਇਸ਼ਾਰੇ ਨਾਲ ਉਸ ਨੂੰ ਸਾਵਧਾਨ ਕਰਦਿਆਂ ਕਿਹਾ, "ਕੱਲ੍ਹ ਜਦੋਂ ਮਾਲਕ ਸਵਾਲ ਪੁੱਛੇਗਾ, ਤਾਂ ਤੂੰ ਕੀ ਕਹੇਂਗਾ ?"

ਲੈਨੀ ਨੇ ਮੂੰਹ ਵਿਚਲਾ ਲੋਬੀਆ ਬਿਨਾ ਚਿੱਥਣ ਦੇ ਹੀ ਅੰਦਰ ਨਿੱਗਲ ਲਿਆ। ਉਸ ਦਾ ਚਿਹਰਾ ਤਣ ਗਿਆ। "ਮੈਂ.... ਮੈਂ ਇਕ ਸ਼ਬਦ... ਵੀ ਨਹੀਂ ਬੋਲਾਂਗਾ।"

"ਲੈਨੀ, ਤੂੰ ਤਾਂ ਬਹੁਤ ਚੰਗਾ ਮੁੰਡਾ ਹੈਂ। ਬਹੁਤ ਸੋਹਣੀ ਗੱਲ ਕੀਤੀ ਹੈ, ਤੂੰ। ਸ਼ਾਇਦ ਹੁਣ ਤੂੰ ਠੀਕ ਹੁੰਦਾ ਜਾ ਰਿਹਾ ਹੈਂ। ਜਦੋਂ ਅਸੀਂ ਦੋ-ਚਾਰ ਏਕੜ ਜ਼ਮੀਨ ਲੈ ਲਵਾਂਗੇ ਤਾਂ ਮੈਂ ਤੈਨੂੰ ਅੱਵਸ਼ ਹੀ ਪਾਲਣ ਲਈ ਸਹੇ ਲੈ ਦਿਆਂਗਾ। ਪਰ ਸ਼ਰਤ ਇਹ ਹੈ ਕਿ ਤੂੰ ਉਥੇ ਇਸੇ ਤਰ੍ਹਾਂ ਸਾਰੀਆਂ ਗੱਲਾਂ ਯਾਦ ਰੱਖੀਂ।"

ਹੰਕਾਰ ਨਾਲ ਲੈਨੀ ਆਫ਼ਰ ਗਿਆ। "ਮੈਂ ਯਾਦ ਰੱਖ ਸਕਦਾ ਹਾਂ" ਉਹ ਬੋਲਿਆ। ਜਾਰਜ ਨੇ ਫਿਰ ਚਮਚੇ ਨਾਲ ਇਸ਼ਾਰਾ ਕਰਦਿਆਂ ਕਿਹਾ।

"ਵੇਖ, ਲੈਨੀ, ਮੈਂ ਚਾਹੁੰਦਾ ਹਾਂ ਕਿ ਤੂੰ ਇਸ ਥਾਂ ਨੂੰ ਚੰਗੀ ਤਰ੍ਹਾਂ ਵੇਖ ਲਵੇਂ। ਤੈਨੂੰ ਇਹ ਥਾਂ ਯਾਦ ਰਹੇਗੀ। ਉਹ ਵਾੜਾ ਉਸ ਪਾਸੇ ਵੱਲ ਲਗਭਗ ਇਕ ਚੌਥਾਈ ਮੀਲ ਦੂਰ ਹੈ। ਬਸ ਇਸ ਦਰਿਆ ਦੇ ਨਾਲ ਨਾਲ।"

"ਜ਼ਰੂਰ, ਲੈਨੀ ਨੇ ਕਿਹਾ, "ਮੈਨੂੰ ਇਹ ਯਾਦ ਰਹੇਗਾ। ਕੀ ਮੈਂ ਉਹ ਗੱਲ ਯਾਦ ਨਹੀਂ ਰੱਖੀ ਕਿ ਮੈਂ ਇਕ ਸ਼ਬਦ ਵੀ ਨਹੀਂ ਬੋਲਾਂਗਾ ?"

"ਬੇਸ਼ਕ, ਤੂੰ ਯਾਦ ਰੱਖਿਆ ਹੈ। ਇਹ ਚੰਗੀ ਗੱਲ ਹੈ। ਵੇਖ ਲੈਨੀ ਜੇਕਰ ਤੂੰ ਹਮੇਸ਼ਾ ਵਾਂਗ ਕਿਸੇ ਬਖੇੜੇ ਵਿਚ ਫੱਸ ਜਾਵੇਂ ਤਾਂ ਮੈਂ ਚਾਹੁੰਦਾ ਹਾਂ ਕਿ ਤੂੰ, ਸਿੱਧਾ ਇਥੇ ਪਹੁੰਚ ਕੇ ਇਨ੍ਹਾਂ ਝਾੜੀਆਂ ਵਿਚ ਲੁੱਕ ਜਾਵੀਂ।"

"ਇਨ੍ਹਾਂ ਝਾੜੀਆਂ ਵਿਚ ਲੁੱਕ ਜਾਵਾਂ, "ਲੈਨੀ ਨੇ ਹੌਲੀ ਹੌਲੀ ਦੁਹਰਾਇਆ।

“ਜਦੋਂ ਤਕ ਮੈਂ ਨਾ ਆਵਾਂ ਤੂੰ ਝਾੜੀਆਂ ਵਿਚ ਹੀ ਲੁਕਿਆ ਰਹੀ। ਕੀ ਤੈਨੂੰ ਇਹ ਗੱਲ ਯਾਦ ਰਹੇਗੀ ?"

"ਜਰੂਰ" ਯਾਦ ਰਹੇਗੀ, ਜਾਰਜ। ਜਦ ਤਕ ਤੂੰ ਨਹੀਂ ਆਉਂਦਾ, ਮੈਂ ਝਾੜੀਆਂ ਵਿਚ ਹੀ ਲੁਕਿਆ ਰਹਾਂਗਾ।”

"ਉਂਜ ਤੂੰ ਕਿਸੇ ਬਖੇੜੇ ਵਿਚ ਫਸੀਂ ਨਾ। ਕਿਉਂਕਿ ਜੇਕਰ ਤੂੰ ਇਸ ਵਾਰ ਵੀ ਕਿਸੇ ਸੰਕਟ ਵਿਚ ਫਸ ਗਿਆ, ਤਾਂ ਮੈਂ ਤੈਨੂੰ ਸਹੇ ਪਾਲਣ ਨਹੀਂ ਦਿਆਂਗਾ।" ਉਸ ਨੇ ਲੋਬੀਏ ਦਾ ਆਪਣਾ ਖਾਲੀ ਡੱਬਾ ਝਾੜੀਆਂ ਵਿਚ ਸੁੱਟ ਦਿੱਤਾ।

“ਜਾਰਜ, ਮੈਂ ਕਿਸੇ ਝਮੇਲੇ ਵਿਚ ਨਹੀਂ ਫਸਾਂਗਾ। ਮੈਂ ਉੱਥੇ ਇਕ ਸ਼ਬਦ ਵੀ ਨਹੀਂ ਬੋਲਾਂਗਾ।”

“ਚੰਗਾ, ਠੀਕ ਹੈ, ਆਪਣੀ ਗਠੜੀ ਇਥੇ ਅੱਗ ਦੇ ਕੋਲ ਲੈ ਆ। ਇਥੇ ਸੌਣ ਵਿਚ ਬੜਾ ਸੁਆਦ ਆਏਗਾ। ਉੱਪਰ ਵੱਲ ਤੱਕਦਿਆਂ ਅਤੇ ਇਹ ਪੱਤੇ। ਹੁਣ ਹੋਰ ਅੱਗ ਜਲਾਉਣ ਦੀ ਲੋੜ ਨਹੀਂ। ਇਹ ਅੱਗ ਇਸੇ ਤਰ੍ਹਾਂ ਹੌਲੀ ਹੌਲੀ ਬੁੱਝ ਜਾਏਗੀ।”

ਉਨ੍ਹਾਂ ਨੇ ਰੇਤ ਉੱਤੇ ਆਪਣੇ ਬਿਸਤਰੇ ਵਿਛਾ ਲਏ। ਜਿਉਂ ਜਿਉਂ ਅੱਗ ਦੀਆਂ ਲਪਟਾਂ ਘੱਟ ਹੁੰਦੀਆਂ ਗਈਆਂ, ਚਾਨਣ ਦਾ ਘੇਰਾ ਵੀ ਛੁਟੇਰਾ ਹੁੰਦਾ ਗਿਆ। ਝੁਕੀਆਂ ਹੋਈਆਂ ਟਹਿਣੀਆਂ ਦਿੱਸਣੋਂ ਰਹਿ ਗਈਆਂ ਅਤੇ ਕੇਵਲ ਹਲਕੀ ਜਿਹੀ ਲੋ ਹੀ ਇਹ ਦੱਸਦੀ ਸੀ ਕਿ ਬਿਰਛਾਂ ਦੇ ਤਣੇ ਕਿੱਥੇ ਕੁ ਹਨ। ਹਨੇਰੇ ਵਿਚੋਂ ਹੀ ਲੈਨੀ ਨੇ ਆਵਾਜ਼ ਮਾਰੀ, ਜਾਰਜ... ਤੂੰ ਸੌਂ ਗਿਆ ਹੈਂ ?”

“ਨਹੀਂ, ਤੈਨੂੰ ਕੀ ਚਾਹੀਦਾ ਹੈ ?”

“ਜਾਰਜ, ਅਸੀਂ ਵੱਖ ਵੱਖ ਰੰਗਾਂ ਦੇ ਸਹੇ ਲਵਾਂਗੇ।”

“ਜ਼ਰੂਰ, ਜ਼ਰੂਰ” ਜਾਰਜ ਨੇ ਅੱਧ-ਸੁੱਤੇ ਵਿਚ ਹੀ ਕਿਹਾ। "ਲਾਲ ਅਤੇ ਨੀਲੇ ਅਤੇ ਹਰੇ ਸਹੇ, ਲੈਨੀ, ਲੱਖਾਂ ਹੀ।”

“ਜਾਰਜ, ਫ਼ਰ ਵਾਲੇ ਵੀ, ਜਿਹੋ ਜਿਹੇ ਮੈਂ ਸੈਕ੍ਰਾਮੈਂਟੋ ਦੇ ਮੇਲੇ ਵਿਚ ਵੇਖੇ ਸਨ।

"ਠੀਕ ਹੈ, ਫ਼ਰ ਵਾਲੇ ਵੀ।"

“ਕਿਉਂਕਿ, ਨਹੀਂ ਤਾਂ ਮੈਂ ਚਲਾ ਵੀ ਜਾਵਾਂਗਾ ਅਤੇ ਗੁਫ਼ਾ ਵਿਚ ਰਹਿਣ ਲੱਗ ਪਵਾਂਗਾ।”

“ਤੂੰ ਜੇਕਰ ਚਾਹੇਂ ਤਾਂ ਦੋਜ਼ਖ਼ ਵਿਚ ਵੀ ਜਾ ਸਕਦਾ ਹੈਂ।” ਜਾਰਜ ਨੇ ਕਿਹਾ, “ਹੁਣ ਬਕਵਾਸ ਬੰਦ ਕਰ।”

ਕੋਲਿਆਂ ਉਤਲੀ ਲਾਲ ਭਾ ਵੀ ਹਲਕੀ ਪੈਣ ਲੱਗ ਪਈ। ਦਰਿਆ ਦੇ ਪਾਰ ਪਹਾੜੀ ਦੇ ਉੱਪਰ ਕੋਈ (ਬਘਿਆੜ ਦਹਾੜਿਆ ਅਤੇ ਦਰਿਆ ਦੇ ਦੂਜੇ ਪਾਸੇ ਤੋਂ ਕਿਸੇ ਕੁੱਤੇ ਨੇ ਜਵਾਬ ਵਿਚ ਭੌਂਕਣਾ ਸ਼ੁਰੂ ਕਰ ਦਿੱਤਾ। ਅੰਜੀਰ ਦੇ ਬਿਰਛਾਂ ਦੀਆਂ ਪੱਤੀਆਂ ਰਾਤ ਦੀ ਮੰਦ ਮੰਦ ਪੌਣ ਵਿਚ ਸਰਸਰਾਈਆਂ।

ਵਾੜੇ ਦੇ ਵਿਚ ਕਾਮਿਆਂ ਦੀ ਰਿਹਾਇਸ਼ ਲਈ ਇਕ ਲੰਮੀ ਸਾਰੀ ਆਇਤਕਾਰ ਇਮਾਰਤ ਸੀ। ਅੰਦਰਵਾਰ ਉਸ ਦੀਆਂ ਕੰਧਾਂ ਉਤੇ ਭਾਵੇਂ ਸਫੈਦੀ ਕੀਤੀ ਹੋਈ ਸੀ ਪਰ ਫ਼ਰਸ਼ ਪੋਚਿਆ ਹੋਇਆ ਨਹੀਂ ਸੀ। ਤਿੰਨ ਪਾਸਿਆਂ ਦੀਆਂ ਕੰਧਾਂ ਵਿਚ ਨਿੱਕੀਆਂ ਨਿੱਕੀਆਂ ਚੌਕੋਰ ਖਿੜਕੀਆਂ ਸਨ ਅਤੇ ਚੌਥੀ ਕੰਧ ਦੇ ਵਿਚ ਇਕ ਭਾਰਾ ਦਰਵਾਜ਼ਾ ਸੀ, ਜਿਸ ਵਿਚ ਲੱਕੜ ਦਾ ਹੋੜਾ ਵੀ ਲੱਗਾ ਹੋਇਆ ਸੀ। ਕੰਧ ਨਾਲ ਲੱਗੇ ਅੱਠ ਫੱਟੇ ਪਏ ਸਨ। ਉਨ੍ਹਾਂ ਵਿਚੋਂ ਪੰਜਾਂ ਦੇ ਉਤੇ ਤਾਂ ਕੰਬਲ ਵੀ ਵਿਛੇ ਹੋਏ ਸਨ, ਪਰ ਬਾਕੀ ਤਿੰਨਾਂ ਦੇ ਗੱਦੇ ਨੰਗੇ ਹੀ ਸਨ ਅਤੇ ਉਨ੍ਹਾਂ ਵਿਚੋਂ ਤੀਲੇ ਵੀ ਦਿੱਸ ਰਹੇ ਸਨ। ਸ਼ਾਇਦ ਉਹ ਫੱਟੇ ਨਵੇਂ ਆਉਣ ਵਾਲੇ ਕਾਮਿਆਂ ਲਈ ਹੀ ਸਨ। ਹਰ ਇਕ ਫੱਟੇ ਦੇ ਉਪਰਵਾਰ ਲਕੜੀ ਦੀ ਇਕ ਇਕ ਨਿੱਕੀ ਜਿਹੀ ਅਲਮਾਰੀ ਕਿੱਲਾਂ ਨਾਲ ਜੜੀ ਹੋਈ ਸੀ, ਜਿਸ ਦਾ ਬੂਹਾ ਅਗਲੇ ਪਾਸੇ ਵੱਲ ਖੁਲ੍ਹਦਾ ਸੀ। ਉਸ ਅਲਮਾਰੀ ਦੇ ਵਿਚ ਫੱਟੇ ਉਤੇ ਸੌਣ ਵਾਲੇ ਕਾਮੇ ਦੀਆਂ ਨਿੱਜੀ ਚੀਜ਼ਾਂ ਰੱਖਣ ਲਈ ਦੋ ਖਾਨੇ ਬਣੇ ਹੋਏ ਸਨ। ਉਹ ਖਾਨੇ ਵੱਖ ਵੱਖ ਤਰ੍ਹਾਂ ਦੀਆਂ ਨਿੱਕੀਆਂ ਮੋਟੀਆਂ ਚੀਜ਼ਾਂ ਜਿਵੇਂ, ਸਾਬਣ, ਪਾਊਡਰ, ਰੇਜਰਾਂ ਆਦਿ ਨਾਲ ਭਰੇ ਹੋਏ ਸਨ। ਉਨ੍ਹਾਂ ਖਾਨਿਆਂ ਦੇ ਵਿਚ ਉਹ ਪੱਛਮੀ ਮੈਗਜ਼ੀਨ ਆਦਿ ਵੀ ਸਨ, ਜਿਨ੍ਹਾਂ ਨੂੰ ਵਾੜਿਆਂ ਦੇ ਕਾਮੇ ਦਿਲ ਲਾ ਕੇ ਪੜ੍ਹਦੇ ਸਨ। ਉਨ੍ਹਾਂ ਵਿਚ ਲਿਖੀਆਂ ਗੱਲਾਂ ਬਾਰੇ ਭਾਵੇਂ ਉਹ ਉਤੋਂ ਉਤੋਂ ਵਿਸ਼ਵਾਸ ਕਰਦੇ ਹਨ। ਉਨ੍ਹਾਂ ਖਾਨਿਆਂ ਦੇ ਵਿਚ ਦਵਾਈਆਂ ਆਦਿ ਵੀ ਸਨ ਅਤੇ ਛੋਟੀਆਂ ਸ਼ੀਸ਼ੀਆਂ ਅਤੇ ਕੰਘੀਆਂ ਆਦਿ ਵੀ ਪਈਆਂ ਸਨ। ਉਨ੍ਹਾਂ ਅਲਮਾਰੀਆਂ ਦੇ ਨਾਲ ਲਗਦੀਆਂ ਕੰਧਾਂ ਵਿਚ ਠੋਕੇ ਹੋਏ

ਕਿੱਲਾਂ ਦੇ ਉਤੇ ਕੁਝ ਟਾਈਆਂ ਵੀ ਲਟਕਦੀਆਂ ਸਨ। ਇਕ ਕੰਧ ਦੇ ਲਾਗੇ ਢਾਲਵੇਂ ਲੋਹੇ ਦਾ ਇਕ ਕਾਲਾ ਚੁੱਲ੍ਹਾ ਵੀ ਪਿਆ ਸੀ, ਜਿਸ ਦੀ ਚਿਮਨੀ ਸਿੱਧੀ ਉਤਾਂਹ ਛੱਤ ਪਾੜ ਕੇ ਬਾਹਰ ਕੱਢੀ ਹੋਈ ਸੀ। ਉਸ ਕਮਰੇ ਦੇ ਵਿਚਕਾਰ ਇਕ ਵੱਡੀ ਸਾਰੀ ਚੋਕਰ ਮੇਜ਼ ਪਈ ਹੋਈ ਸੀ, ਜਿਸ ਉਤੇ ਤਾਸ਼ ਦੇ ਪੱਤੇ ਖਿੱਲਰੇ ਹੋਏ ਸਨ। ਮੇਜ਼ ਦੇ ਚਾਰੇ ਪਾਸੇ ਖੇਡਣ ਵਾਲਿਆਂ ਦੇ ਬੈਠਣ ਲਈ ਬਕਸੇ ਉਲਟਾ ਕੇ ਨਾਲੋ, ਨਾਲ ਰੱਖੇ ਹੋਏ ਸਨ।

ਦਿਨ ਵੇਲੇ ਦਸ ਵਜੇ ਦੇ ਨੇੜੇ ਇਕ ਖਿੜਕੀ ਦੇ ਵਿਚੋਂ ਮਿੱਟੀ-ਘੱਟੇ ਨਾਲ ਭਰੀਆਂ ਹੋਈਆਂ ਸੂਰਜ ਦੀਆਂ ਤੇਜ਼ ਕਿਰਨਾਂ ਕਮਰੇ ਦੇ ਹਨੇਰੇ ਨੂੰ ਚੀਰ ਕੇ ਅੰਦਰ ਆਉਂਦੀਆਂ ਸਨ। ਤੇਜ਼ ਗਤੀ ਵਾਲੇ ਸਿਤਾਰਿਆਂ ਵਾਂਗ ਉਸ ਰੋਸ਼ਨੀ ਦੇ ਵਿਚ ਮੱਖੀਆਂ ਇਧਰੋਂ ਉਧਰੋਂ ਉਡਦੀਆਂ ਸਨ।

ਲੱਕੜੀ ਦਾ ਹੋੜਾ ਉਠਿਆ। ਬੂਹਾ ਖੁਲ੍ਹਿਆ ਅਤੇ ਝੁਕੇ ਹੋਏ ਮੋਢਿਆਂ ਵਾਲਾ ਇਕ ਲੰਬਾ ਬੁੱਢਾ ਆਦਮੀ ਅੰਦਰ ਆ ਵੜਿਆ। ਉਸ ਨੇ ਨੀਲੀ ਜ਼ੀਨ ਪਹਿਨੀ ਹੋਈ ਸੀ ਅਤੇ ਉਸ ਦੇ ਖੱਬੇ ਹੱਥ ਦੇ ਵਿਚ ਇਕ ਵੱਡਾ ਸਾਰਾ ਝਾੜੂ ਫੜਿਆ ਹੋਇਆ ਸੀ। ਉਸ ਆਦਮੀ ਦੇ ਮਗਰ ਮਗਰ ਜਾਰਜ ਅਤੇ ਜਾਰਜ ਦੇ ਮਗਰ ਲੈਨੀ ਆ ਗਏ।

ਬੁੱਢੇ ਆਦਮੀ ਨੇ ਕਿਹਾ, "ਮਾਲਿਕ ਕੱਲ੍ਹ ਰਾਤੀਂ ਤੁਹਾਡੀ ਉਡੀਕ ਕਰ ਰਿਹਾ ਸੀ। ਅੱਜ ਸਵੇਰੇ ਜਦੋਂ ਤੁਸੀਂ ਕੰਮ ਤੇ ਜਾਣ ਵੇਲੇ ਤਕ ਵੀ ਨਾ ਪਹੁੰਚੇ ਤਾਂ ਉਹ ਅਤਿਅੰਤ ਗੁੱਸੇ ਵਿਚ ਸੀ। ਉਸ ਨੇ ਆਪਣੇ ਸੱਜੇ ਹੱਥ ਨਾਲ ਚੁਲ੍ਹੇ ਦੇ ਲਾਗੇ ਪਏ-ਫੱਟਿਆਂ ਵਲ ਇਸ਼ਾਰਾ ਕਰਦਿਆਂ ਕਿਹਾ ਪਰ ਕਮੀਜ਼ ਦੀ ਸਲੀਵ ਵਿਚੋਂ ਲਾਠੀਨੁਮਾ ਟੁੰਡ ਜਿਹੀ ਗੋਲ ਕਲਾਈ ਬਾਹਰ ਨਿਕਲੀ, ਜਿਸ ਉਤੇ ਹੱਥ ਨਹੀਂ ਸੀ। ਤੁਸੀਂ ਸੌਣ ਲਈ ਇਹ ਦੋਵੇਂ ਫੱਟੇ ਮੱਲ ਲਵੋ।"

ਜਾਰਜ ਨੇ ਅਗਾਂਹ ਵਧ ਕੇ ਆਪਣੇ ਕੰਬਲ ਤੀਲਿਆਂ ਨਾਲ ਭਰੇ ਹੋਏ ਗੱਦੇ ਦੇ ਉਤੇ ਰੱਖ ਦਿੱਤੇ। ਫਿਰ ਉਸ ਨੇ ਉਤੇ ਲੱਗੀ ਅਲਮਾਰੀ ਦੇ ਖਾਨਿਆਂ ਨੂੰ ਵੇਖਿਆ ਅਤੇ ਉਥੋਂ ਪੀਲੇ ਰੰਗ ਦਾ ਇਕ ਨਿੱਕਾ ਜਿਹਾ ਡੱਬਾ ਚੁੱਕ ਕੇ ਪੁੱਛਣ ਲੱਗਾ।

"ਦੱਸ ਖਾਂ, ਇਹ ਕੀ ਬਲਾ ਹੈ "

ਬੁੱਢੇ ਆਦਮੀ ਨੇ ਕਿਹਾ, "ਮੈਨੂੰ ਪਤਾ ਨਹੀਂ।"

"ਇਸ ਉਤੇ ਲਿਖਿਆ ਹੈ ਕਿ ਇਹ ਜੂਆ, ਮੱਛਰਾਂ, ਖਟਮਲਾਂ ਅਤੇ ਹੋਰ ਕੀੜਿਆਂ ਨੂੰ ਮਾਰ ਮੁਕਾਉਣ ਲਈ ਐਨ ਕਾਮਯਾਬ ਦਵਾਈ ਹੈ। ਤੁਸੀਂ ਇਹ ਕਿਹੋ ਜਿਹੀ ਗੰਦੀ ਥਾਂ ਸਾਨੂੰ ਸੌਣ ਲਈ ਦੇ ਰਹੇ ਹੋ। ਸਾਨੂੰ ਇਹ ਸਭ ਬਲਾਵਾਂ ਨਹੀਂ ਚਾਹੀਦੀਆਂ।

ਬੁੱਢੇ ਨੇ ਆਪਣੇ ਹੱਥ ਵਾਲਾ ਝਾੜੂ ਕੱਛ ਹੇਠਾਂ ਦਬਾ ਲਿਆ ਅਤੇ ਝਾੜੂ ਵਾਲਾ ਹੱਥ ਡੱਬਾ ਲੈਣ ਲਈ ਅੱਗੇ ਵਧਾਇਆ, ਡੱਬੇ ਉਤੇ ਲੱਗੇ ਲੇਬਲ ਨੂੰ ਉਸ ਨੇ ਚੰਗੀ ਤਰ੍ਹਾਂ ਪੜ੍ਹਿਆ ਅਤੇ ਬੋਲਿਆ, "ਮੈਂ ਦੱਸਦਾ ਹਾਂ ਤੁਹਾਨੂੰ... ਇਸ ਫੱਟੇ ਉਤੇ ਤੁਹਾਡੇ ਤੋਂ ਪਹਿਲਾਂ ਜੋ ਆਦਮੀ ਰਹਿੰਦਾ ਸੀ, ਉਹ ਇਕ ਲੁਹਾਰ ਸੀ— ਉਹ ਬਹੁਤ ਹੀ ਭਲਾ ਮਨੁੱਖ ਸੀ ਅਤੇ ਸਾਫ਼ ਸੁਥਰਾ ਕਿ ਮਿਲਣ ਨੂੰ ਜੀਅ ਕਰਦਾ। ਰੋਟੀ ਖਾਣ ਤੋਂ ਬਾਦ ਵੀ ਉਹ ਹੱਥ ਧੋਂਦਾ ਸੀ।"

ਜਾਰਜ ਦਾ ਗੁੱਸਾ ਹੌਲੀ ਹੌਲੀ ਵਧ ਰਿਹਾ ਸੀ- “ਤਾਂ ਫਿਰ ਉਸ ਨੂੰ ਜੂਆ ਕਿੱਥੋਂ ਪੈ ਗਈਆਂ " ਲੈਨੀ ਨੇ ਆਪਣੀ ਗੱਠੜੀ ਨਾਲ ਦੇ ਫੱਟੇ ਉਤੇ ਰੱਖ ਦਿਤੀ ਅਤੇ ਫਿਰ ਮੂੰਹ ਖੋਲ੍ਹੀ ਉਥੇ ਬੈਠਾ ਬੈਠਾ ਜਾਰਜ ਵੱਲ ਵੇਖਣ ਲੱਗ ਪਿਆ-- ਬੁੱਢਾ ਬੋਲਿਆ, ਸੁਣੋ-ਉਹ ਲੁਹਾਰ, ਜਿਸ ਦਾ ਨਾਂ ਵ੍ਹਾਈਟੀ ਸੀ, ਅਜਿਹਾ ਸਨਕੀ ਸੀ ਕਿ ਜੇਕਰ ਖਟਮਲ ਨਾ ਵੀ ਹੋਣ, ਤਾਂ ਵੀ ਉਹ ਇਹ ਦਵਾਈ ਆਪਣੇ ਪਾਸ ਜ਼ਰੂਰ ਰੱਖਦਾ ਸੀ। ਕੇਵਲ ਆਪਣੇ ਮਨ ਦੀ ਤਸੱਲੀ ਲਈ। ਸਮਝ ਗਏ ਹੋ ? ਦੱਸਦਾ ਹਾਂ ਕਿ ਉਹ ਕੀ ਕਰਿਆ ਕਰਦਾ ਸੀ। ਖਾਣਾ ਖਾਣ ਵੇਲੇ ਉਹ ਆਪਣੇ ਉਬਲੇ ਹੋਏ ਆਲੂਆਂ ਨੂੰ ਛਿੱਲਦਾ ਅਤੇ ਖਾਣ ਤੋਂ ਪਹਿਲਾਂ ਉਹ ਉਨ੍ਹਾਂ ਵਿਚੋਂ ਹਰ ਇਕ ਦਾਗ਼ ਨੂੰ ਭਾਵੇਂ ਉਹੋ ਕਿਹੋ ਜਿਹਾ ਦਾਗ਼ ਵੀ ਹੋਵੇ, ਕੱਢ ਕੇ ਬਾਹਰ ਸੁੱਟ ਦਿੰਦਾ। ਜੇਕਰ ਕਿਸੇ ਅੰਡੇ ਉਤੇ ਲਾਲ ਜਿਹਾ ਕੋਈ ਨਿਸ਼ਾਨ ਹੁੰਦਾ ਤਾਂ ਉਹ ਉਸ ਨੂੰ ਸੁੱਟ ਦਿੰਦਾ। ਅਖ਼ੀਰ ਉਹ ਆਪਣੀ ਇਸੇ ਸਨਕੀ ਆਦਤ ਦੇ ਕਾਰਨ ਇਥੋਂ ਚਲਾ ਗਿਆ। ਅਜਿਹਾ ਆਦਮੀ ਸੀ ਉਹ ਬਿਲਕੁਲ ਸਾਫ। ਐਤਵਾਰ ਵਾਲੇ ਦਿਨ ਉਹ ਚੰਗੇ ਚੰਗੇ ਕੱਪੜੇ ਪਾ ਲੈਂਦਾ, ਟਾਈ ਵੀ ਬੰਨ੍ਹ ਲੈਂਦਾ, ਭਾਵੇਂ ਉਸ ਨੇ ਕਿਸੇ ਥਾਂ ਨਾ ਵੀ ਜਾਣਾ ਹੋਵੇ ਅਤੇ ਫਿਰ ਕਈ ਵਾਰ ਇੱਥੇ ਹੀ ਬੈਠਾ ਰਹਿੰਦਾ। ਕੋਈ ਪੁੱਛੇ ਉਸ ਨੂੰ, ਭਰਾਵਾ, "ਜੇ ਤੂੰ ਕਿਧਰੇ ਬਾਹਰ ਜਾਣਾ ਹੀ ਨਹੀਂ ਤਾਂ ਨਵੇਂ ਕਪੜੇ ਪਾਉਣ ਦੀ ਕੀ ਲੋੜ ਸੀ ?" ਬੁੱਢਾ ਹੱਸਣ ਲੱਗ ਪਿਆ ਅਤੇ ਬੋਲਿਆ, “ਪਰ ਉਹ ਇਹੋ ਜਿਹਾ ਸਨਕੀ ਹੀ ਸੀ।”

ਜਾਰਜ ਨੇ ਅਵਿਸ਼ਵਾਸ ਦੇ ਲਹਿਜੇ ਵਿਚ ਕਿਹਾ, “ਮੈਨੂੰ ਤਾਂ ਯਕੀਨ ਨਹੀਂ ਆਉਂਦਾ। ਤੂੰ ਉਸ ਦੇ ਜਾਣ ਦਾ ਕੀ ਕਾਰਣ ਦੱਸਿਆ ਹੈ "

ਬੁੱਢੇ ਨੇ ਉਹ ਪੀਲਾ ਡੱਬਾ ਆਪਣੀ ਜੇਬ ਵਿਚ ਰੱਖ ਲਿਆ ਅਤੇ ਆਪਣੀਆਂ ਉਂਗਲੀਆਂ ਨਾਲ ਆਪਣੀ ਚਿੱਟੀ ਦਾੜ੍ਹੀ ਨੂੰ ਖੁਰਕਣ ਲੱਗ ਪਿਆ। "ਓਏ ਸੁਣੋ ਉਹ ਬਸ

ਚਲਾ ਹੀ ਗਿਆ, ਜਿਵੇਂ ਹੋਰ ਲੋਕੀਂ ਚਲੇ ਜਾਂਦੇ ਹਨ। ਕਹਿੰਦਾ ਸੀ- ਘਟੀਆ ਖਾਣੇ ਕਾਰਨ ਜਾਂਦਾ ਹਾਂ। ਪਰ ਉਂਜ ਵੀ ਜਾਣਾ ਚਾਹੁੰਦਾ ਹੋਵੇਗਾ। ਉਸ ਨੇ ਖਾਣੇ ਤੋਂ ਛੁੱਟ ਹੋਰ ਕੋਈ ਕਾਰਣ ਨਹੀਂ ਦੱਸਿਆ। ਇਕ ਦਿਨ ਅਚਾਨਕ ਹੀ ਉਸ ਨੇ ਕਹਿ ਦਿੱਤਾ, 'ਮੈਨੂੰ ਛੁੱਟੀ ਦੇ ਦਿਉਂ ਜਿਵੇਂ ਕਿ ਸਾਰੇ ਲੋਕੀਂ ਕਹਿ ਦਿੰਦੇ ਹਨ। ”

ਜਾਰਜ ਨੇ ਗੱਦਾ ਚੁੱਕ ਕੇ ਉਸ ਦੇ ਹੇਠੋਂ ਵੇਖਿਆ ਅਤੇ ਨੀਵਾਂ ਹੋ ਕੇ ਨੀਝ ਨਾਲ ਉਸ ਦੀ ਚੈਕਿੰਗ ਕੀਤੀ। ਤੁਰੰਤ ਲੈਨੀ ਨੇ ਵੀ ਸਾਵਧਾਨ ਹੋ ਕੇ ਆਪਣੇ ਬਿਸਤਰੇ ਦਾ ਚੰਗੀ ਤਰ੍ਹਾਂ ਨਿਰੀਖਣ ਕੀਤਾ। ਇੰਜ ਲਗਦਾ ਸੀ ਕਿ ਜਾਰਜ ਨੂੰ ਹੁਣ ਕੋਈ ਸ਼ੱਕ ਸੂਬਾ ਨਹੀਂ ਰਿਹਾ ਸੀ। ਉਸ ਨੇ ਆਪਣਾ ਬਿਸਤਰ ਖੋਲ੍ਹਿਆ ਅਤੇ ਉਸ ਵਿਚੋਂ ਆਪਣੀਆਂ ਚੀਜਾਂ-ਉਸਤਰਾ, ਸਾਬਣ, ਕੰਘੀ, ਗੋਲੀਆਂ ਦੀ ਸ਼ੀਸ਼ੀ, ਤੇਲ ਅਤੇ ਗੁੱਟ ਤੇ ਬੰਨ੍ਹਣ ਵਾਲੀ ਚਮੜੇ ਦੀ ਪੱਟੀ ਆਦਿ ਕੱਢ ਕੇ ਆਪਣੀ ਅਲਮਾਰੀ ਦੇ ਖਾਨਿਆਂ ਵਿਚ ਰੱਖ ਦਿੱਤੀਆਂ ਫਿਰ ਉਸ ਨੇ ਕੰਬਲ ਰੱਖ ਕੇ ਬਿਸਤਰਾ ਠੀਕ ਤਰ੍ਹਾਂ ਵਿਛਾ ਦਿੱਤਾ।

ਬੁੱਢੇ ਆਦਮੀ ਨੇ ਕਿਹਾ, “ਮੇਰਾ ਖਿਆਲ ਹੈ ਕਿ ਮਾਲਕ ਹੁਣ ਇਥੇ ਆਉਂਦਾ ਹੀ ਹੋਵੇਗਾ। ਵਾਸਤਵ ਵਿਚ ਤੁਹਾਡੇ ਸਵੇਰ ਤੱਕ ਇੱਥੇ ਨਾ ਪਹੁੰਚਣ ਤੇ ਉਹ ਬਹੁਤ ਔਖਾ ਹੋ ਗਿਆ ਸੀ। ਅਸੀਂ ਨਾਸ਼ਤਾ ਕਰ ਰਹੇ ਸਾਂ, ਜਿਸ ਵੇਲੇ ਉਹ ਆਇਆ ਸੀ, ਉਸ ਨੇ ਤੁਰੰਤ ਪੁੱਛਿਆ, "ਨਵੇਂ ਕਾਮੇ ਕਿੱਥੇ ਚਲੇ ਗਏ ਹਨ " ਉਸ ਨੇ ਘੁੜਸਾਲ ਵਾਲੇ ਦੀ ਵੀ ਚੰਗੀ ਝੰਡ ਕੀਤੀ ਸੀ।"

ਜਾਰਜ ਨੇ ਫਿਰ ਆਪਣੇ ਬਿਸਤਰੇ ਚੋ ਵੱਟਾਂ ਨੂੰ ਠੀਕ ਕੀਤਾ ਅਤੇ ਬਹਿ ਗਿਆ ਉਸ ਨੇ ਪੁੱਛਿਆ, “ਘੁੜਸਾਲ ਵਾਲੇ ਦੀ ਝੰਡ ਕੀਤੀ ਸੀ '

“ਹਾਂ, ਘੁੜਸਾਲ ਵਾਲਾ ਨੀਗਰੋ ਹੈ ਨਾ।"

"ਹਾਂ, ਨੀਗਰ"

“ਹਾਂ, ਉਹ ਵੀ ਭਲਾ ਮਨੁੱਖ ਹੈ। ਕਿਸੇ ਘੋੜੇ ਨੇ ਉਸ ਨੂੰ ਦੁਲੱਤੀ ਮਾਰ ਦਿੱਤੀ ਸੀ। ਇਸ ਕਾਰਣ ਉਸ ਦੀ ਪਿੱਠ ਕੁੱਬੀ ਹੋ ਗਈ ਹੈ। ਜਦੋਂ ਵੀ ਮਾਲਕ ਔਖਾ ਹੁੰਦਾ ਹੈ, ਤਾਂ ਉਸ ਦੀ ਬੜੀ ਲਾਹ-ਪਾਹ ਕਰਦਾ ਹੈ। ਪਰ ਉਸ ਘੁੜਸਾਲ ਵਾਲੇ ਨੂੰ ਇਸ ਗੱਲ ਦੀ ਉਕਾ ਹੀ ਪਰਵਾਹ ਨਹੀਂ ਹੁੰਦੀ। ਉਹ ਪੜ੍ਹਦਾ ਵੀ ਚੋਖਾ ਹੈ। ਉਸ ਦੇ ਕਮਰੇ ਵਿਚ ਢੇਰ ਸਾਰੀਆਂ ਪੁਸਤਕਾਂ ਹਨ।

"ਜਾਰਜ ਨੇ ਪੁੱਛਿਆ, "ਇਹ ਮਾਲਕ ਕਿਹੋ ਜਿਹਾ ਆਦਮੀ ਐ "

"ਆਦਮੀ ਤਾਂ ਖ਼ਾਸਾ ਚੰਗਾ ਹੈ, ਪਰ ਕਦੇ ਕਦੇ ਉਸ ਦਾ ਸਿਰ ਫਿਰ ਜਾਂਦਾ ਹੈ... ਉੱਜ ਚੰਗਾ ਮਨੁੱਖ ਹੈ। ਹਾਂ... ਪਤਾ ਹੈ ਉਸ ਨੇ ਵੱਡੇ ਦਿਨ ਕੀ ਕੀਤਾ ਸੀ ? ਵਿਸਕੀ ਦਾ ਗੈਲਨ ਭਰਾ ਕੇ ਇੱਥੇ ਹੀ ਲੈ ਆਇਆ ਅਤੇ ਕਹਿਣ ਲੱਗਾ, 'ਦਿਲ ਭਰ ਕੇ ਪੀ ਲਵੋ, ਵੱਡਾ ਦਿਨ ਸਾਲ ਵਿਚ ਇਕ ਵਾਰੀ ਹੀ ਆਉਂਦਾ ਹੈ ... ......"

"ਸੱਚੀ। ਗੇਲਨ ਭਰ '

“ਆਹੋ ਜੀ, ਰੱਬ ਦੀ ਸਹੁੰ, ਬੜੀ ਮੌਜ ਲੱਗੀ। ਉਸ ਦਿਨ ਲੋਕਾਂ ਨੇ ਉਸ ਨੀਗਰੋ ਨੂੰ ਵੀ ਇੱਥੇ ਹੀ ਸੱਦ ਲਿਆ ਸੀ। ਪਰ ਉਹ ਗਿਠਮੁਠੀਆ ਸਮਿਟੀ, ਜੋ ਸਕਿਨਰ ਹੈ, ਉਸ ਨੀਗਰੋ ਨਾਲ ਖਹਿਬੜ ਪਿਆ। ਕਾਫ਼ੀ ਮੌਜ ਮੇਲਾ ਬਣਿਆ। ਲੋਕਾਂ ਨੇ ਸਮਿਟੀ ਨੂੰ ਮਾਰ-ਕੁਟਾਈ ਕਰਨ ਤੋਂ ਰੋਕੀ ਰੱਖਿਆ ਅਤੇ ਉਸ ਨੂੰ ਸ਼ਹਿ ਨਾ ਦਿੱਤੀ। ਇਸ ਤਰ੍ਹਾਂ ਉਹ ਨੀਗਰੋ ਜਿੱਤ ਗਿਆ। ਸਮਿਟੀ ਕਹਿੰਦਾ ਸੀ ਕਿ ਜੇਕਰ ਉਹ ਲੱਤ ਮਾਰ ਦਿੰਦਾ, ਤਾਂ ਉਸ ਨੀਗਰੋ ਨੂੰ ਅਵੱਸ਼ ਜਾਨੋਂ ਹੀ ਮਾਰ ਸੁੱਟਦਾ। ਲੋਕੀਂ ਸੋਚਦੇ ਸਨ ਕਿ ਨੀਂਗਰੋ ਦੀ ਪਿੱਠ ਤਾਂ ਪਹਿਲਾਂ ਹੀ ਕੁੱਬੀ ਹੈ ਅਤੇ ਸਮਿਟੀ ਦਾ ਉਸ ਨੂੰ ਲੱਤਾਂ ਮਾਰਨਾ ਠੀਕ ਨਹੀਂ।” ਉਸ ਹੱਲੇ ਗੁੱਲੇ ਦੀ ਯਾਦ ਦਾ ਆਨੰਦ ਮਾਣਨ ਲਈ ਉਹ ਛਿਣ ਭਰ ਚੁੱਪ ਹੋ ਗਿਆ ਅਤੇ ਫਿਰ ਬੋਲਿਆ, “ਉਸ ਪਿਛੋਂ ਲੋਕੀਂ ਸੌਲੇਦਾਦ ਚਲੇ ਗਏ ਅਤੇ ਉਥੇ ਉਨ੍ਹਾਂ ਨੇ ਬੜਾ ਹੁੱਲੜ ਮਚਾਇਆ। ਮੈਂ ਤਾਂ ਨਹੀਂ ਗਿਆ ਸਾਂ ਉਥੇ ਹੁਣ ਹਿੰਮਤ ਨਹੀਂ ਰਹੀ।”

ਲੈਨੀ ਨੇ ਆਪਣਾ ਬਿਸਤਰਾ ਠੀਕ ਕੀਤਾ ਹੀ ਸੀ ਕਿ ਤੁਰੰਤ ਲਕੜੀ ਦਾ ਹੋੜਾ ਫਿਰ ਉਠਿਆ ਅਤੇ ਬੂਹਾ ਖੁੱਲ੍ਹਿਆ। ਬੂਹੇ ਵਿਚ ਇਕ ਆਦਮੀ ਖੜ੍ਹਾ ਸੀ। ਜਿਸ ਦਾ ਸਰੀਰ ਗੱਠਵਾਂ ਪਰ ਕੱਦ ਛੋਟਾ ਸੀ। ਉਸ ਨੇ ਨੀਲੀ ਜ਼ੀਨ ਦੀ ਪੈਂਟ, ਫ਼ਲਾਲੈਨ ਦੀ ਕਮੀਜ਼ ਬਿਨਾ ਬਟਨਾਂ ਦੀ ਕਾਲੇ ਰੰਗ ਦੀ ਵਾਸਕਟ ਅਤੇ ਕਾਲੇ ਰੰਗ ਦਾ ਕੋਟ ਪਹਿਨਿਆ ਹੋਇਆ ਸੀ। ਉਸ ਨੇ ਆਪਣੇ ਦੋਹਾਂ ਹੱਥਾਂ ਦੇ ਅੰਗੂਠੇ ਲੋਹੇ ਦੇ ਚਕੌਰ ਬਕਲਸਾਂ ਦੇ ਦੋਹਾਂ ਪਾਸਿਆਂ ਵੱਲ ਪੇਟੀ ਵਿਚ ਪਾਏ ਹੋਏ ਸਨ। ਉਸ ਦੇ ਸਿਰ ਉਤਲਾ ਟੋਪ ਮੈਲਾ ਜਿਹਾ ਅਤੇ ਭੂਰੇ ਰੰਗ ਦਾ ਸੀ। ਉਸ ਨੇ ਉੱਚੀਆਂ ਅੱਡੀਆਂ ਵਾਲੇ ਬੂਟ ਪਾਏ ਹੋਏ ਸਨ, ਜਿਨ੍ਹਾਂ ਤੋਂ ਇਹ ਸਪੱਸ਼ਟ ਹੁੰਦਾ ਸੀ ਕਿ ਉਹ ਮਜ਼ਦੂਰ ਨਹੀਂ ਹੈ।

ਝਾੜੂ ਵਾਲੇ ਬੁੱਢੇ ਨੇ ਚੁਸਤੀ ਨਾਲ ਉਸ ਵੱਲ ਵੇਖਿਆ ਅਤੇ ਆਪਣੀ ਦਾੜ੍ਹੀ ਨੂੰ ਖੁਰਕਦਾ ਹੋਇਆ ਬੂਹੇ ਵੱਲ ਅੱਗੇ ਵਧਿਆ ਅਤੇ ਬੋਲਿਆ, "ਇਹ ਦੋਵੇਂ ਆਦਮੀ ਹੁਣੇ ਆਏ ਹਨ।" ਇਹ ਗੱਲ ਕਹਿੰਦਾ ਉਹ ਮਾਲਕ ਦੇ ਕੋਲੋਂ ਅਗਾਂਹ ਲੰਘ ਗਿਆ ਅਤੇ ਕਮਰੇ ਤੋਂ ਬਾਹਰ ਚਲਾ ਗਿਆ।

ਮਾਲਕ ਨੇ ਇਕ ਦੋ ਨਿੱਕੇ ਨਿੱਕੇ ਪਰ ਤੇਜ ਕਦਮ ਪੁੱਟੇ ਅਤੇ ਕਮਰੇ ਵਿਚ ਅੰਦਰ ਆ ਗਿਆ। ਮੈਂ "ਮੋਰੇ ਐਂਡ ਰੈੱਡੀ" ਨੂੰ ਲਿਖਿਆ ਸੀ ਕਿ ਮੈਨੂੰ ਅੱਜ ਸਵੇਰੇ ਦੋ ਆਦਮੀ ਚਾਹੀਦੇ ਹਨ। ਕੀ ਤੁਹਾਡੇ ਕੋਲ ਕੰਮ ਦੇ ਕਾਰਡ (ਵਰਕ-ਕਾਰਡ) ਹਨ '

ਜਾਰਜ ਨੇ ਆਪਣੀ ਜੇਬ ਵਿਚ ਹੱਥ ਪਾਇਆ ਅਤੇ ਵਰਕ-ਕਾਰਡ ਕੱਢ ਕੇ ਮਾਲਕ ਨੂੰ ਦੇ ਦਿੱਤੇ।

ਮਾਲਕ ਬੋਲਿਆ, "ਇਸ ਦੇਰੀ ਹੋਣ ਵਿਚ 'ਮੋਰੇ ਐਂਡ ਰੈੱਡੀ ਦੀ ਕੋਈ ਗਲਤੀ ਨਹੀਂ। ਕਾਰਡ ਵਿਚ ਲਿਖਿਆ ਹੈ ਕਿ ਤੁਸੀਂ ਕੰਮ ਤੇ ਅੱਜ ਸਵੇਰੇ ਸਵੇਰੇ ਇਥੇ ਪਹੁੰਚ ਜਾਵੋਗੇ।"

ਜਾਰਜ ਨੇ ਉਸ ਦੇ ਪੈਰਾਂ ਵਲ ਤੱਕਿਆ ਅਤੇ ਕਿਹਾ, "ਬਸ ਵਾਲੇ ਨੇ ਸਾਡੇ ਨਾਲ ਧੋਖਾ ਕੀਤਾ । ਸਾਨੂੰ ਦਸ ਮੀਲ ਪੈਦਲ ਤੁਰਨਾ ਪਿਆ । ਉਸ ਨੇ ਸਾਨੂੰ ਕਹਿ ਦਿੱਤਾ ਕਿ ਤੁਸੀਂ ਪਹੁੰਚ ਗਏ ਹੋ, ਪਰ ਉਸ ਦੀ ਗੱਲ ਝੂਠ ਸੀ । ਫਿਰ ਸਵੇਰੇ ਸਾਨੂੰ ਕੋਈ ਸਵਾਰੀ ਨਹੀਂ ਮਿਲੀ ।"

ਮਾਲਕ ਆਪਣੀ ਅੱਖ ਦੱਬ ਕੇ ਬੋਲਿਆ, "ਕੰਮ ਉਤੇ ਜਾਣ ਵਾਲੇ ਮਜ਼ਦੂਰਾਂ ਦੀ ਟੋਲੀ ਵਿਚ ਅਨਾਜ ਭਰਨ ਵਾਲੇ ਦੋ ਆਦਮੀ ਘੱਟ ਗਏ ਹਨ । ਹੁਣ ਖਾਣੇ ਤੋਂ ਬਾਦ ਜਾਣਾ ਹੋਵੇਗਾ, ਹੋਰ ਤਾਂ ਕੋਈ ਰਾਹ ਨਹੀਂ ।"

ਉਸ ਨੇ ਆਪਣੀ ਜੇਬ ਵਿਚੋਂ ਟਾਈਮ-ਬੁਕ ਕੱਢੀ ਅਤੇ ਪੰਨਿਆ ਦੇ ਵਿਚ ਜਿੱਥੇ ਇਕ ਪੈਨਸਿਲ ਰੱਖੀ ਸੀ ਉਥੋਂ ਉਸ ਨੂੰ ਖੋਲ੍ਹਿਆ। ਜਾਰਜ ਨੇ ਭਵਾਂ ਚੜ੍ਹਾ ਕੇ ਭਾਵਪੂਰਣ ਨਜ਼ਰਾਂ ਨਾਲ ਲੈਨੀ ਵਲ ਦੇਖਿਆ । ਲੈਨੀ ਨੇ ਸਿਰ ਹਿਲਾ ਕੇ ਉਸ ਨੂੰ ਸੰਕੇਤ ਦਿੱਤਾ ਕਿ ਉਹ ਸਾਰੀ ਗੱਲ ਸਮਝ ਗਿਆ ਹੈ।

ਮਾਲਕ ਨੇ ਪੈਨਸਿਲ ਨੂੰ ਜੀਭ ਨਾਲ ਲਾਇਆ ਅਤੇ ਪੁੱਛਿਆ, "ਤੇਰਾ ਕੀ ਨਾ ਹੈ।"

"ਜਾਰਜ ਮਿਲਟਨ ।"

"ਅਤੇ ਤੇਰਾ "

ਜਾਰਜ ਨੇ ਹੀ ਉੱਤਰ ਦਿੱਤਾ, "ਇਸ ਦਾ ਨਾਂ ਲੈਨੀ ਸਮਾਲ ਹੈ।"

ਉਸ ਨੇ ਨਾਂ ਕਾਪੀ ਵਿਚ ਦਰਜ ਕਰ ਲਏ । "ਚੰਗਾ, ਤਾਂ ਅੱਜ ਵੀਹ ਤਾਰੀਖ ਹੈ । ਵੀਹ ਤਾਰੀਖ਼ ਨੂੰ ਦੁਪਹਿਰ ਤੋਂ ।" ਮਾਲਕ ਨੇ ਕਾਪੀ ਬੰਦ ਕਰ ਦਿੱਤੀ । ਤੁਸੀਂ ਲੋਕ ਪਹਿਲਾਂ ਕਿੱਥੇ ਕੰਮ ਕਰ ਰਹੇ ਸੀ "

ਜਾਰਜ ਨੇ ਉੱਤਰ ਦਿੱਤਾ, “ਓਧਰ, ਵੀਡ ਦੇ ਕੋਲ ।"

"ਅਤੇ ਤੂੰ ਵੀ "

“ਹਾਂ, ਉਸ ਨੇ ਵੀ ।”

ਮਾਲਕ ਨੇ ਹਲਕੀ ਜਿਹੀ ਮੁਸਕਣੀ ਮਾਰੀ ਅਤੇ ਆਪਣੀ ਉਂਗਲੀ ਨਾਲ ਲੈਨੀ ਵਲ ਇਸ਼ਾਰਾ ਕਰਦੇ ਹੋਏ ਬੋਲਿਆ, “ਉਸ ਨੂੰ ਬਹੁਤੀਆਂ ਗੱਲਾਂ ਕਰਨੀਆਂ ਨਹੀਂ ਆਉਂਦੀਆਂ। ਕਿਉਂ ਠੀਕ ਹੈ ਨਾ ।"

“ਨਹੀਂ, ਗੱਲਾਂ ਨਹੀਂ ਆਉਂਦੀਆਂ, ਉਸ ਨੂੰ । ਪਰ ਕੰਮ ਨਿਬੇੜਨ ਵਿਚ ਅਤਿਅੰਤ ਨਿਪੁੰਨ ਹੈ । ਸੰਢਾ ਹੈ ਸੰਢਾ।

ਲੇਨੀ ਮਨ ਹੀ ਮਨ ਵਿਚ ਮੁਸਕਰਾਇਆ ਅਤੇ ਹੌਲੀ ਜਿਹੀ ਦੁਹਰਾ ਦਿੱਤਾ;

' ਸੰਢਾ ਹੈ ਸੰਢਾ ।'

ਜਾਰਜ ਨੇ ਕੌੜੀ ਅੱਖ ਨਾਲ ਉਸ ਵੱਲ ਵੇਖਿਆ। ਆਪਣੀ ਭੁੱਲ ਤੇ ਸ਼ਰਮਸਾਰ ਹੋ ਕੇ ਲੇਨੀ ਨੇ ਸਿਰ ਨੀਵਾਂ ਕਰ ਲਿਆ ।

ਮਾਲਕ ਇਕ ਦੰਮ ਬੋਲਿਆ, "ਸੁਣੋ ਸਮਾਲ ।"

ਲੈਨੀ ਨੇ ਆਪਣਾ ਸਿਰ ਉਤਾਂਹ ਚੁੱਕਿਆ ।

"ਤੂੰ ਕੀ ਕੰਮ ਕਰ ਸਕਦਾ ਹੈ

ਲੈਨੀ ਨੇ ਘਾਬਰ ਕੇ ਜਾਰਜ ਵਲ ਵੇਖਿਆ।

ਜਾਰਜ ਬੋਲਿਆ, “ਉਹ ਸਾਰੇ ਕੰਮ ਕਰ ਸਕਦਾ ਹੈ । ਅਨਾਜ ਕੁੱਟ ਸਕਦਾ ਹੈ । ਬੋਰੀਆਂ ਵਿਚ ਭਰ ਸਕਦਾ ਹੈ । ਭੋਂ ਵਾਹ ਸਕਦਾ ਹੈ । ਫ਼ਸਲ ਬੀਜ ਸਕਦਾ ਹੈ। ਉਹ ਸਾਰੇ ਕੰਮ ਕਰ ਸਕਦਾ ਹੈ । ਬੱਸ ਤੁਸੀਂ ਉਸ ਨੂੰ ਕੰਮ ਕਰਨ ਦਾ ਮੌਕਾ ਦਿਉ ।’

ਮਾਲਕ ਨੇ ਘੁੰਮ ਕੇ ਜਾਰਜ ਵੱਲ ਵੇਖਿਆ। “ਤੂੰ ਉਸ ਨੂੰ ਆਪੂੰ ਜਵਾਬ ਕਿਉਂ ਨਹੀਂ ਦੇਣ ਦਿੰਦਾ ? ਅਜਿਹੀ ਕਿਹੜੀ ਗੱਲ ਹੈ ਜਿਹੜੀ ਤੁਸੀਂ ਲੁਕੋਣਾ ਚਾਹੁੰਦੇ ਹੋ "

ਜਾਰਜ ਹੌਲੀ ਜਿਹੀ ਹੱਸਿਆ, ਫਿਰ ਬੋਲਿਆ, ਮੈਂ ਲੁਕਾ ਕੁਝ ਨਹੀਂ ਰਿਹਾ। ਇਹ ਲੈਨੀ ਗੱਲਾਂ ਕਰਨ ਵਿਚ ਚੁਸਤ ਨਹੀਂ ਹੈ । ਭੋਲਾ ਹੈ। ਪਰ ਕੰਮ ਵਿਚ ਸ਼ੇਰ ਹੈ। ਚਾਰ ਸੌ ਪੌਂਡ ਦੀ ਗੱਠ ਇਕੱਲਾ ਹੀ ਚੁੱਕ ਸਕਦਾ ਹੈ, ਜੀ ।"

ਮਾਲਕ, ਨੇ ਆਪਣੀ ਨਿੱਕੀ ਜਿਹੀ ਨੋਟ-ਬੁੱਕ ਹੌਲੇ ਜਿਹੇ ਆਪਣੀ ਜੇਬ ਵਿਚ ਪਾ ਲਈ । ਫਿਰ ਉਸ ਨੇ ਆਪਣੇ ਅੰਗੂਠੇ ਆਪਣੀ ਪੇਟੀ ਵਿਚ ਵਾੜ ਲਏ । ਉਹ ਇਕ ਅੱਖ ਤਕਰੀਬਨ ਤਕਰੀਬਨ ਬੰਦ ਕਰਕੇ ਬੋਲਿਆ, “ਤੂੰ ਇਸ ਦੀ ਇੰਨੀ ਵਕਾਲਤ ਕਿਉਂ ਕਰ ਰਿਹਾ ਹੈਂ "

"ਜੀ"

ਮੈਂ ਪੁੱਛਦਾ ਹਾਂ ਕਿ ਇਸ ਆਦਮੀ ਵਿਚ ਤੇਰੀ ਇੰਨੀ ਦਿਲਚਸਪੀ ਕਿਉਂ ਹੈ ? ਕੀ ਤੂੰ ਇਸ ਦੀ ਵਗਾਰ ਲੈਂਦਾ ਹੈ "

"ਜੀ ਨਹੀਂ ਇਹ ਗੱਲ ਠੀਕ ਨਹੀਂ ਹੈ । ਤੁਸੀਂ ਇਹ ਕਿਉਂ ਸੋਚਦੇ ਹੋ ਕਿ ਮੈਂ ਇਸ ਦੀ ਸਿਫ਼ਾਰਸ਼ ਕਰ ਰਿਹਾ ਹਾਂ । ”

ਮੈਂ ਅੱਜ ਤੱਕ ਕਿਸੇ ਮਨੁੱਖ ਨੂੰ ਕਿਸੇ ਦੂਜੇ ਆਦਮੀ ਲਈ ਇੰਨੇ ਤਰਲੇ ਕਰਦਾ ਨਹੀਂ ਵੇਖਿਆ । ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਵਿਚ ਤੇਰਾ ਕੀ ਹਿਤ ਹੈ"

ਜਾਰਜ ਨੇ ਉੱਤਰ ਦਿੱਤਾ, “ਇਹ ਮੇਰਾ ............ਚਾਚੇ ਦਾ ਪੁੱਤ.........ਭਰਾ ਹੈ। ਮੈਂ ਇਸ ਦੀ ਬੁੱਢੀ ਮਾਂ ਨੂੰ ਕਿਹਾ ਸੀ ਕਿ ਮੈਂ ਇਸ ਦੀ ਦੇਖਭਾਲ ਕਰਾਂਗਾ । ਹਾਲੇ ਇਹ ਨਿੱਕਾ ਜਿਹਾ ਹੀ ਸੀ ਜਦੋਂ ਇਕ ਘੋੜੇ ਨੇ ਇਸ ਦੇ ਸਿਰ ਵਿਚ ਲੱਤ ਮਾਰ ਦਿੱਤੀ ਸੀ । ਉਂਜ ਤਾਂ ਇਹ ਬਿਲਕੁੱਲ ਠੀਕ ਹੈ, ਬਸ ਰਤਾ ਕੁ ਸਿੱਧਰਾ ਹੈ । ਪਰ ਤੁਸੀਂ ਇਸ ਨੂੰ ਜੋ ਵੀ ਕਹੋ, ਕਰ ਸਕਦਾ ਹੈ । ”

ਮਾਲਕ ਨੇ ਘੁੰਮ ਕੇ ਪਾਸਾ ਮੋੜਿਆ, "ਖੈਰ ਜੌਆਂ ਦੇ ਬੋਰੇ ਭਰਨ ਲਈ ਤਾਂ ਦਿਮਾਗ਼ ਦੀ ਲੋੜ ਨਹੀਂ ਹੁੰਦੀ । ਪਰ ਮਿਲਟਨ ਇਕ ਗੱਲ ਚੰਗੀ ਤਰ੍ਹਾਂ ਸਮਝ ਲੈ-ਮੇਰੇ ਕੋਲੋਂ ਤੁਸੀਂ ਕੋਈ ਗੱਲ ਲੁਕਾ ਨਹੀਂ ਸਕਦੇ । ਮੇਰੀ ਨਜ਼ਰ ਹਮੇਸ਼ਾ ਤੁਹਾਡੇ ਤੇ ਰਹੇਗੀ। ਵੀਡ ਤੋਂ ਤੁਸੀਂ ਕੰਮ ਕਿਉਂ ਛੱਡ ਆਏ"

ਜਾਰਜ ਨੇ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ, ਉਥੇ ਕੰਮ ਮੁੱਕ ਗਿਆ ਸੀ । "

"ਕੀ ਕੰਮ ਸੀ ਉਥੇ"

"ਅਸੀਂ...ਅਸੀਂ ਉਥੇ ਇਕ ਵੱਡਾ ਸਾਰਾ ਕੁੰਡ ਪੁੱਟ ਰਹੇ ਸਾਂ।

"ਠੀਕ ਹੈ, ਚੰਗਾ ਚੰਗਾ । ਪਰ ਕੋਈ ਭੌੜੀ ਚਾਲ ਨਾ ਚਲਣਾ । ਤੁਹਾਡੀ ਕੋਈ ਵੀ ਚੁਸਤੀ ਹੁਸ਼ਿਆਰੀ ਇਥੇ ਨਹੀਂ ਚਲ ਸਕਦੀ। ਮੈਂ ਵੱਡੇ ਚਲਾਕ ਬੰਦੇ ਵੇਖੇ ਹੋਏ ਹਨ । ਖਾਣੇ ਦੇ ਸਮੇਂ ਤੋਂ ਬਾਦ ਅਨਾਜ ਵਾਲੀ ਟੋਲੀ ਦੇ ਨਾਲ ਚਲੇ ਜਾਣਾ । ਉਹ ਲੋਕੀਂ ਅਨਾਜ ਕੁੱਟਣ ਵਾਲੀ ਮਸ਼ੀਨ ਤੋਂ ਜੌਂ ਇਕੱਠੇ ਕਰ ਰਹੇ ਹਨ । ਸਲਿਮ ਦੀ ਟੋਲੀ ਦੇ ਨਾਲ ਜਾਣਾ ।"

"ਸਲਿਮ "

"ਹਾਂ ਖੂਬ ਲੰਬਾ ਚੌੜਾ ਆਦਮੀ ਹੈ । ਖਾਣੇ ਦੇ ਵੇਲੇ ਤੁਹਾਨੂੰ ਮਿਲੇਗਾ"

ਫਿਰ ਉਹ ਇਕ ਦੰਮ ਵਾਪਸ ਮੁੜਿਆ ਅਤੇ ਬੂਹੇ ਵੱਲ ਚਲਾ ਗਿਆ। ਪਰ ਬਾਹਰ ਜਾਣ ਤੋਂ ਪਹਿਲਾਂ ਉਸ ਨੇ ਚੰਗੀ ਨੀਝ ਲਾ ਕੇ ਦੋਹਾਂ ਵਲ ਮੁੜ ਵੇਖਿਆ ਅਤੇ ਫਿਰ ਉਹ ਬਾਹਰ ਨਿਕਲ ਗਿਆ ।

ਜਦੋਂ ਉਸ ਦੇ ਪੈਰਾਂ ਦਾ ਖੜਕਾ ਕਾਫੀ ਦੂਰ ਚਲਾ ਗਿਆ ਤਾਂ ਜਾਰਜ ਲੈਨੀ ਵੱਲ ਮੁੜਿਆ । "ਤੂੰ ਤਾਂ ਇਕ ਅੱਖਰ ਵੀ ਨਹੀਂ ਕੂ ਸਕਦਾ ਸੈਂ ।" ਉਸ ਨੇ ਮੂੰਹ ਡਿੰਗਾ ਕਰਕੇ ਕਿਹਾ, "ਤੈਨੂੰ ਕਿਹਾ ਸੀ ਨਾ ਕਿ ਤੂੰ ਆਪਣਾ ਵੱਡਾ ਸਾਰਾ-ਬਥੌੜ ਬੰਦ ਰੱਖੀਂ ਅਤੇ ਮੈਨੂੰ ਹੀ ਗੱਲ ਕਰਨ ਦੇਵੀਂ। ਨੌਕਰੀ ਹੱਥੋਂ ਨਿਕਲਦੀ ਨਿਕਲਦੀ ਮਸਾਂ ਹੀ ਬਚੀ ਹੈ ।"

ਲੈਨੀ ਨਿਰਾਸਤਾ ਦੀ ਭਾਵਨਾ ਨਾਲ ਆਪਣੇ ਹੱਥਾਂ ਵਲ ਵੇਖਦਾ ਰਿਹਾ। "ਮੈਂ ਭੁੱਲ ਗਿਆ ਸੀ, ਜਾਰਜ ।"

'ਹਾਂ, ਤੂੰ ਤਾਂ ਭੁੱਲ ਹੀ ਗਿਆ ਸੈਂ । ਤੂੰ ਤਾਂ ਹਮੇਸ਼ਾ ਹੀ ਭੁੱਲ ਜਾਂਦਾ ਹੈ ਅਤੇ ਬਚਾਉਣਾ ਮੈਨੂੰ ਪੈਂਦਾ ਹੈ ।" ਉਹ ਧੜੰਮ ਕਰਕੇ ਫੱਟੇ ਉਤੇ ਬਹਿ ਗਿਆ। "ਹੁਣ ਉਸ ਦੀ ਅੱਖ ਸਾਡੇ ਉਤੇ ਰਹੇਗੀ । ਸਾਨੂੰ ਹਰ ਸਮੇਂ ਸਾਵਧਾਨ ਰਹਿਣਾ ਪਵੇਗਾ ਤਾਂ ਜੋ ਕੋਈ ਗਲਤੀ

ਨਾ ਹੋ ਜਾਵੇ । ਰੱਬ ਦਾ ਵਾਸਤਾ ਈ ਤੂੰ ਆਪਣਾ ਇਹ ਬਥੌੜ ਬੰਦ ਰੱਖੀਂ । ਸਮਝ ਗਿਆ ਹੈਂ?" ਚਿੜ੍ਹ ਕੇ ਉਹ ਚੁੱਪ ਹੋ ਕੇ ਬੈਠ ਗਿਆ ਅਤੇ ਬਾਹਰ ਖ਼ਲਾ ਵਲ ਝਾਕਣ ਲੱਗ ਪਿਆ ।

ਕੁਝ ਛਿਣਾਂ ਲਈ ਚੁਧ ਪਸਰੀ ਰਹੀ । ਫਿਰ ਲੈਨੀ ਹਿਚਕਿਚਾਉਂਦਾ ਹੋਇਆ ਬੋਲਿਆ । "ਜਾਹਜ" "ਕੀ ਗੱਲ ਹੈ "

"ਜਾਰਜ, ਮੇਰੇ ਸਿਰ ਵਿਚ ਤਾਂ ਕਿਸੇ ਘੋੜੇ ਨੇ ਲੱਤ ਨਹੀਂ ਮਾਰੀ ਸੀ ।"

ਜਾਰਜ ਨੇ ਖਿਝ ਕੇ ਕਿਹਾ, "ਜੇ ਮਾਰ ਦਿੱਤੀ ਹੁੰਦੀ, ਤਾਂ ਵਧੇਰੇ ਚੰਗਾ ਹੁੰਦਾ ਸਾਰੇ ਦੁੱਖ ਹੀ ਮੁੱਕ ਗਏ ਹੁੰਦੇ ।"

"ਤੁਸੀਂ ਕਿਹਾ ਸੀ ਕਿ ਮੈਂ ਤੁਹਾਡਾ ਚਾਚੇ ਦਾ ਪੁੱਤ-ਭਰਾ ਹਾਂ ।

"ਆਹੋ, ਉਹ ਝੂਠ ਹੀ ਸੀ ਅਤੇ ਮੈਨੂੰ ਖੁਸ਼ੀ ਹੈ ਕਿ ਇਹ ਗੱਲ ਸੱਚੀ ਨਹੀਂ ਹੈ। ਜੇਕਰ ਮੈਂ ਤੇਰਾ ਸਕਾ ਸਬੰਧੀ ਹੁੰਦਾ, ਤਾਂ ਮੈਂ ਆਪਣੇ ਆਪ ਨੂੰ ਗੋਲੀ ਮਾਰ ਲੈਂਦਾ ।" ਉਹ ਇਕ ਦਮ ਚੁੱਪ ਹੋ ਗਿਆ ਅਤੇ ਉਸ ਨੇ ਅਗਾਂਹ ਹੋ ਕੇ ਖੁਲ੍ਹੇ ਹੋਏ ਬੂਹੇ ਵਿਚੋਂ ਬਾਹਰ ਵੱਲ ਝਾਕਿਆ । "ਕਿਉਂ ਜੀ, ਤੁਸੀਂ ਚੁੱਪ ਸਾਧੀ ਇੱਥੇ ਕੀ ਸੁਣ ਰਹੇ ਹੋ ।"

ਸਫਾਈ ਕਰਨ ਵਾਲਾ ਬੁੱਢਾ ਮਲਕੜੇ ਜਿਹੇ ਆ ਕੇ ਦਰਵਾਜ਼ੇ ਵਿਚ ਖੜੋ ਗਿਆ ਸੀ । ਉਸ ਦਾ ਝਾੜੂ ਵੀ ਉਸ ਦੇ ਹੱਥ ਵਿਚ ਹੀ ਸੀ । ਉਸ ਦੇ ਮਗਰ ਮਗਰ ਖੁਰਕ ਮਾਰਿਆ ਇਕ ਕੁੱਤਾ ਵੀ ਸੀ । ਕੁੱਤੇ ਦੀਆਂ ਪੀਲੀਆਂ-ਫੂਕ ਅੱਧ-ਖੁੱਲ੍ਹੀਆਂ ਅੱਖਾਂ ਸਨ ਅਤੇ ਉਸ ਦਾ ਮੂੰਹ ਭੂਰੇ ਰੰਗ ਦਾ ਸੀ । ਉਹ ਕੁੱਤਾ ਲੰਗੜਾਉਂਦਿਆਂ ਹੋਇਆਂ ਕਮਰੇ ਵਿਚ ਇਕ ਨੁੱਕਰੇ ਜਾ ਕੇ ਲੇਟ ਗਿਆ ਅਤੇ ਹੌਲੀ ਆਵਾਜ਼ ਵਿਚ ਘੁਰਕਦਾ ਹੋਇਆ ਕੀੜਿਆਂ ਨਾਲ ਭਰੀ ਆਪਣੀ ਭੂਰੀ ਪਿੱਠ ਨੂੰ ਚੱਟਣ ਲੱਗ ਪਿਆ । ਬੁੱਢਾ ਕੁੱਤੇ ਵਲ ਹੀ ਵੇਖੀ ਜਾ ਰਿਹਾ ਸੀ। ਉਹ ਜਾਰਜ ਦੇ ਸਵਾਲ ਦੇ ਉੱਤਰ ਵਿਚ ਬੋਲਿਆ, "ਮੈਂ ਗੱਲਾਂ ਨਹੀ ਸੁਣ ਰਿਹਾ ਸਾਂ, ਮੈਂ ਤਾਂ ਛਿਨ ਕੁ ਲਈ ਹੀ ਛਾਵੇਂ ਖਲੋ ਕੇ ਆਪਣੇ ਕੁੱਤੇ ਨੂੰ ਖੁਰਕ ਰਿਹਾ ਸਾਂ । ਹੁਣੇ ਹੁਣੇ ਹੀ ਮੈਂ ਬਾਥ-ਰੂਮ ਦੀ ਸਫਾਈ ਕੀਤੀ ਹੈ ।"

ਜਾਰਜ ਖਿਝ ਕੇ ਬੋਲਿਆ, "ਤੂੰ ਤਾਂ ਆਪਣੇ ਵੱਡੇ ਵੱਡੇ ਕੰਨ ਸਾਡੀਆਂ ਗੱਲਾਂ ਸੁਣਨ ਲਈ ਉਤਾਂਹ ਚੁਕੇ ਹੋਏ ਸਨ । ਮੈਨੂੰ ਇਹ ਗੱਲ ਉੱਕਾ ਹੀ ਨਹੀਂ ਭਾਉਂਦੀ ਕਿ ਕੋਈ ਕਿਸੇ ਦੇ ਮਾਮਲੇ ਵਿਚ ਐਵੇਂ ਲੱਤ ਅੜਾਵੇ । ਮੈਂ ਆਪ ਵੀ ਕਿਸੇ ਦੀ ਗੱਲ ਵਿਚ ਆਪਣੀ ਲੱਤ ਨਹੀਂ ਅੜਾਉਂਦਾ ਅਤੇ ਨਾ ਹੀ ਕਿਸੇ ਦੂਜੇ ਨੂੰ ਦਖਲ ਅੰਦਾਜ਼ੀ ਕਰਨ ਦਿੰਦਾ ਹਾਂ "

ਬੁੱਢਾ ਕੁਝ ਘਾਬਰ ਗਿਆ ਉਸ ਨੇ ਜਾਰਜ ਤੋਂ ਨਜ਼ਰ ਹਟਾ ਕੇ ਲੈਨੀ ਵੱਲ ਅਤੇ ਮੁੜ ਲੈਨੀ ਤੋਂ ਨਜ਼ਰਾਂ ਫੇਰ ਕੇ ਜਾਰਜ ਵੱਲ ਵੇਖਿਆ " ਮੈਂ ਤਾਂ ਆ ਕੇ ਉੱਥੇ ਖੜਾ ਹੋਇਆ ਹੀ ਸਾਂ," ਉਸ ਨੇ ਕਿਹਾ । ਮੈ ਕੁਝ ਵੀ ਨਹੀਂ ਸੁਣਿਆਂ ਕਿ ਤੁਸੀਂ ਕਿਹੜੀ ਗੱਲ ਉਤੇ ਖਹਿਬੜ ਰਹੇ ਸੋ । ਮੈਨੂੰ ਤੁਹਾਡੀਆਂ ਗੱਲਾਂ ਨਾਲ ਕੋਈ ਵਾਸਤਾ ਨਹੀਂ । ਇਥੇ ਕੰਮ ਕਰਨ ਵਾਲੇ ਨਾ ਤਾਂ ਦੂਜਿਆਂ ਦੀਆਂ ਗੱਲਾਂ ਸੁਣਨ ਨਈ ਕੰਨ ਲਾਉਂਦੇ ਹਨ ਅਤੇ ਨਾ ਹੀ ਉਲ ਜਲੂਲ ਪੁੱਛ ਗਿੱਛ ਕਰਦੇ ਹਨ ।"

"ਮੁਬਾਰਕ ਹੈ ਕਿ ਉਹ ਇੰਜ ਨਹੀਂ ਕਰਦੇ" ਜਾਰਜ ਨੇ ਰਤਾ ਕੁ ਨਰਮੀ ਨਾਲ ਕਿਹਾ, ਉਨ੍ਹਾਂ ਦੀ ਭਲਾਈ ਵੀ ਇਸੇ ਵਿਚ ਹੀ ਹੈ ।" ਉਹ ਬੁੱਢੇ ਦੀ ਗੱਲ ਤੋਂ ਨਿਸਚਿੰਤ ਹੋ ਗਿਆ ਸੀ । "ਅੰਦਰ ਆ ਜਾਵੋ, ਰਤਾ ਕੁ ਬੈਠੋ," ਉਸ ਨੇ ਕਿਹਾ, "ਤੁਹਾਡਾ ਕੁੱਤਾ ਤਾਂ ਬਹੁਤ ਹੀ ਬੁੱਢਾ ਹੋ ਗਿਆ ਹੈ ।

"ਹਾਂ, ਇਹ ਨਿੱਕਾ ਜਿਹਾ ਕਤੂਰਾ ਸੀ, ਉਦੋਂ ਤੋਂ ਹੀ ਮੇਰੇ ਪਾਸ ਹੈ । ਨਿੱਕਾ ਹੁੰਦਿਆਂ ਤਾਂ ਬਹੁਤ ਸੁਹਣਾ ਸੀ। ਉਸ ਨੇ ਆਪਣਾ ਝਾੜੂ ਕੰਧ ਦੇ ਨਾਲ ਟਿਕਾ ਦਿੱਤਾ ਅਤੇ ਆਪਣੀ ਡੱਬ ਖੜੱਬੀ ਚਿੱਟੀ ਦਾੜ੍ਹੀ ਨੂੰ ਖੁਰਕਦਿਆਂ ਹੋਇਆਂ ਬੋਲਿਆ, "ਮਾਲਕ ਤੁਹਾਨੂੰ ਕਿਹੋ ਜਿਹਾ ਲੱਗਾ ਹੈ: "ਚੰਗਾ ਮਨੁੱਖ ਹੈ ।"

'ਹਾਂ, ਚੰਗਾ ਆਦਮੀ ਹੈ," ਬੁੱਢੇ ਨੇ ਹੁੰਗਾਰਾ ਭਰਿਆ । 'ਬਸ, ਉਸ... ਉਸ ਨੂੰ .... ਰਤਾ ਕੁ ਸਮਝ ਲੈਣਾ ਜ਼ਰੂਰੀ ਹੈ ।"

ਉਸੇ ਵੇਲੇ ਇਕ ਗੱਭਰੂ ਅੰਦਰ ਆਇਆ। ਉਸ ਦਾ ਜੁੱਸਾ ਕਮਜ਼ੋਰ ਜਿਹਾ ਸੀ । ਉਸ ਦੇ ਵਾਲ ਘੁੰਗਰਾਲੇ ਸਨ ਅਤੇ ਭਰਾ ਭੂਰਾ ਮੂੰਹ-ਮੱਥਾ ਅਤੇ ਭੂਰੀਆਂ ਅੱਖਾਂ ਸਨ । ਉਸ ਦੀ ਖੱਬੀ ਵੀਣੀ ਉਤੇ ਮਜ਼ਦੂਰਾਂ ਵਾਂਗ ਪੱਟੀ ਬੰਨ੍ਹੀ ਸੀ, ਪੈਰਾਂ ਵਿਚ ਮਾਲਕਾਂ ਵਰਗੇ ਬੂਟ ਪਾਏ ਹੋਏ ਸਨ ।

ਉਸ ਨੇ ਪੁੱਛਿਆ, "ਪਿਤਾ ਜੀ, ਇੱਧਰ ਆਏ ਸਨ

ਬੁੱਢੇ ਨੇ ਉੱਤਰ ਦਿੱਤਾ, "ਕਰਲੀ, ਉਹ ਹੁਣੇ ਹੁਣੇ ਇੱਥੇ ਹੀ ਸਨ। ਮੇਰਾ ਖਿਆਲ ਹੈ ਕਿ ਉਹ ਕਿਚਨ ਵੱਲ ਗਏ ਹਨ ।"

ਕਰਲੀ ਬੋਲਿਆ, "ਮੈਂ ਉੱਥੇ ਹੀ ਜਾ ਕੇ ਉਨ੍ਹਾਂ ਨੂੰ ਮਿਲ ਲੈਂਦਾ ਹਾਂ ।" ਉਸੇ ਵੇਲੇ ਉਸ ਦੀ ਨਜ਼ਰ ਨਵੇਂ ਆਏ ਆਦਮੀਆਂ ਉਤੇ ਪਈ ਅਤੇ ਉਹ ਠਠੰਬਰ ਗਿਆ । ਉਸ ਨੇ ਇਕ ਡੂੰਘੀ ਤੇਜ ਨਜ਼ਰ ਪਹਿਲਾਂ ਜਾਰਜ ਤੇ ਅਤੇ ਫਿਰ ਲੈਨੀ ਤੇ ਮਾਰੀ । ਉਸ ਦੀਆਂ ਬਾਹਾਂ

ਹੌਲੀ ਹੌਲੀ ਅਰਕਾਂ ਤੋਂ ਮੁੜੀਆਂ ਅਤੇ ਮੁੱਠੀਆਂ ਮੀਚੀਆਂ ਗਈਆਂ। ਉਹ ਆਕੜ ਗਿਆ ਅਤੇ ਇਸੇ ਤਰ੍ਹਾਂ ਆਕੜਿਆ ਹੋਇਆ ਹੀ ਰਤਾ ਕੁ ਝੁਕ ਗਿਆ । ਉਸ ਦੀਆਂ ਨਜ਼ਰਾਂ ਤੋਂ ਇੰਜ ਲੱਗਦਾ ਸੀ ਕਿ ਉਹ ਲੜਾਈ ਕਰਨ ਉਤੇ ਤੁਲਿਆ ਹੋਇਆ ਹੈ । ਪਰ ਸ਼ਾਇਦ ਉਹ ਆਪਣੇ ਬਲ-ਬੂਤੇ ਦਾ ਅੰਦਾਜਾ ਕਰ ਰਿਹਾ ਹੋਵੇ । ਉਸ ਦੀ ਇਸ ਤੀਖਣ ਤੱਕਣੀ ਤੋਂ ਲੈਨੀ ਘਾਬਰ ਗਿਆ। ਉਸ ਨੇ ਆਪਣਾ ਇਕ ਪੈਰ ਦੂਜੇ ਪੈਰ ਉਤੇ ਰੱਖਿਆ ਫਿਰ ਦੂਜਾ ਪੈਰ ਪਹਿਲੇ ਪੈਰ ਉਤੇ ਰਖਿਆ, ਕਰਲੀ ਉਸ ਵਲ ਵਧ ਗਿਆ । ਉਸ ਨੇ ਕਰੜੇ ਹੁਕਮਰਾਨਾ ਲਹਿਜੇ ਵਿਚ ਪੁੱਛਿਆ, “ਤੁਸੀਂ ਹੀ ਉਹ ਨਵੇਂ ਆਦਮੀ ਹੋ, ਜਿਨ੍ਹਾਂ ਦੀ ਉਡੀਕ ਪਿਤਾ ਜੀ ਕਰ ਰਹੇ ਸਨ "

ਜਾਰਜ ਨੇ ਕਿਹਾ, “ਅਸੀਂ ਹੁਣੇ ਹੀ ਆਏ ਹਾਂ ।” "ਇਸ ਨੂੰ ਬੋਲਣ ਦਿਉ ।”

ਲੈਨੀ ਘਬਰਾਹਟ ਅਤੇ ਪਰੇਸ਼ਾਨੀ ਨਾਲ ਸੁੰਨ ਮੁੰਨ ਹੋ ਗਿਆ। "ਅਤੇ ਜੇਕਰ ਉਹ ਨਾ ਬੋਲਣਾ ਚਾਹੇ ਤਾਂ ।" ਜਾਰਜ ਨੇ ਕਿਹਾ।

ਕਰਲੀ ਨੇ ਇਕ ਝਟਕੇ ਨਾਲ ਪਾਸਾ ਮੋੜਿਆ। “ਰੱਬ ਦੀ ਸਹੁੰ, ਇਸ ਨੂੰ ਬੋਲਣਾ ਹੀ ਪਵੇਗਾ । ਤੁਸੀਂ ਆਪਣੀ ਲੱਤ ਕਿਉਂ ਅੜਾ ਰਹੇ ਹੋ "

ਜਾਰਜ ਨੇ ਰੁੱਖਾ ਜਵਾਬ ਦਿੱਤਾ, “ਕਿਉਂਕਿ ਅਸੀਂ ਇਕੱਠੇ ਰਹਿੰਦੇ ਹਾਂ ।”

"ਚੰਗਾ, ਤਾਂ ਫਿਰ ਇਹੀ ਗੱਲ ਹੈ "

ਜਾਰਜ ਵੀ ਆਕੜ ਗਿਆ, ਪਰ ਅਹਿੱਲ ਬੈਠਾ ਰਿਹਾ, "ਆਹੋ, ਇਹੀ ਗੱਲ ਹੈ। ਲੈਨੀ ਬੜੀ ਬੇਵਸੀ ਵਿਚ ਆਦੇਸ਼ ਲਈ ਜਾਰਜ ਵਲ ਵੇਖ ਰਿਹਾ ਸੀ ।

"ਅਤੇ ਤੁਸੀਂ ਉਸ ਨੂੰ ਆਪ ਗੱਲ ਨਹੀਂ ਕਰਨ ਦਿਉਗੇ: ਇੱਦਾਂ ਹੀ ਹੈ ਨਾ

“ਉਹ ਗੱਲ ਕਰ ਸਕਦਾ ਹੈ, ਜੇਕਰ ਕੁਝ ਕਹਿਣਾ ਚਾਹੇ, ਤਾਂ" ਜਾਰਜ ਨੇ ਆਪਣੇ ਸਿਰ ਦੇ ਨਾਲ ਲੈਨੀ ਵਲ ਕੁਝ ਇਸ਼ਾਰਾ ਕਰ ਦਿੱਤਾ ।

ਲੈਨੀ ਨੇ ਨਰਮੀ ਨਾਲ ਕਿਹਾ, ਅਸੀਂ ਲੋਕ ਹੁਣੇ ਹੀ ਆਏ ਹਾਂ ।” ਕਰਲੀ ਉਸ ਨੂੰ ਘੂਰ ਘੂਰ ਕੇ ਤੱਕਦਾ ਰਿਹਾ, ‘ਯਾਦ ਰੱਖੀਂ ਜੇਕਰ ਤੇਰੇ ਤੋਂ ਕੋਈ ਗੱਲ ਪੁੱਛੀ ਜਾਵੇ, ਤਾਂ ਤੂੰ ਹੀ ਜਵਾਬ ਦੇਵੀਂ । ਸਮਝ ਗਿਆ ਹੈਂ " ਫਿਰ ਉਹ ਬੂਹੇ ਵਲ ਵਧਿਆ ਅਤੇ ਬਾਹਰ ਨਿਕਲ ਗਿਆ ਉਸ ਦੀਆਂ ਬਾਹਾਂ ਅਰਕਾਂ ਤੋਂ ਹਾਲੇ ਵੀ ਥੋੜੀਆਂ ਮੁੜੀਆਂ ਹੋਈਆਂ ਹੀ ਸਨ ।

ਜਾਰਜ ਉਸ ਨੂੰ ਬਾਹਰ ਜਾਂਦੇ ਨੂੰ ਵੇਖਦਾ ਰਿਹਾ । ਫਿਰ ਸਫ਼ਾਈ ਕਰਨ ਵਾਲੇ ਬੁੱਢੇ ਵੱਲ ਵੇਖ ਕੇ ਬੋਲਿਆ, ‘ਗੱਲ ਕੀ ਹੈ ? ਉਹ ਚਾਹੁੰਦਾ ਕੀ ਹੈ ਲੈਨੀ ਨੇ ਉਸ ਦਾ ਕੀ ਵਿਗਾੜਿਆ ਹੈ!”

ਬੁੱਢੇ ਨੇ ਚੌਕਸ ਹੋ ਕੇ ਬੂਹੇ ਵੱਲ ਵੇਖਿਆ ਕਿ ਕਿਧਰੇ ਕੋਈ ਸੁਣ ਤਾਂ ਨਹੀਂ ਰਿਹਾ "ਉਹ ਮਾਲਕ ਦਾ ਲੜਕਾ ਹੈ। ਉਸ ਦਾ ਨਾਂ ਕਰਲੀ ਹੈ।" ਫਿਰ ਉਸ ਨੇ ਬਹੁਤ ਹੌਲੀ ਆਵਾਜ਼ ਵਿਚ ਕਿਹਾ, "ਬੜਾ ਲੜਾਕਾ ਹੈ। ਬਾਕਸਿੰਗ ਵਿਚ ਉਸ ਨੇ ਵੱਡਾ ਨਾਮਣਾ ਖਟਿਆ ਹੈ। ਬਹੁਤ ਤੇਜ਼ ਅਤੇ ਚੁਸਤ ਹੈ ਅਤੇ ਤਕੜਾ ਵੀ ਹੈ।

"ਤਕੜਾ ਹੈ ਤਾਂ ਕੀ ਹੋਇਆ ?" ਜਾਰਜ ਬੋਲਿਆ, "ਲੈਨੀ ਦੇ ਮਗਰ ਕਿਉਂ ਪੈਣਾ ਚਾਹੁੰਦਾ ਹੈ ? ਲੈਨੀ ਨੇ ਉਸ ਦਾ ਕੀ ਵਿਗਾੜਿਆ ਹੈ ਲੈਨੀ ਨਾਲ ਉਸ ਦੀ ਕੀ ਦੁਸ਼ਮਨੀ ਹੈ"

ਬੁੱਢਾ ਮੁੜ ਦਾੜ੍ਹੀ ਨੂੰ ਖੁਰਕਣ ਲਗ ਪਿਆ। ਫਿਰ ਰਤਾ ਕੁ ਸੋਚ ਕੇ ਬੋਲਿਆ.. 'ਗੱਲ ਇੰਜ ਹੈ......ਕਿ ਕਰਲੀ ਦਾ ਸੁਭਾ ਸਾਰੇ ਗਿਠਮੁਠੀਏ ਮਨੁੱਖਾਂ ਵਰਗਾ ਹੈ। ਉਸ ਨੂੰ ਉਚੇ ਲੰਮੇ ਡੀਲ ਡੌਲ ਵਾਲੇ ਆਦਮੀਆਂ ਤੋਂ ਚਿੜ ਹੈ। ਉਹ ਲੰਮੇ, ਉਚੇ ਅਤੇ ਤਕੜੇ ਆਦਮੀਆਂ ਨਾਲ ਲੜਦਾ ਹੈ। ਕਿਉਂਕਿ ਉਹ ਆਪ ਪਿੱਦੂ ਜਿਹਾ ਹੈ। ਤੁਸੀਂ ਅਵੱਸ਼ ਅਜਿਹੇ ਠਿੰਗਣੇ ਆਦਮੀ ਵੇਖੇ ਹੋਣਗੇ ? ਕਿਉਂ ਵੇਖੇ ਹੈਨ ਨਾ ? ਆਪਣੇ ਆਪ ਨੂੰ ਕਤੜਾ ਦੱਸਣ ਲਈ ਹਮੇਸ਼ਾ ਲੜਨ ਮਰਨ ਨੂੰ ਤਿਆਰ ਰਹਿੰਦਾ ਹੈ।" ਅਤੇ ਬੁੱਢਾ ਮਾੜਾ ਜਿਹਾ ਹੱਸਿਆ।

ਜਾਰਜ ਬੋਲਿਆ, "ਹਾਂ, ਹਾਂ, ਮੈਂ ਅਜਿਹੇ ਬਹੁਤ ਸਾਰੇ ਵੇਖੇ ਹਨ। ਪਰ ਚੰਗਾ ਇਹੀ ਹੋਵੇਗਾ ਕਿ ਇਹ ਕਰਲੀ ਲੈਨੀ ਬਾਰੇ ਕਿਸੇ ਸ਼ੰਕੇ ਵਿਚ ਨਾ ਰਹੇ। ਲੈਨੀ ਫੁਰਤੀਲਾ ਤਾਂ ਨਹੀਂ ਹੈ। ਪਹ ਜੇਕਰ ਇਹ ਕਰਲੀ ਦਾ ਬੱਚਾ ਲੈਨੀ ਨਾਲ ਖਹਿਬੜ ਪਿਆ, ਤਾਂ ਉਸ ਦੀ ਖੈਰ ਨਹੀਂ ਹੋਵੇਗੀ।"

"ਕਰਲੀ ਪੁੱਜ ਕੇ ਚਾਲਾਕ ਹੈ। ਬੁੱਢੇ ਨੇ ਅਵਿਸ਼ਵਾਸ ਦੀ ਭਾਵਨਾ ਨਾਲ ਕਿਹਾ, "ਉਹ ਜਾਣ ਬੁੱਝ ਕੇ ਆਪਣੇ ਤੋਂ ਤਕੜੇ ਅਤੇ ਮਜ਼ਬੂਤ ਆਦਮੀਆਂ ਨਾਲ ਖਹਿਬੜਦਾ ਹੈ। ਜੇਕਰ ਉਹ ਉਨ੍ਹਾਂ ਨੂੰ ਹਰਾ ਦੇਵੇ, ਤਾਂ ਲੋਕੀਂ ਉਸ ਦੀ ਵਾਹ ਵਾਹ ਕਰ ਦਿੰਦੇ ਹਨ। ਕਿਹੋ ਜਿਹਾ ਸੁਹਣਾ ਜਵਾਨ ਹੈ। ਪਰ ਜੇਕਰ ਉਹ ਕਿਸੇ ਅਜਿਹੇ ਮਨੁੱਖ ਤੋਂ ਹਾਰ ਜਾਵੇ, ਤਾਂ ਸਾਰੇ ਲੋਕੀਂ ਕਹਿਣ ਲੱਗ ਪੈਂਦੇ ਹਨ। ਅਜਿਹੇ ਹੱਟੇ ਕੱਟੇ ਆਦਮੀ ਨੂੰ ਆਪਣਾ ਜੋੜ ਵੇਖਣਾ ਚਾਹੀਦਾ ਸੀ ਅਤੇ ਹੋ ਇੰਜ ਵੀ ਸਕਦਾ ਹੈ, ਕਿ ਉਹ ਸਾਰੇ ਲੋਕ ਮਿਲ ਕੇ ਉਸ ਹੱਟੇ ਕੱਟੇ ਆਦਮੀ ਦੇ ਹੀ ਪਿੱਛੇ ਪੈ ਜਾਣ। ਉਂਜ ਮੈਨੂੰ ਕਦੇ ਵੀ ਇਹ ਗੱਲ ਠੀਕ ਨਹੀਂ ਲੱਗਦੀ। ਕਰਲੀ ਦੇ ਤਾਂ ਹਰ ਪਾਸੇ ਪੌ-ਬਾਰਾਂ ਹੁੰਦੇ ਹਨ।"

ਜ਼ਾਰਜ ਦੀ ਨਜ਼ਰ ਬੂਹੇ ਵੱਲ ਹੀ ਸੀ । ਉਸ ਨੇ ਕੁਝ ਸ਼ੱਕੀ ਜਿਹੇ ਢੰਗ ਨਾਲ ਕਿਹਾ, "ਲੈਨੀ ਤੋਂ ਉਹ ਦੂਰ ਹੀ ਰਹੇ, ਤਾਂ ਚੰਗਾ ਹੈ । ਲੈਨੀ ਕੋਈ ਭਲਵਾਨ ਤਾਂ ਨਹੀਂ ਹੈ, ਪਰ ਉਂਜ ਲੈਨੀ ਤੇਜ਼ ਵੀ ਹੈ ਅਤੇ ਤਕੜਾ ਵੀ ਹੈ । ਲੈਨੀ ਕੜੇ ਕਾਨੂੰਨਾਂ ਵਿਚ ਵੀ ਨਹੀਂ ਪੈਂਦਾ ।" ਫਿਰ ਉਹ ਚੌਕੋਰ ਮੇਜ਼ ਦੇ ਕੋਲ ਆ ਕੇ ਇਕ ਬਕਸੇ ਉਤੇ ਬਹਿ ਗਿਆ ਉਸ ਨੇ ਤਾਸ਼ ਦੇ ਕੁਝ ਪੱਤੇ ਇਕੱਠੇ ਕੀਤੇ ਅਤੇ ਫੈਂਟਣ ਲੱਗ ਪਿਆ ।

ਬੁੱਢਾ ਇਕ ਹੋਰ ਬਕਸੇ ਉਤੇ ਬੈਠ ਗਿਆ । ਕਰਲੀ ਨੂੰ ਨਾ ਦੱਸਣਾ ਕਿ ਮੈਂ ਇਹ ਗੱਲਾਂ ਕੀਤੀਆਂ ਹਨ ।" ਉਸ ਨੇ ਆਖਿਆ, "ਉਹ ਮੈਨੂੰ ਮਾਰ ਦੇਵੇਗਾ। ਉਹ ਕਿਸੇ ਨੂੰ ਵੀ ਨਹੀਂ ਬਖ਼ਸ਼ਦਾ । ਉਸ ਨੂੰ ਕੌਣ ਕੁਝ ਕਹੇ ? ਉਸ ਦਾ ਪਿਉ ਜੋ ਇਸ ਵਾੜੇ ਦਾ ਮਾਲਕ ਹੋਇਆ "

ਜਾਰਜ ਨੇ ਪੱਤੇ ਕੱਟੇ ਅਤੇ ਵੰਡਣ ਲਗ ਪਿਆ। ਉਹ ਹਰ ਪੱਤੇ ਨੂੰ ਉਲਟਾ ਕੇ ਵੇਖਦਾ ਅਤੇ ਉਨ੍ਹਾਂ ਨੂੰ ਇਕ ਢੇਰੀ ਉਤੇ ਸੁੱਟਦਾ ਜਾਂਦਾ ਸੀ ।

"ਇਹ ਸਾਲਾ ਕਰਲੀ ਮੈਨੂੰ ਪੱਕਾ ਸੂਰ ਦਾ ਪੁੱਤ ਮਲੂਮ ਹੁੰਦਾ ਹੈ " ਉਹ ਬੋਲਿਆ, 'ਮੈਨੂੰ ਅਜਿਹੇ ਕਮੀਨੇ ਠੱਗਣੇ ਆਦਮੀ ਉੱਕਾ ਹੀ ਪਸੰਦ ਨਹੀਂ ਹਨ ।"

ਬੁੱਢਾ ਬੋਲਿਆ, "ਮੈਨੂੰ ਲੱਗਦਾ ਹੈ ਕਿ ਕੁਝ ਦਿਨਾਂ ਤੋਂ ਉਹ ਹੋਰ ਵੀ ਵਿਗੜ ਗਿਆ ਹੈ । ਪੰਦਰਵਾੜਾ ਕੁ ਹੋਇਆ ਹੈ ਉਹ ਵਿਆਹ ਕਰਾ ਲਿਆਇਆ ਹੈ। ਵਹੁਟੀ ਮਾਲਕ ਦੇ ਮਕਾਨ ਵਿਚ ਹੀ ਰਹਿੰਦੀ ਹੈ। ਲੱਗਦਾ ਹੈ ਕਿ ਵਿਆਹ ਮਗਰੋਂ ਕਰਲੀ ਪਹਿਲਾਂ ਤੋਂ ਵੀ ਅਧਿਕ ਆਕੜ ਖਾਨ ਹੋ ਗਿਆ ਹੈ।

ਜਾਰਜ ਕੱਟਵੀਂ ਅਤੇ ਗੁੱਸੇ ਦੀ ਹਾਸੀ ਹੱਸਿਆ। "ਇਸ ਤਰ੍ਹਾਂ ਨਾਲ ਸ਼ਾਇਦ ਉਹ ਆਪਣੀ ਵਹੁਟੀ ਉਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ।"

ਬੁੱਢੇ ਦੀਆਂ ਅੱਖਾਂ ਹੋਰ ਵੀ ਤੇਜ਼ ਹੋ ਗਈਆਂ । "ਤੁਸੀਂ ਉਸ ਦੇ ਖੱਬੇ ਹੱਥ ਉਤੇ ਉਹ ਦਸਤਾਨਾ ਵੇਖਿਆ ਸੀ "

"ਹਾਂ, ਵੇਖਿਆ ਤਾਂ ਸੀ ।"

ਉਸ ਦਸਤਾਨੇ ਦੇ ਵਿਚ ਵੈਸਲੀਨ ਭਰੀ ਹੋਈ ਹੈ ।"

"ਵੈਸਲੀਨ ! ਉਹ ਕਿਸ ਲਈ "

"ਸੁਣੋ ਮੈਂ ਦੱਸਦਾ ਹਾਂ ਕਰਲੀ ਕਹਿੰਦਾ ਹੈ ਕਿ ਉਹ ਆਪਣਾ ਹੱਥ ਆਪਣੀ ਵਹੁਟੀ ਦੇ ਲਈ ਨਰਮ ਕਰ ਰਿਹਾ ਹੈ ।"

ਜਾਰਜ ਅਤਿਅੰਤ ਲੀਨ ਹੋਇਆ ਪੱਤਿਆਂ ਵੱਲ ਵੇਖ ਰਿਹਾ ਸੀ, ਬੋਲਿਆ, "ਇੰਜ ਥਾਂ ਥਾਂ ਕਹਿਣਾ ਤਾਂ ਬੜੀ ਮੰਦੀ ਗੱਲ ਹੈ ।"

ਹੁਣ ਬੁੱਢੇ ਨੂੰ ਤਸੱਲੀ ਹੋ ਗਈ ਕਿ ਉਸ ਨੇ ਜ਼ਾਰਜ ਤੋਂ ਵੀ ਕਰਲੀ ਦੇ ਵਿਰੁੱਧ ਕੋਈ ਬੁਰੀ ਗੱਲ ਕਹਾ ਲਈ ਹੈ । ਹੁਣ ਉਸ ਨੂੰ ਡਰ ਨਹੀਂ ਸੀ । ਉਹ ਐਨ ਨਿਸੰਗ ਹੋ ਕੇ ਗੱਲਾਂ ਕਰਨ ਲੱਗ ਪਿਆ । "ਕਰਲੀ ਦੀ ਵਹੁਟੀ ਨੂੰ ਵੇਖ ਲਵੇ, ਫਿਰ ਕਹਿਣਾ।"

ਜਾਰਜ ਨੇ ਫਿਰ ਤਾਸ਼ ਦੇ ਪੱਤੇ ਕੱਟੇ ਅਤੇ ਹੌਲੀ ਹੌਲੀ ਉਨ੍ਹਾਂ ਨੂੰ ਇਕ ਦੇ ਉੱਤੇ ਇਕ ਰੱਖਣ ਲੱਗ ਪਿਆ। "ਸੁਹਣੀ ਹੈ " ਉਸ ਨੇ ਸੁੱਤੇ ਸਿਧ ਹੀ ਪੁੱਛ ਲਿਆ ।

"ਹਾਂ ਸੋਹਣੀ ਹੈ......ਪਰ .... "

ਜਾਰਜ ਆਪਣੇ ਪੱਤਿਆਂ ਵਿਚ ਹੀ ਡੁੱਬਿਆ ਹੋਇਆ ਸੀ । "ਪਰ ਕੀ "

ਉਸ ਦੀਆਂ ਅੱਖਾਂ ਬਹੁਤ ਮਟਕਦੀਆਂ ਹਨ ।"

"ਹੈ ? ਵਿਆਹ ਨੂੰ ਹਾਲੀ ਦੋ ਹਫ਼ਤੇ ਵੀ ਨਹੀਂ ਹੋਏ ਅਤੇ ਅੱਖਾਂ ਵੀ ਮਟਕਾਉਣ ਲੱਗ ਪਈ ਹੈ ? ਸ਼ਾਇਦ ਇਸੇ ਕਾਰਣ ਹੀ ਕਰਲੀ ਇਸ ਤਰ੍ਹਾਂ ਸਤਿਆ ਫਿਰਦਾ ਹੈ ।"

"ਮੈਂ ਉਸ ਨੂੰ ਸਲਿਮ ਨਾਲ ਅੱਖਾਂ ਲੜਾਉਂਦਿਆਂ ਵੇਖਿਆ ਹੈ। ਸਲਿਮ ਸਕਿੱਨਰ ਹੈ। ਬਹੁਤ ਵਧੀਆ ਮਨੁੱਖ ਹੈ। ਅਨਾਜ ਵਾਲੀ ਟੋਲੀ ਵਿਚ ਉਸ ਨੂੰ ਉੱਚੀ ਅੱਡੀ ਵਾਲੇ ਬੂਟ ਪਾਉਣ ਦੀ ਲੋੜ ਨਹੀਂ । ਉਸ ਦੇ ਸਾਥੀ ਵੀ ਸਾਰੇ ਹੀ ਉਸ ਦੀ ਈਨ ਮੰਨਦੇ ਹਨ । ਕਰਲੀ ਨੂੰ ਇਹ ਨਹੀਂ ਪਤਾ । ਮੈਂ ਉਸ ਨੂੰ ਕਾਰਲਸਨ ਨਾਲ ਵੀ ਅੱਖ ਮਟੱਕਾ ਕਰਦੇ ਵੇਖਿਆ ਹੈ।"

ਜਾਰਜ ਨੇ ਅਜਿਹੇ ਸੁਰ ਵਿਚ ਕਿਹਾ ਜਿਵੇਂ ਉਸ ਨੂੰ ਇਸ ਗੱਲ ਵਿਚ ਕੋਈ ਗੱਲ ਹੀ ਨਾ ਲਗਦੀ ਹੋਵੇ । "ਲੱਗਦਾ ਹੈ, ਬੜਾ ਸੁਆਦ ਆਵੇਗਾ।"

ਬੁੱਢਾ ਆਪਣੇ ਬਕਸੇ ਤੋਂ ਉੱਠ ਕੇ ਖੜੋ ਗਿਆ । ਤੁਸੀਂ ਜਾਣਦੇ ਹੋ ਮੈਂ ਕੀ ਸੋਚਦਾ ਹਾਂ " ਜਾਰਜ ਨੇ ਕੋਈ ਜਵਾਬ ਨਾ ਦਿੱਤਾ ।

"ਮੇਰਾ ਤਾਂ ਇਹ ਖਿਆਲ ਹੈ ਕਿ ਕਰਲੀ ਨੇ ਕਿਸੇ ਕੰਜਰੀ ਨਾਲ ਵਿਆਹ ਕਰ ਲਿਆ ਹੈ ।" ਜਾਰਜ ਨੇ ਕਿਹਾ, "ਉਹ ਅਜਿਹਾ ਪਹਿਲਾ ਆਦਮੀ ਨਹੀਂ ਹੈ। ਬਹੁਤ ਲੋਕੀਂ ਪਹਿਲਾਂ ਵੀ ਇੰਜ ਕਰ ਚੁੱਕੇ ਹਨ ।"

ਬੁੱਢਾ ਦਰਵਾਜੇ ਵੱਲ ਅੱਗੇ ਵਧਿਆ। ਉਸੇ ਵੇਲੇ ਉਸ ਦੇ ਬੁੱਢੇ ਕੁੱਤੇ ਨੇ ਵੀ ਸਿਰ ਚੁੱਕਿਆ ਅਤੇ ਇਧਰ ਉਧਰ ਤੱਕ ਕੇ ਹੋਰ ਵੀ ਔਖਾ ਜਿਹਾ ਹੋ ਕੇ ਉਠਿਆ ਅਤੇ ਉਸ ਦੇ ਪਿੱਛੇ ਪਿਛੇ ਚੱਲ ਪਿਆ ।

"ਮੈਂ ਲੋਕਾਂ ਦੇ ਨਹਾਉਣ ਲਈ ਪਾਣੀ ਭਰਨ ਜਾਣਾ ਹੈ ।" ਚਲਦਿਆਂ ਚਲਦਿਆਂ ਬੁੱਢੇ ਨੇ ਕਿਹਾ, "ਹੁਣ ਛੇਤੀ ਹੀ ਟੋਲੀਆਂ ਆਉਣ ਵਾਲੀਆਂ ਹਨ । ਤੁਸੀਂ ਦੋਵੇਂ ਵੀ ਤਾਂ ਜੌਂ ਭਰਨ ਲਈ ਜਾਵੋਗੇ ਨਾ "

"ਹਾਂ"

..ਮੈਂ ਜਿਹੜੀਆਂ ਗੱਲਾਂ ਕੀਤੀਆਂ ਹਨ। ਉਹ ਕਰਲੀ ਨੂੰ ਨਾ ਦੱਸਣਾ ।" "ਨਹੀਂ, ਯਾਰ ।"

"ਤੁਸੀਂ ਆਪ ਹੀ ਉਸ ਔਰਤ ਨੂੰ ਵੇਖ ਲੈਣਾ ਅਤੇ ਦੱਸਣਾ ਕਿ ਉਹ ਕੰਜਰੀ ਲੱਗਦੀ ਹੈ ਜਾ ਨਹੀਂ ।" ਅਤੇ ਉਹ ਬੂਹੇ ਵਿਚੋਂ ਨਿਕਲ ਕੇ ਤੇਜ ਧੁੱਪ ਵਿਚ ਕਦਮ ਪੁੱਟਦਾ ਚਲਾ ਗਿਆ ।

ਜਾਰਜ ਨੇ ਆਪਣੇ ਤਾਸ਼ ਦੇ ਪੱਤਿਆਂ ਨੂੰ ਧਿਆਨ ਨਾਲ ਰਖਿਆ, ਤਿੰਨ ਤਿੰਨ ਪੱਤਿਆਂ ਦੀਆਂ ਆਪਣੀਆਂ ਢੇਰੀਆਂ ਉਲਟਾਈਆਂ ਉਸ ਨੇ ਆਪਣੀ ਵੱਡੀ ਢੇਰੀ ਤੇ ਚਿੜੀਏ ਦੇ ਚਾਰ ਰੰਗ ਬਣਾਏ । ਹੁਣ ਜ਼ਮੀਨ ਦੇ ਉਤੇ ਧੁੱਪ ਚੌਕੋਰ ਜਿਹੀ ਸ਼ਕਲ ਵਿਚ ਆ ਗਈ ਸੀ ਅਤੇ ਮੱਖੀਆਂ ਉਸ ਰਾਹੀਂ ਟਿਮਕੜਿਆਂ ਵਾਂਗ ਲਪਕ ਪਈਆਂ । ਬਾਹਰੋਂ ਘੋੜਿਆਂ ਦੇ ਸਾਜ਼ ਨਾਲ ਲੱਗੀਆਂ ਘੰਟੀਆਂ ਦੀ ਆਵਾਜ਼ ਆਉਣ ਲੱਗੀ । ਭਾਰੇ ਭਾਰੇ ਪਹੀਆਂ ਦੀ ਚੂੰ ਚੂੰ ਵੀ ਸ਼ੁਰੂ ਹੋ ਗਈ । ਦੂਰ ਤੋਂ ਹੀ ਕਿਸੇ ਨੇ ਆਵਾਜ਼ ਮਾਰੀ, "ਓ, ਘੁੜਸਾਲ ਵਾਲੇ ਘੁੜਸਾਲ ਵਾਲੇ, ਓਏ," ਫਿਰ ਹੋਰ ਆਵਾਜ ਆਈ, "ਓਹ ਸਾਲਾ ਨੀਗਰੋ ਕਿੱਥੇ ਮਰ ਗਿਆ ਹੈ ।"

ਜਾਰਜ ਤਾਸ਼ ਦੇ ਪੱਤਿਆਂ ਦੀਆਂ ਉਨ੍ਹਾਂ ਥੱਬੀਆਂ ਨੂੰ ਵੇਖਦਾ ਰਿਹਾ । ਫਿਰ ਉਸ ਨੇ ਸਾਰੇ ਪੱਤੇ ਇਕੱਠੇ ਸੁੱਟ ਦਿੱਤੇ ਅਤੇ ਲੈਨੀ ਵੱਲ ਮੁੜਿਆ । ਲੈਨੀ ਫੱਟੇ ਉਤੇ ਲੰਮਾ ਪਿਆ ਉਸ ਦੇ ਵਲ ਹੀ ਵੇਖ ਰਿਹਾ ਸੀ ।

ਜਾਰਜ ਬੋਲਿਆ, "ਵੇਖ ਲੈਨੀ, ਇੱਥੇ ਸਾਰਾ ਮਾਮਲਾ ਹੀ ਗੜਬੜ ਲੱਗਦਾ ਹੈ । ਮੈਨੂੰ ਡਰ ਹੈ ਕਿ ਤੇਰਾ ਉਸ ਕਰਲੀ ਦੇ ਬੱਚੇ ਨਾਲ ਅਵੱਸ਼ ਝਗੜਾ ਹੋ ਜਾਵੇਗਾ । ਮੈਂ ਇਹੋ ਜਿਹੇ ਬੰਦੇ ਪਹਿਲਾਂ ਵੀ ਵੇਖੇ ਹੋਏ ਹਨ। ਉਹ ਤੈਨੂੰ ਜੋਹ ਰਿਹਾ ਸੀ । ਉਸ ਦਾ ਖਿਆਲ ਹੈ ਕਿ ਉਸ ਨੇ ਤੈਨੂੰ ਡਰਾ ਲਿਆ ਹੈ ਅਤੇ ਮੌਕਾ ਮਿਲਦਿਆਂ ਹੀ ਤੈਨੂੰ ਦਬੋਚ ਲੈਣਾ ਹੈ ।"

ਲੈਨੀ ਦੀਆਂ ਅੱਖਾਂ ਵਿਚ ਡਰ ਉਭਰ ਆਇਆ। "ਮੈਂ ਤਾਂ ਝਗੜਾ ਨਹੀਂ ਚਾਹੁੰਦਾ।" ਫਿਰ ਉਸ ਨੇ ਝੇਂਪਦੇ ਹੋਏ ਕਿਹਾ, "ਜਾਰਜ ਉਸ ਨੂੰ ਮੈਨੂੰ ਕੁੱਟਣ ਨਾ ਦੇਵੀਂ ।"

ਜਾਰਜ ਉਠਿਆ ਅਤੇ ਲੈਨੀ ਦੇ ਕੋਲ ਜਾ ਕੇ ਉਸ ਦੇ ਫੱਟੇ ਉਤੇ ਬੈਠ ਗਿਆ । ਉਹ ਬੋਲਿਆ, "ਮੈਂ ਅਜਿਹੇ ਹਰਾਮੀਆਂ ਨੂੰ ਘ੍ਰਿਣਾ ਕਰਦਾ ਹਾਂ । ਮੈਂ ਅਜਿਹੇ ਬਹੁਤ ਵੇਖੇ ਹਨ।" ਜਿਸ ਤਰ੍ਹਾਂ ਕਿ ਬੁੱਢੇ ਨੇ ਕਿਹਾ ਸੀ—ਕਰਲੀ ਕੱਚੀਆਂ ਗੋਲੀਆਂ ਨਹੀਂ ਖੇਡਦਾ । ਜਿੱਤ ਹਮੇਸ਼ਾ ਉਸੇ ਦੀ ਹੀ ਹੁੰਦੀ ਹੈ ।" ਫਿਰ ਰਤਾ ਕੁਝ ਸੋਚ ਕੇ ਉਹ ਬੋਲਿਆ, "ਲੈਨੀ, ਜੇਕਰ ਉਹ ਤੇਰੇ ਨਾਲ ਖਹਿਬੜ ਪਿਆ, ਤਾਂ ਸਾਨੂੰ ਇਥੋਂ ਜਾਣਾ ਹੀ ਪਵੇਗਾ : ਤੂੰ ਇਹ ਗੱਲ ਭੁਲਾ ਨਾ— ਇਹ ਗੱਲ ਪੱਕੀ ਹੈ । ਉਹ ਹੋਇਆ ਮਾਲਕ ਦਾ ਮੁੰਡਾ । ਲੈਨੀ ਵੇਖੋ ਤੂੰ ਉਸ ਤੋਂ ਦੂਰ ਰਹਿਣ ਦੀ ਕੋਸ਼ਿਸ਼ ਹੀ ਕਰੀਂ। ਕਰੇਂਗਾ ਕਿ ਨਹੀਂ ਉਸ ਨਾਲ ਕਦੇ ਵੀ ਕਲਾਮ ਨਾ ਕਰੀਂ। ਜੇਕਰ ਉਹ ਇਥੋਂ ਕਮਰੇ ਦੇ ਅੰਦਰ ਆਵੇ, ਤਾਂ ਤੂੰ ਕਮਰੇ ਦੇ ਦੂਜੇ ਪਾਸੇ ਚਲਾ ਜਾਵੀਂ। ਦਸ ਮੈਨੂੰ ਕਰੇਂਗਾ ਇੰਜ ਦੀ ਕਿ ਨਹੀਂ "

ਲੈਨੀ ਵਿਆਕੁਲ ਹੋ ਕੇ ਬੋਲਿਆ, ਮੈਂ ਕੋਈ ਝਗੜਾ ਲੜਾਈ ਨਹੀਂ ਚਾਹੁੰਦਾ । ਮੈਂ ਉਸ ਦਾ ਕੁਝ ਨਹੀਂ ਵਿਗਾੜਿਆ "

"ਪਰ ਇਸ ਗੱਲ ਨਾਲ ਕੀ ਬਣਦਾ ਹੈ । ਉਹ ਤਾਂ ਆਪਣੀ ਭਲਵਾਨੀ ਵਿਖਾਉਣ ਉਤੇ ਫੁਲਿਆ ਹੋਇਆ ਹੈ। ਸਿੱਧੀ ਗੱਲ ਹੈ ਤੂੰ ਉਸ ਨਾਲ ਸਬੰਧ ਨਾ ਰੱਖੀ । ਇਹ ਗੱਲ ਯਾਦ ਰਖੇਂਗਾ ਕਿ ਨਾ ।"

"ਆਹੋ ਜਾਰਜ, ਮੈਂ ਆਪਣੇ ਮੂੰਹੋਂ ਇਕ ਅੱਖਰ ਵੀ ਨਹੀਂ ਬੋਲਾਂਗਾ ।"

ਨੇੜੇ ਨੇੜੇ ਆਉਂਦੀਆਂ ਅਨਾਜ ਦੀਆਂ ਟੋਲੀਆਂ ਦੀਆਂ ਆਵਾਜ਼ਾਂ ਹੋਰ ਵੀ ਤੇਜ ਹੋਣ ਲੱਗ ਪਈਆਂ ਜਿਸ ਵਿਚ ਰੜੀ ਪੀਡੀ ਧਰਤੀ ਦੇ ਉਤੇ ਵੱਡੇ ਵੱਡੇ ਖੁਰਾਂ ਦੀ ਠਕ ਠਕ, ਸੰਗਲੀਆਂ ਦੀ ਛਣ ਛਣ, ਬਰੇਕਾਂ ਦੀ ਘਿਰ ਘਿਰ ਆਦਿ ਸ਼ਾਮਲ ਸਨ। ਟੋਲੀਆਂ ਵਿਚੋਂ ਆਦਮੀ ਇਕ ਦੂਜੇ ਨਾਲ ਗੱਲ ਕਰ ਰਹੇ ਸਨ । ਲੈਨੀ ਦੇ ਲਾਗੇ ਫੱਟੇ ਉਤੇ ਬੈਠੇ ਜਾਰਜ ਦੀਆਂ ਭੋਆਂ ਚੜ੍ਹ ਗਈਆਂ" ਜਿਵੇਂ ਕਿ ਉਹ ਕਿਸੇ ਗੰਭੀਰ ਸੋਚ ਵਿਚ ਡੁੱਬਾ ਹੋਵੇ ।

ਲੈਨੀ ਨੇ ਡਰਦਿਆਂ ਡਰਦਿਆਂ ਪੁੱਛਿਆ, "ਜਾਰਜ, ਤੁਸੀਂ ਮੇਰੇ ਨਾਲ ਗੁੱਸੇ ਤਾਂ ਨਹੀਂ ਹੋ "

"ਮੈਂ ਤੇਰੇ ਨਾਲ ਗੁੱਸੇ ਨਹੀਂ ਹਾਂ । ਮੇਰਾ ਗੁੱਸਾ ਤਾਂ ਉਸ ਹਰਾਮਜ਼ਾਦੇ ਕਰਲੀ ਨਾਲ ਹੈ । ਮੈਂ ਤਾਂ ਸੋਚਦਾ ਸਾਂ ਕਿ ਅਸੀਂ ਦੋਵੇਂ ਮਿਲ ਕੇ ਕਮਾਈ ਕਰਾਂਗੇ ਅਤੇ ਕੁਝ ਪੈਸੇ ਜੋੜ ਲਵਾਂਗੇ— ਹੋ ਸਕਦਾ ਸੌ ਡਾਲਰ ਹੀ ਜੋੜ ਲੈਂਦੇ ।" ਫਿਰ ਅਚਾਨਕ ਉਸ ਨੇ ਲੈਨੀ ਵਲ ਮੁੜ ਕੇ ਕਿਹਾ- "ਲੈਨੀ, ਤੂੰ ਕਰਲੀ ਤੋਂ ਬਚ ਕੇ ਰਹੀਂ ।"

“ਜਾਰਜ ਮੈਂ ਇਕ ਅੱਖਰ ਵੀ ਨਹੀਂ ਬੋਲਾਂਗਾ । ਮੈਂ ਉਸ ਤੋਂ ਹਰ ਹੀਲੇ ਬਚ ਕੇ ਰਹਾਂਗਾ ।”

“ਉਸ ਦੇ ਉਕਸਾਉਣ ਵਿਚ ਫਸ ਨਾ ਜਾਵੀਂ । ਪਰ ਜੇਕਰ ਉਹ ਕੁੱਤੀ ਦਾ ਪੁੱਤ ਤੇਰੇ ਨਾਲ ਖਹਿਬੜ ਹੀ ਪਵੇ, ਤਾਂ ਫਿਰ ਉਸ ਨੂੰ ਖਹਿਬੜ ਹੀ ਲੈਣ ਦੇਵੀਂ ।”

‘ਜਾਰਜ, "ਕੀ ਲੈਣ ਦੇਵੀਂ "

“ਕੋਈ ਗੱਲ ਨਹੀਂ, ਮਾਂ ਤੈਨੂੰ ਦੱਸ ਦਿਆਂਗਾ । ਅਜਿਹੇ ਆਦਮੀਆਂ ਨਾਲ ਮੈਨੂੰ ਬਹੁਤ ਖੁੰਦਕ ਹੈ । ਵੇਖ ਲੈਨੀ ਜੇਕਰ ਤੂੰ ਕਿਸੇ ਝਮੇਲੇ ਵਿਚ ਫਸ ਜਾਵੇਂ ਤਾਂ ਜਿਹੜੀ ਗੱਲ ਮੈਂ ਤੈਨੂੰ ਦੱਸੀ, ਸੀ ਉਹ ਯਾਦ ਹੈ ਕਿ ਨਹੀਂ "

ਲੈਨੀ ਆਪਣੀ ਕੂਹਣੀ ਭਾਰ ਉਠਿਆ । ਉਸ ਦੀ ਸ਼ਕਲ ਬਦਲ ਜਿਹੀ ਗਈ । ਜਿਵੇਂ ਕਿ ਸੋਚ ਰਿਹਾ ਹੋਵੇ । ਫਿਰ ਉਦਾਸੀ ਨਾਲ ਭਰੀਆਂ ਉਸ ਦੀਆ ਅੱਖਾਂ ਜਾਰਜ ਵੱਲ ਉਠੀਆਂ । "ਜਾਰਜ ਮੈਂ ਕਿਸੇ ਝਮੇਲੇ ਵਿਚ ਫਸ ਗਿਆ ਤਾਂ ਤੁਸੀਂ ਮੈਨੂੰ ਸਹਿਆਂ ਦੀ ਦੇਖ ਭਾਲ ਨਹੀਂ ਕਰਨ ਦਿਓਗੇ?"

“ਮੇਰਾ ਇਹ ਭਾਵ ਨਹੀਂ ਸੀ । ਤੈਨੂੰ ਯਾਦ ਹੈ ਕਿ ਅਸੀਂ ਕੱਲ੍ਹ ਰਾਤੀਂ ਕਿੱਥੇ ਸੁੱਤੇ ਸੀ, ਦਰਿਆ ਦੇ ਕੋਲ "

“ਆਹੋ, ਯਾਦ ਹੈ । ਆਹੋ, ਮੈਨੂੰ ਐਨ ਯਾਦ ਹੈ । ਮੈਂ ਉਥੇ ਜਾ ਕੇ ਝਾੜੀਆ ਵਿਚ ਲੁਕ ਜਾਵਾਂਗਾ ।"

“ਜਦੋਂ ਤਕ ਮੈਂ ਨਾ ਪਹੁੰਚਾਂ, ਉਦੋਂ ਤੱਕ ਉਥੇ ਹੀ ਲੁਕਿਆ ਰਹੀਂ। ਕਿਸੇ ਨੂੰ ਇਸ ਭੇਤ ਦਾ ਪਤਾ ਨਾ ਲੱਗੇ । ਦਰਿਆ ਦੇ ਕੋਲ ਝਾੜੀਆਂ ਵਿਚ ਹੀ ਲੁਕਿਆ ਰਹੀ । ਦੁਹਰਾ ਲੈ ਗੱਲ ।"

"ਦਰਿਆ ਦੇ ਕੋਲ ਝਾੜੀਆਂ ਵਿਚ ਹੀ ਲੁਕਿਆ ਰਹੀਂ। ਦਰਿਆ ਦੇ ਕੋਲ ਝਾੜੀਆਂ ਵਿਚ......।"

ਜੇਕਰ ਕਿਸੇ ਝਮੇਲੇ ਵਿਚ ਫਸ ਜਾਵੇਂ, ਤਾਂ ।"

"ਜੇਕਰ ਮੈਂ ਕਿਸੇ ਝਮੇਲੇ ਵਿਚ ਫਸ ਜਾਵਾਂ, ਤਾਂ' ਲੈਨੀ ਨੇ ਇਹ ਗੱਲ ਵੀ ਦੁਹਰਾ ਲਈ ।

ਬਾਹਰ ਕਿਸੇ ਦੇ ਬਰੇਕਾਂ ਲਾਉਣ ਦੀ ਘਸੀਟਵੀਂ ਜਿਹੀ ਆਵਾਜ਼ ਆਈ। ਫਿਰ ਕਿਸੇ ਨੇ ਆਵਾਜ਼ ਮਾਰੀ, "ਘੁੜਸਾਲ ਵਾਲੇ” “ਓਏ ਘੁੜਸਾਲ ਵਾਲੇ ।”

ਜਾਰਜ ਨੇ ਮੁੜ ਕਿਹਾ, "ਇਸ ਗੱਲ ਨੂੰ ਮਨ ਹੀ ਮਨ ਵਿਚ ਬਾਰ ਬਾਰ ਯਾਦ ਕਰ ਲੈ, ਲੈਨੀ, ਤਾਂ ਜੋ ਤੂੰ ਭੁੱਲ ਨਾ ਜਾਵੇਂ ।"

ਬੂਹੇ ਵਿਚੋਂ ਆਉਂਦੀ ਧੁੱਪ ਦੀ ਚੌਕੌਰ ਜਿਹੀ ਰੋਸ਼ਨੀ ਕੱਟੀ ਗਈ। ਦੋਹਾਂ ਨੇ ਇਕੱਠਿਆਂ ਨਜ਼ਰਾਂ ਉੱਪਰ ਵੱਲ ਚੁੱਕੀਆਂ। ਬੂਹੇ ਵਿਚ ਖਲੋਤੀ ਇਕ ਕੁੜੀ ਅੰਦਰ ਵੱਲ ਝਾਕ ਰਹੀ ਸੀ । ਉਸ ਦੇ ਰਸੀਲੇ ਬੁਲ੍ਹਾਂ ਉਤੇ ਗੂੜ੍ਹੀ ਲਿਪਸਟਿਕ ਲੱਗੀ ਹੋਈ ਸੀ । ਉਸ ਦੀਆਂ ਵੱਡੀਆਂ ਵੱਡੀਆਂ ਅੱਖਾਂ ਬਹੁਤ ਸੁਹਣੀਆਂ ਬਣਾਈਆਂ ਹੋਈਆਂ ਸਨ । ਉਸ ਦੀਆਂ ਉਂਗਲੀਆਂ ਦੇ ਨਹੁੰ ਵੀ ਲਾਲ ਸਨ । ਉਸ ਦੇ ਵਾਲ ਨਿੱਕੇ ਨਿੱਕੇ ਛੱਲਿਆਂ ਵਾਂਗ ਲਟਕ ਰਹੇ ਸਨ । ਉਸ ਨੇ ਘਰ ਵਿਚ ਪਾਉਣ ਵਾਲੇ ਸੂਤੀ ਕੱਪੜੇ ਅਤੇ ਲਾਲ ਸਲੀਪਰ ਪਾਏ ਹੋਏ ਸਨ, ਜਿਨ੍ਹਾਂ ਉਤੇ ਸ਼ੁਤਰਮੁਰਗ ਦੇ ਲਾਲ ਖੰਭਾਂ ਦੇ ਨਿੱਕੇ ਨਿੱਕੇ ਫੁੱਲ ਜਿਹੇ ਬਣੇ ਹੋਏ ਸਨ ।

ਉਹ ਬੋਲੀ, "ਮੈਂ ਕਰਲੀ ਨੂੰ ਢੂੰਡ ਰਹੀ ਹਾਂ" ਉਸ ਦੀ ਆਵਾਜ਼ ਗੁਣਗੁਣੀ ਅਤੇ ਤਿੱਖੀ ਸੀ । ਜਾਰਜ ਨੇ ਪਹਿਲਾਂ ਦੂਜੇ ਪਾਸੇ ਅੱਖਾਂ ਫੇਰੀਆਂ, ਫਿਰ ਉਸ ਕੁੜੀ ਵੱਲ ਵੇਖ ਕੇ ਬੋਲਿਆ, "ਉਹ ਮਿੰਟ ਕੁ ਹੋਇਆ, ਤਾਂ ਇਥੇ ਹੀ ਸਨ, ਪਰ ਫਿਰ ਚਲੇ ਗਏ ਹਨ ।"

"ਉਹੋ ।" ਕੁੜੀ ਨੇ ਆਪਣੇ ਹੱਥ ਆਪਣੀ ਕਮਰ ਉਤੇ ਰੱਖ ਲਏ ਅਤੇ ਬੂਹੇ ਦੀ ਚੁਗਾਠ ਨਾਲ ਇੰਜ ਝੁਕ ਗਈ, ਜਿਸ ਨਾਲ ਉਸ ਦਾ ਸਰੀਰ ਅੱਗੇ ਨੂੰ ਉਭਰ ਆਇਆ। "ਤੁਸੀਂ ਲੋਕ ਹੀ ਹੁਣੇ ਹੁਣੇ ਨਵੇਂ ਆਏ ਹੋ "

"ਆਹੋ ।"

ਲੈਨੀ ਦੀਆਂ ਨਜ਼ਰਾਂ ਉਸ ਕੁੜੀ ਦੇ ਸਰੀਰ ਤੇ ਉਤਾਂਹ ਤੋਂ ਹੇਠਾਂ ਤਕ ਫਿਰ ਗਈਆਂ ) ਭਾਵੇਂ ਇਹ ਨਹੀਂ ਲੱਗਦਾ ਸੀ ਕਿ ਉਹ, ਲੈਨੀ ਵੱਲ ਵੇਖ ਰਹੀ ਹੈ, ਪਰ ਫਿਰ ਵੀ ਉਹ ਰਤਾ ਕੁ ਸੰਭਲ ਗਈ ਅਤੇ ਉਸ ਨੇ ਹੌਲੀ ਜਿਹੀ ਬਕ ਕੇ ਆਪਣੇ ਨਹੁੰਆਂ ਨੂੰ ਵੇਖਿਆ।

ਉਸ ਨੇ ਸਫ਼ਾਈ ਦੇਣ ਵਜੋਂ ਕਿਹਾ, "ਕਦੀ ਕਦੀ ਕਰਲੀ ਇੱਥੇ ਆ ਜਾਂਦੇ ਹਨ ।"

ਜਾਰਜ ਨੇ ਰੁੱਖਾ ਜਿਹਾ ਜਵਾਬ ਦਿੱਤਾ, "ਹੁਣ ਤਾਂ ਉਹ ਇਥੇ ਨਹੀਂ ਹਨ ।"

ਉਸ ਨੇ ਮੁੜ ਰਤਾ ਕੁ ਸੌਖੀ ਨਾਲ ਕਿਹਾ, " ਜੇਕਰ ਇਥੇ ਨਹੀਂ ਹਨ, ਤਾਂ ਸ਼ਾਇਦ ਮੈਨੂੰ ਕੋਈ ਹੋਰ ਥਾਂ ਵੇਖਣੀ ਪਵੇਗੀ ।"

ਲੈਨੀ ਲੱਟੂ ਬਣਿਆ ਉਸ ਵੱਲ ਵੇਖੀ ਜਾ ਰਿਹਾ ਸੀ । ਜਾਰਜ ਨੇ ਕਿਹਾ, "ਜੇਕਰ ਮੈਨੂੰ ਟਕਰ ਗਏ ਤਾਂ ਮੈਂ ਕਹਿ ਦਿਆਂਗਾ ਕਿ ਤੁਸੀਂ ਉਨ੍ਹਾਂ ਦੀ ਭਾਲ ਕਰ ਰਹੇ ਸੀ ।

ਕੁੜੀ ਸੌਖੀ ਨਾਲ ਰਤਾ ਕੁ ਮੁਸਕਰਾਈ ਅਤੇ ਉਸ ਨੇ ਆਪਣੇ ਸਰੀਰ ਨੂੰ ਝਟਕੇ ਨਾਲ ਹਿਲਾਇਆ ਅਤੇ ਬੋਲੀ, "ਢੂੰਡਣ ਕਾਰਣ ਤਾਂ ਕੋਈ ਕਿਸੇ ਉਤੇ ਦੋਸ਼ ਨਹੀਂ ਥੱਪ ਸਕਦਾ ।" ਉਸ ਦੇ ਪਿਛਲੇ ਪਾਸੇ ਤੋਂ ਕਿਸੇ ਦੇ ਲੰਘਣ ਦੀ ਘੁਸਰ ਮੁਸਰ ਹੋਈ । ਕੁੜੀ ਨੇ ਆਪਣੀ ਗਰਦਨ ਭੁਆਈ ਅਤੇ ਬੋਲੀ, "ਹੈਲੋ, ਸਲਿਮ ।"

ਸਲਿਮ ਦੀ ਆਵਾਜ਼ ਬੂਹੇ ਦੇ ਵਿਚੋਂ ਹੀ ਸੁਣਾਈ ਦਿਤੀ, *'ਆਹਾ, ਬੜੀ ਸੁੰਦਰ ਲੱਗ ਰਹੀ ਏਂ ।"

"ਸਲਿਮ, ਮੈਂ ਕਰਲੀ ਨੂੰ ਢੂੰਡਣ ਦੀ ਕੋਸ਼ਿਸ਼ ਕਰ ਰਹੀ ਹਾਂ ।"

"ਕੋਈ ਵਿਸ਼ੇਸ਼ ਕੋਸ਼ਿਸ਼ ਤਾਂ ਤੁਸੀਂ ਨਹੀਂ ਕਰ ਰਹੇ । ਮੈਂ ਹੁਣੇ ਹੁਣੇ ਉਸ ਨੂੰ ਤੁਹਾਡੇ ਘਰ ਜਾਂਦਿਆਂ ਹੀ ਤੱਕਿਆ ਹੈ ।"

ਉਹ ਇਕ ਦੰਮ ਕੁਝ ਸ਼ੰਕਾ ਜਿਹੀ ਨਾਲ ਪਰਤ ਪਈ ।

"ਚੰਗਾ, ਬਾਏ, ਬਾਏ," ਉਸ ਨੇ ਜਾਰਜ ਅਤੇ ਲੈਨੀ ਨੂੰ ਕਿਹਾ ਅਤੇ ਛੇਤੀ ਛੇਤੀ ਚਲੀ ਗਈ ।

ਜਾਰਜ ਨੇ ਪਾਸਾ ਪਰਤ ਕੇ ਲੈਨੀ ਵਲ ਵੇਖਿਆ ।

"ਹੇ ਰੱਬਾ, ਕਿੰਨੀ ਆਵਾਰਾ ਔਰਤ ਹੈ " ਉਸ ਦੇ ਮੂੰਹੋਂ ਅਛੋਪਲੇ ਹੀ ਨਿਕਲ ਗਿਆ ਅਤੇ ਫਿਰ ਇਕ ਛਿਣ ਕੁ ਬਾਦ ਉਸ ਨੇ ਹੋਲੇ ਜਿਹੇ ਮਨਵਚਨੀ ਵਜੋਂ ਕਿਹਾ, "ਤਾਂ ਇਹੀ ਹੈ ਕਰਲੀ ਦੀ ਵਹੁਟੀ ।"

"ਬਹੁਤ ਸੁੱਖ ਹੈ ।" ਲੈਨੀ ਨੇ ਹਾਂ ਵਿਚ ਹਾਂ ਮਿਲਾਉਂਦਿਆਂ ਕਿਹਾ ।

"ਆਹੋ, ਅਤੇ ਉਹ ਆਪਣੀ ਸੁੱਖੀ ਡੱਕ ਕੇ ਵੀ ਨਹੀਂ ਰਖਦੀ । ਕਰਲੀ ਨੂੰ ਨਾਨੀ ਯਾਦ ਆ ਜਾਵੇਗੀ, ਜਦੋਂ ਉਸ ਨੂੰ ਇਸ ਨਾਲ ਨਿਬੜਨਾ ਪਿਆ । ਵੀਹ ਦਮੜਿਆਂ ਲਈ ਟਿੱਭ ਜਾਵੇਗੀ ।"

ਲੈਨੀ ਹੁਣ ਵੀ ਬਿਟਰ ਬਿਟਰ ਉਸੇ ਥਾਂ ਵੱਲ ਤੱਕੀ ਜਾ ਰਿਹਾ ਸੀ, ਜਿੱਥੇ ਕਿ ਉਹ ਮੂਰਤ ਆ ਕੇ ਖੜੋਤੀ ਸੀ । "ਕਿੰਨੀ ਅੱਗ ਹੈ" ਉਹ ਤਾਰੀਫ ਦੀ ਭਾਵਨਾ ਨਾਲ ਮੁਸਕਰਾਇਆ ।

ਜਾਰਜ਼ ਤੇਜ਼ੀ ਨਾਲ ਉਸ ਵੱਲ ਮੁੜਿਆ । ਉਸ ਨੇ ਲੈਨੀ ਦਾ ਕੰਨ ਫੜ ਕੇ ਮਰੋੜਿਆ ਅਤੇ ਬੋਲਿਆ, "ਸੁਣ ਓਏ ਸ਼ੁਦਾਈ ਹਰਾਮਜ਼ਾਦੇ, ਜੇਕਰ ਤੂੰ ਇਕ ਵਾਰ ਵੀ ਫਿਰ ਉਸ ਕੁੱਤੀ ਵੱਲ ਵੇਖਿਆ, ਤਾਂ ਤੇਰੇ ਨਾਲ ਬਹੁਤ ਬੁਰੀ ਕਰਾਂਗਾ। ਉਹ ਕੀ ਕਹਿੰਦੀ ਹੈ ਅਤੇ ਕੀ ਕਰਦੀ ਹੈ, ਇਨ੍ਹਾਂ ਗੱਲਾਂ ਨਾਲ ਸਾਡਾ ਕੀ ਵਾਸਤਾ ਮੈਂ ਅਜਿਹੀਆਂ ਕਲੂਖਤਾਂ ਬਹੁਤ ਵੇਖੀਆਂ ਹਨ, ਜੋ ਚੰਗਿਆਂ ਭਲਿਆਂ ਦੇ ਸਿਰ ਫੇਰ ਦਿੰਦੀਆਂ ਹਨ । ਇਸ ਮਾਖਿਉਂ ਦੇ ਥੱਲੇ ਵਿਸ਼ ਹੈ, ਸਮਝ ਗਿਆ ਹੈਂ ਇਸ ਨੂੰ ਆਪਣੇ ਖਿਆਲਾਂ ਤੋਂ ਦੂਰ ਹੀ ਰੱਖ ।"

ਲੈਨੀ ਨੇ ਆਪਣਾ ਕੰਨ ਛੁਡਾਉਣ ਲਈ ਤਰਲਾ ਕੀਤਾ, ਜਾਰਜ, ਮੈਂ ਤਾਂ ਕੁਝ ਨਹੀਂ ਕੀਤਾ ।"

"ਆਹੋ, ਤੂੰ ਤਾਂ ਕੁਝ ਵੀ ਨਹੀਂ ਕੀਤਾ, "ਜਾਰਜ ਨੇ ਮੂੰਹ ਡਿੰਗਾ ਕਰਕੇ ਕਿਹਾ, "ਜਦੋਂ ਉਹ ਇੱਥੇ ਖਲੋਤੀ ਆਪਣੀਆਂ ਨੰਗੀਆਂ ਲੱਤਾਂ ਵਿਖਾ ਰਹੀ ਸੀ, ਤਾਂ ਉਸ ਵੇਲੇ ਤੂੰ ਕਿੱਧਰ ਵੇਖ ਰਿਹਾ ਸੈਂ, ਕਿਉਂ ?"

"ਪਰ ਮੇਰੀ ਭਾਵਨਾ ਬੁਰੀ ਨਹੀਂ ਸੀ, ਜਾਰਜ । ਰੱਬ ਜਾਣਦਾ ਹੈ, ਮੇਰੀ ਭਾਵਨਾ..।"

"ਚੰਗਾ ਚੰਗਾ । "ਜਾਰਜ ਨੇ ਖਿਝ ਕੇ ਉਸ ਦੀ ਗੱਲ ਵਿਚੋਂ ਹੀ ਟੋਕ ਦਿੱਤੀ ਅਤੇ ਬੋਲਿਆ, "ਬਸ, ਤੂੰ ਉਸ ਤੋਂ ਦੂਰ ਰਹਿ । ਉਹ ਤੀਵੀਂ ਤਾਂ ਕੁੜਿੱਕੀ ਹੈ, ਇਹ ਗੱਲ ਸਮਝ ਲੈ। ਤੂੰ ਕਰਲੀ ਨੂੰ ਹੀ ਉਸ ਦੇ ਜਾਲ ਵਿਚ ਫਸਾ ਦੇ। ਵੈਸਲੀਨ ਨਾਲ ਭਰਿਆ ਦਸਤਾਨਾ।" ਉਹ ਵਿਅੰਗ ਦੀ ਭਾਵਨਾ ਨਾਲ ਹੱਸਿਆ, "ਮੈਂ ਸ਼ਰਤ ਲਾਉਂਦਾ ਹਾਂ, ਉਹ ਸਾਲਾ ਅੱਜ ਕੱਲ ਕੱਚੇ ਅੰਡੇ ਪੀਂਦਾ ਹੋਵੇਗਾ ਅਤੇ ਇਸ਼ਤਿਹਾਰੀ ਦਵਾਈਆਂ ਦੀ ਘੁੰਮਣਘੇਰੀ ਵਿਚ ਹੀ ਫਸਿਆ ਹੋਇਆ ਹੋਵੇਗਾ।

ਅਚਾਣਚੱਕ ਲੈਨੀ ਚੀਕ ਪਿਆ, "ਜਾਰਜ, ਮੈਨੂੰ ਇਹ ਥਾਂ ਪਸੰਦ ਨਹੀਂ। ਇਹ ਥਾਂ ਚੰਗੀ ਨਹੀਂ ਹੈ। ਮੈਨੂੰ ਇਥੋਂ ਲੈ ਚਲੋ ।"

ਜਾਰਜ ਤਿਲਮਿਲਾ ਗਿਆ, "ਸਾਨੂੰ ਇਥੇ ਹੀ ਝਖ ਮਾਰਨੀ ਪਵੇਗੀ ਅਤੇ ਇਥੇ ਹੀ ਰਹਿਣਾ ਪਵੇਗਾ । ਜਦੋਂ ਤਕ ਸਾਡੇ ਪਾਸ ਕੁਝ ਪੈਸੇ ਨਹੀਂ ਜੁੜ ਜਾਂਦੇ, ਸਾਨੂੰ ਉਦੋਂ ਤਕ ਇਥੇ ਹੀ ਰਹਿਣਾ ਪਵੇਗਾ । ਇਸ ਤੋਂ ਛੁੱਟ ਹੋਰ ਕੋਈ ਰਾਹ ਨਹੀਂ ਹੈ, ਲੈਨੀ । "ਫਿਰ ਉਸ ਨੇ

ਬੇਵਸੀ ਦੀ ਭਾਵਨਾ ਨਾਲ ਕਿਹਾ, "ਜਦੋਂ ਵੀ ਅਸੀਂ ਰਤਾ ਕੁ ਸੌਖੇ ਹੋਏ, ਅਸੀਂ ਇਥੋਂ ਚੱਲ ਪਵਾਂਗੇ ਤੇਰੇ ਵਾਂਗ ਮੈਨੂੰ ਵੀ ਇਹ ਥਾਂ ਪਸੰਦ ਨਹੀਂ ਹੈ ।"

ਉਹ ਮੁੜ ਮੇਜ਼ ਵਲ ਚਲਾ ਗਿਆ ਅਤੇ ਫਿਰ ਪਹਿਲਾਂ ਵਾਂਗ ਹੀ ਅਨਮਨੀ ਜਿਹੀ ਨਾਲ ਇਕੱਲਿਆਂ ਹੀ ਤਾਸ਼ ਖੇਡਣ ਲੱਗ ਪਿਆ। "ਨਹੀਂ, ਮੈਨੂੰ ਇਹ ਥਾਂ ਉੱਕਾ ਹੀ ਪਸੰਦ ਨਹੀਂ ਹੈ ।" ਉਹ ਇਕ ਦੰਮ ਬੋਲ ਪਿਆ, "ਮੈਂ ਇਸ ਥਾਂ ਨੂੰ ਇਕ ਦੰਮ ਛੱਡਣ ਲਈ ਤਿਆਰ ਹਾਂ । ਜਦੋਂ ਅਸੀਂ ਥੋੜੇ ਜਿਹੇ ਡਾਲਰ ਜੋੜ ਲਏ, ਤਾਂ ਅਸੀਂ ਇਹ ਥਾਂ ਤੁਰੰਤ ਛੱਡ ਦਿਆਂਗੇ । ਅਸੀਂ ਅਮਰੀਕੀ ਦਰਿਆ ਵਾਲੇ ਇਲਾਕੇ ਵਿਚ ਚਲੇ ਜਾਵਾਂਗੇ। ਅਤੇ ਉਥੇ ਪਾਣੀ ਵਿਚ ਵਗ ਕੇ ਆਉਣ ਵਾਲੇ ਸੋਨੇ ਨੂੰ ਰੇਤ ਤੋਂ ਵੱਖ ਕਰਨ ਦਾ ਕੰਮ ਕਰਾਂਗੇ । ਹੋ ਸਕਦਾ ਹੈ ਕਿ ਸਾਨੂੰ ਉਸ ਕੰਮ ਵਿਚ ਦੋ ਚਾਰ ਡਾਲਰ ਹਰ ਰੋਜ਼ ਮਿਲ ਜਾਇਆ ਕਰਨ । ਇਹ ਵੀ ਕਿਸ ਨੂੰ ਪਤਾ ਹੈ ਕਿ ਕਿਧਰੋਂ ਸਾਨੂੰ ਸੋਨੇ ਦੀ ਡਲੀ ਹੀ ਲੱਭ ਪਵੇ ਜਾਂ ਸਾਨੂੰ ਸੋਨੇ ਦੀ ਛੋਟੀ ਮੋਟੀ ਖਾਣ ਹੀ ਮਿਲ ਜਾਵੇ ।"

ਲੈਨੀ ਉਤਸੁਕਤਾ ਨਾਲ ਉਸ ਵੱਲ ਝੁਕ ਗਿਆ, "ਚਲੋ, ਜਾਰਜ," ਉਸ ਨੇ ਅਤਿਅੰਤ ਲਾਲਸਾ ਭਰਪੂਰ ਸ਼ਬਦਾਂ ਵਿਚ ਕਿਹਾ, 'ਚਲੋ, ਛੱਡ ਚੱਲੀਏ । ਇਸ ਥਾਂ ਨੂੰ, ਇਹ ਥਾਂ ਤਾਂ ਬਹੁਤ ਘਟੀਆ ਹੈ ।"

"ਸਾਨੂੰ ਹਾਲੀ ਇਥੋਂ ਹੀ ਝਖ ਮਾਰ ਕੇ ਰਹਿਣਾ ਪਵੇਗਾ," ਜ਼ਾਰਜ ਨੇ ਤੜਫ ਕੇ ਕਿਹਾ, "ਹੁਣ ਇਹ ਬਕ ਬਕ ਬੰਦ ਕਰ । ਛੇਤੀ ਹੀ ਸਾਰੇ ਲੋਕ ਆਉਂਦੇ ਹੋਣਗੇ ।"

ਨਾਲ ਲੱਗਵੇਂ ਬਾਥਰੂਮ ਵਿਚੋਂ ਪਾਣੀ ਦੇ ਲਗਾਤਾਰ ਵਗਣ ਅਤੇ ਕਾਮਿਆਂ ਦੇ ਮੂੰਹ ਹੱਥ ਧੌਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਜਾਰਜ ਨੇ ਮੇਜ਼ ਉੱਤੇ ਖਿੱਲਰੇ ਹੋਏ ਤਾਸ਼ ਦੇ ਪੱਤਿਆਂ ਉਤੇ ਝਾਤ ਮਾਰੀ । ਚੱਲੋ, ਅਸੀਂ ਵੀ ਮੂੰਹ ਹੱਥ ਧੋ ਲਈਏ।" ਉਹ ਬੋਲਿਆ । ਫਿਰ ਰਤਾ ਕੁ ਠਠੰਬਰ ਕੇ ਉਸ ਨੇ ਕਿਹਾ, ‘‘ਪਰ ਮੈਲਿਆਂ ਹੋਣ ਲਈ ਅਸੀਂ ਹਾਲੀ ਕੀਤਾ ਹੀ ਕੀ ਹੈ ?”

ਉਸੀ ਸਮੇਂ ਇਕ ਲੰਮੇ ਕੱਦ ਅਤੇ ਗੱਠਵੇਂ ਸਰੀਰ ਵਾਲਾ ਆਦਮੀ ਬੂਹੇ ਦੇ ਵਿਚਕਾਰ ਆ ਕੇ ਖੜ੍ਹਾ ਹੋ ਗਿਆ । ਉਸ ਨੇ ਕੱਛ ਵਿਚ ਆਪਣਾ ਪਿਚਕਿਆ ਹੋਇਆ ਸਟੈਟਸਮ ਟੋਪ ਮਾਰਿਆ ਹੋਇਆ ਸੀ । ਉਹ ਆਪਣੇ ਲੰਮੇ ਲੰਮੇ ਅਤੇ ਪਾਣੀ ਨਾਲ ਭਿੱਜੇ ਹੋਏ ਕਾਲੇ ਵਾਲ ਕੰਘੇ ਨਾਲ ਪਿੱਛੇ ਨੂੰ ਵਾਹ ਰਿਹਾ ਸੀ । ਉਸ ਦਾ ਪਹਿਰਾਵਾ ਵੀ ਦੂਜਿਆਂ ਵਰਗਾ ਹੀ ਸੀ ਅਸਮਾਨੀ ਰੰਗ ਦੀ ਪਤਲੂਨ ਅਤੇ ਡੈਨਿਮ ਦੀ ਨਿੱਕੀ ਜੈਕਿਟ ਉਸ ਨੇ ਪਾਈ ਹੋਈ ਸੀ । ਜਦੋਂ ਉਸ ਨੇ ਆਪਣੇ ਵਾਲਾਂ ਵਿਚ ਕੰਘਾ ਫੇਰ ਲਿਆ, ਤਾਂ ਉਹ ਬੂਹੇ ਵਿਚੋਂ

ਹਿੱਲਿਆ ਅਤੇ ਹੌਲੀ ਹੌਲੀ ਕਮਰੇ ਦੇ ਅੰਦਰ ਆ ਗਿਆ । ਉਸ ਦੀ ਚਾਲ ਢਾਲ ਵਿਚ ਕੁਝ ਅਜਿਹਾ ਰਜਵਾੜਿਆਂ ਵਰਗਾ ਠਾਠ ਬਾਠ ਸੀ, ਜਿਹੜਾ ਕੇਵਲ ਬਾਦਸ਼ਾਹਾਂ ਜਾਂ ਨਿਪੁੰਨ ਕਾਰੀਗਰਾਂ ਵਿਚ ਹੀ ਦਿਸ ਪੈਂਦਾ ਹੈ । ਉਹ ਇਸ ਵਾੜੇ ਦਾ ਸਭ ਤੋਂ ਨਿਪੁੰਨ ਸਕਿੱਨਰ ਸੀ। ਵਾੜੇ ਦਾ ਕੰਵਰ । ਪੰਦਰਾਂ ਵੀਹ ਖੱਚਰ ਉਹ ਨਾਲੋ ਨਾਲ ਹੀ ਇਕ ਕਤਾਰ ਵਿਚ ਹੱਕ ਸਕਦਾ ਸੀ । ਜੂਲੇ ਦੇ ਸਿਰੇ ਉਤੇ ਬੈਠੀ ਮੱਖੀ ਨੂੰ ਵੀ ਉਹ ਚਾਬੁਕ ਦੇ ਅਜਿਹੇ ਅੰਦਾਜ਼ ਨਾਲ ਮਾਰ ਮੁਕਾ ਸਕਦਾ ਸੀ ਕਿ ਖੱਚਰ ਨੂੰ ਰਤਾ ਵੀ ਮਹਿਸੂਸ ਨਹੀਂ ਸੀ ਹੁੰਦਾ । ਉਸ ਦੇ ਸੁਭਾ ਵਿਚ ਕੁਝ ਅਜਿਹੀ ਗੰਭੀਰਤਾ ਅਤੇ ਸੰਜੀਦਗੀ ਸੀ ਕਿ ਜਦੋਂ ਵੀ ਉਹ ਆਉਂਦਾ ਸੀ, ਤਾਂ ਕਮਰੇ ਵਿਚ ਇਕ ਦੰਮ ਚੁੱਪ ਵਰਤ ਜਾਂਦੀ । ਵਾੜੇ ਵਿਚ ਕੰਮ ਕਰਨ ਵਾਲਿਆਂ ਉਤੇ ਉਸ ਦਾ ਕੁਝ ਅਜਿਹਾ ਪ੍ਰਭਾਵ ਸੀ ਕਿ ਭਾਵੇਂ ਪ੍ਰੇਮ ਦੀ ਗੱਲ ਹੋਵੇ ਜਾਂ ਰਾਜਨੀਤੀ ਦੀ, ਸਾਰੇ ਵਿਸ਼ਿਆਂ ਉਤੇ ਹੀ ਉਸ ਦੀ ਗੱਲ ਅਖੀਰਲੀ ਮੰਨੀ ਜਾਂਦੀ ਸੀ ।

ਇਹੋ ਹੀ ਤਾਂ ਸਲਿਮ ਸੀ । ਵਾੜੇ ਦਾ ਨਿਪੁੰਨ ਸਕਿੱਨਰ । ਉਸ ਦਾ ਤਿੱਖਾ ਮੂੰਹ ਉਸ ਦੇ ਸਦਾ ਜਵਾਨ ਹੋਣ ਦਾ ਸੂਚਕ ਸੀ । ਉਸ ਦੀ ਉਮਰ ਪੈਂਤੀ ਵਰ੍ਹਿਆਂ ਤੋਂ ਲੈ ਕੇ ਪੰਜਾਹ ਕੁ ਵਰ੍ਹਿਆਂ ਤੱਕ ਹੋ ਸਕਦੀ ਸੀ । ਉਸ ਨੂੰ ਜਿੰਨੀ ਗੱਲ ਦੱਸੀ ਜਾਂਦੀ ਸੀ, ਉਸ ਦੇ ਕੰਨ ਉਸ ਤੋਂ ਕਿਧਰੇ ਵੱਧ ਸੁਣ ਸਕਦੇ ਸਨ । ਉਸ ਦੀ ਮਿੱਠੀ ਨਰਮ ਬੋਲ-ਚਾਲ ਵਿਚ ਕੁਝ ਅਜਿਹੇ ਡੂੰਘੇ ਭਾਵ ਲੁਕੇ ਹੁੰਦੇ ਸਨ, ਜਿਹੜੇ ਕੇਵਲ ਉਸ ਦੇ ਚਿੰਤਨ ਦੀ ਡੂੰਘਾਈ ਦਾ ਹੀ ਨਹੀਂ, ਸਗੋਂ ਉਸ ਗਿਆਨ ਦੇ ਸੂਚਕ ਸਨ, ਜੋ ਚਿੰਤਨ ਤੋਂ ਅਗਲੀ ਚੀਜ਼ ਹੁੰਦੀ ਹੈ । ਉਸ ਦੇ ਲੰਮੇ ਲੰਮੇ ਪਤਲੇ ਹੱਥ ਨਾਚ-ਕਲਾ ਵਿਚ ਨਿਪੁੰਨ ਦੇਵਦਾਸੀ ਦੇ ਹੱਥਾਂ ਵਾਂਗ ਚਲਦੇ ਸਨ ।

ਉਸ ਨੇ ਆਪਣਾ ਦੱਬਿਆ ਹੋਇਆ ਅਤੇ ਪਿਚਕਿਆ ਹੋਇਆ ਟੋਪ ਠੀਕ ਕੀਤਾ ਅਤੇ ਉਸ ਨੂੰ ਆਪਣੇ ਸਿਰ ਉੱਤੇ ਰੱਖ ਲਿਆ। ਫਿਰ ਉਸ ਨੇ ਹਮਦਰਦੀ ਭਰਪੂਰ ਤੱਕਣੀ ਨਾਲ ਉਨ੍ਹਾਂ ਦੋਹਾਂ ਵਲ ਵੇਖਿਆ "ਕਮਰੇ ਨਾਲੋਂ ਬਾਹਰ ਕੁਝ ਵੱਧ ਚਾਨਣ ਹੈ । ਉਸ ਨੇ ਹੌਲੀ ਜਿਹੀ ਕਿਹਾ, ਅੰਦਰ ਤਾਂ ਕੁਝ ਦਿਸਦਾ ਹੀ ਨਹੀਂ । ਕੀ ਤੁਸੀਂ ਦੋਵੇਂ ਹੀ ਨਵੇਂ ਆਦਮੀ ਹੋ ?"

ਜਾਰਜ ਨੇ ਜਵਾਬ ਦਿੱਤਾ, "ਅਸੀਂ ਹੁਣੇ ਹੀ ਆਏ ਹਾਂ ।"

"ਜੌਂ ਭਰਨ ਦਾ ਕੰਮ ਕਰੋਗੇ ?"

"ਮਾਲਿਕ ਨੇ ਇਹ ਕੰਮ ਕਰਨ ਲਈ ਹੀ ਸਾਨੂੰ ਕਿਹਾ ਹੈ ।"

ਸਲਿਮ ਮੇਜ਼ ਦੇ ਦੂਜੇ ਪਾਸੇ ਜਾਰਜ ਦੇ ਸਾਹਮਣੇ ਇਕ ਬਕਸੇ ਉਤੇ ਬੈਠ ਗਿਆ । ਉਸ ਨੇ ਚੁੱਪ ਕੀਤੇ ਹੀ ਤਾਸ਼ ਦੇ ਉਨ੍ਹਾਂ ਪੱਤਿਆਂ ਨੂੰ ਵੇਖਿਆ ਜਿਹੜੇ ਜਾਰਜ ਨੇ ਆਪਣੀ ਇਕਵੱਲੀ ਖੇਡ ਵਿਚ ਉਲਟੇ ਰੱਖੇ ਹੋਏ ਸਨ । ਤੁਸੀਂ ਮੇਰੀ ਟੋਲੀ ਵਿਚ ਹੀ ਕੰਮ ਕਰੋ ਤਾਂ ਚੰਗਾ ਹੈ, " ਉਹ ਬੋਲਿਆ। ਉਸ ਦੇ ਬੋਲ ਬੜੇ ਹੀ ਰਸੀਲੇ ਸਨ । ਕੁਝ ਛਿਣ ਬਾਦ ਉਹ

ਫਿਰ ਬੋਲਿਆ, "ਮੇਰੀ ਟੋਲੀ ਵਿਚ ਦੋ ਅਜਿਹੇ ਆਦਮੀ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਕਦੇ ਵੀ ਜੌਂ ਨਹੀਂ ਭਰੇ ਸਨ। ਤੁਸੀਂ ਦੋਹਾਂ ਨੇ ਕਦੇ ਇਹ ਕੰਮ ਕੀਤਾ ਹੈ ?'

ਜਾਰਜ ਨੇ ਉੱਤਰ ਦਿੱਤਾ, "ਭਰਾਵਾ, ਬਹੁਤ ਕੀਤਾ ਹੈ। ਮੈਂ ਆਪਣੇ ਸਬੰਧ ਵਿਚ ਤਾਂ ਮਾਣ ਨਾਲ ਕੁਝ ਨਹੀਂ ਕਹਿੰਦਾ, ਪਰ ਇਹ ਦੈਂਤ ਤਾਂ ਇਕੱਲਾ ਹੀ ਇੰਨਾ ਅਨਾਜ ਭਰ ਸਕਦਾ ਹੈ, ਜਿੰਨਾ ਦੋ ਜਵਾਨ ਮਿਲ ਕੇ ਵੀ ਨਹੀਂ ਭਰ ਸਕਦੇ"।

ਲੈਨੀ ਕਦੀ ਤਾਂ ਸਲਿਮ ਵੱਲ ਵੇਖਦਾ ਸੀ ਅਤੇ ਕਦੀ ਜਾਰਜ ਵਲ। ਇੰਜ ਲੱਗਦਾ ਸੀ ਜਿਵੇਂ ਉਹ ਆਪਣੀਆਂ ਅੱਖਾਂ ਨਾਲ ਹੀ ਗੱਲ ਬਾਤ ਦੇ ਰਉਂ ਨੂੰ ਭਾਂਪ ਰਿਹਾ ਹੋਵੇ। ਆਪਣੀ ਤਾਰੀਫ ਸੁਣ ਕੇ ਉਹ ਸਵੈ-ਭਰੋਸੇ ਦੀ ਭਾਵਨਾ ਨਾਲ ਮੁਸਕਰਾਇਆ। ਸਲਿਮ ਨੇ ਅੱਖਾਂ ਨਾਲ ਹੀ ਇਸ ਤਾਰੀਫ ਲਈ ਜਾਰਜ ਦੀ ਸਰਾਹਣਾ ਕੀਤੀ। ਉਹ ਮੇਜ਼ ਉਤੇ ਝੁਕ ਗਿਆ ਅਤੇ ਉਸ ਨੇ ਇਕ ਖੁਲ੍ਹੇ ਪੱਤੇ ਨੂੰ ਪਹਿਲੀ ਉਂਗਲ ਨਾਲ ਉਡਾ ਦਿੱਤਾ। 'ਤੁਸੀਂ ਦੋਵੇਂ ਇਕੱਠੇ ਰਹਿੰਦੇ ਹੋ ?" ਉਸ ਨੇ ਪੁੱਛਿਆ। ਉਸ ਦੀ ਗੱਲ-ਬਾਤ ਵਿਚ ਜਾਰਜ ਨੂੰ ਕੁਝ ਅਜਿਹੇ ਮਿੱਤਰਾਨਾ ਭਾਵ ਦਾ ਝਾਉਲਾ ਪਿਆ, ਜਿਸ ਨਾਲ ਸੁਤੇ-ਸਿੱਧ ਹੀ ਦਿਲ ਵਿਚ ਭਰੋਸਾ ਪੈਦਾ ਹੋ ਜਾਂਦਾ ਹੈ।

"ਹਾਂ, ਉਸ ਨੇ ਉੱਤਰ ਦਿੱਤਾ, "ਅਸੀਂ ਇਕ ਤਰ੍ਹਾਂ ਨਾਲ ਇਕ ਦੂਜੇ ਦਾ ਖ਼ਿਆਲ ਰੱਖਦੇ ਹਾਂ।" ਉਸ ਨੇ ਆਪਣਾ ਅੰਗੂਠਾ ਭੁਆ ਕੇ ਲੈਨੀ ਵਲ ਇਸ਼ਾਰਾ ਕੀਤਾ, "ਇਹ ਬਹੁਤਾ ਸਿਆਣਾ ਨਹੀਂ ਹੈ। ਪਰ ਕਾਮਾ ਕਮਾਲ ਦਾ ਹੈ। ਇਹ ਇਕ ਨੰਬਰ ਦਾ ਭਲਾ ਮਨੁੱਖ ਹੈ। ਬੱਸ, ਰਤਾ ਕੁ ਸਿੱਧਰਾ ਹੈ। ਮੈਂ ਬਹੁਤ ਲੰਮੇ ਸਮੇਂ ਤੋਂ ਇਸ ਨੂੰ ਜਾਣਦਾ ਹਾਂ।"

ਸਲਿਮ ਨੇ ਜਿਵੇਂ ਜਾਰਜ ਦੇ ਅੰਦਰਲੇ ਨੂੰ ਟੋਹਿਆ ਹੋਵੇ, "ਇਕੱਠੇ ਸਾਥੀਆਂ ਵਾਂਗ ਰਹਿਣ ਵਾਲੇ ਵਿਅਕਤੀ ਹੁਣ ਨਹੀਂ ਮਿਲਦੇ।" ਉਸ ਨੇ ਜਿਵੇਂ ਆਪਣੇ ਆਪ ਨੂੰ ਹੀ ਸੰਬੋਧਿਤ ਕੀਤਾ ਹੋਵੇ। "ਕੀ ਪਤਾ ਇੰਜ ਕਿਉਂ ਹੁੰਦਾ ਹੈ ? ਲੱਗਦਾ ਹੈ ਕਿ ਇਸ ਨਿਕੰਮੀ ਦੁਨੀਆਂ ਵਿਚ ਸਾਰੇ ਹੀ ਇਕ ਦੂਜੇ ਤੋਂ ਡਰਦੇ ਹਨ ?"

ਜਾਰਜ ਬੋਲਿਆ "ਕਿਸੇ ਜਾਣੇ ਪਛਾਣੇ ਸਾਥੀ ਨਾਲ ਮਿਲ ਕੇ ਕੰਮ ਕਰਨਾ, ਇਕੱਲਿਆ ਝਖ ਮਾਰਨ ਨਾਲੋਂ ਚੰਗਾ ਹੈ।"

ਉਸੇ ਸਮੇਂ ਇਕ ਹੱਟਾ ਕੱਟਾ ਢਿਡਲ ਆਦਮੀ ਅੰਦਰ ਆਇਆ। ਉਸ ਦੇ ਸਿਰ ਤੋਂ ਹਾਲੇ ਵੀ ਪਾਣੀ ਨੁੱਚੜ ਰਿਹਾ ਸੀ । ਸਪੱਸ਼ਟ ਸੀ ਕਿ ਉਹ ਵੀ ਗੁਸਲਖਾਨੇ ਤੋਂ ਸਿੱਧਾ ਹੀ ਕਮਰੇ ਅੰਦਰ ਆ ਵੜਿਆ ਸੀ ।

"ਹੈਲੋ ਸਲਿਮ", ਉਸ ਨੇ ਕਿਹਾ ਅਤੇ ਫਿਰ ਰਤਾ ਕੁ ਠਠੰਬਰ ਕੇ ਉਨ੍ਹਾਂ ਦੋਹਾਂ ਨੂੰ ਵੇਖਣ ਲੱਗ ਪਿਆ ।"

ਸਲਿਮ ਨੇ ਜਾਣ-ਪਛਾਣ ਕਰਾਉਂਦਿਆਂ ਕਿਹਾ, "ਇਹ ਦੋਵੇਂ ਹੁਣੇ ਆਏ ਹਨ ।"

ਉਸ ਹੱਟੇ ਕੱਟੇ ਆਦਮੀ ਨੇ ਕਿਹਾ, "ਤੁਹਾਨੂੰ ਮਿਲ ਕੇ ਬੜੀ ਖੁਸ਼ੀ ਹੋਈ ਹੈ । ਮੇਰਾ ਨਾਂ ਕਾਰਲਸਨ ਹੈ ।"

ਜਾਰਜ ਨੇ ਕਿਹਾ, "ਮੇਰਾ ਨਾਂ ਜਾਰਜ ਮਿਲਟਨ ਹੈ ਅਤੇ ਇਹ ਹੈ ਲੈਨੀ ਸਮਾਲ।"

"ਸਮਾਲ"-ਕਾਰਲਸਨ ਹੱਸ ਪਿਆ। ਇਹ ਨਿੱਕਾ ਨਿਆਣਾ ਤਾਂ ਨਹੀਂ ਹੈ । ਕਿਸੇ ਪੱਖ ਤੋਂ ਵੀ ਨਿੱਕਾ ਨਹੀਂ ਲੱਗਦਾ ।" ਉਸ ਨੇ ਆਪਣਾ ਇਹੋ ਮਜ਼ਾਕ ਫਿਰ ਦੁਹਰਾਇਆ ਅਤੇ ਫਿਰ ਰਤਾ ਕੁ ਹੱਸ ਪਿਆ । ਫਿਰ ਉਹ ਸਲਿਮ ਵਲ ਮੁੜਿਆ, “ਤੁਹਾਡੀ ਕੁੱਤੀ ਕਿੰਜ ਹੈ, ਸਲਿਮ ?" ਉਂਸ ਨੇ ਪੁੱਛਿਆ।" ਉਹ ਅੱਜ ਤੁਹਾਡੀ ਘੋੜਾ-ਗੱਡੀ ਦੇ ਹੇਠਾਂ ਨਹੀਂ ਦਬੀ ।"

"ਰਾਤੀਂ ਉਹ ਸੂ ਪਈ ਹੈ ਅਤੇ ਉਸ ਨੇ ਬੱਚੇ ਦਿੱਤੇ ਹਨ ।" ਸਲਿਮ ਨੇ ਕਿਹਾ । ਕਾਰਲਸਨ ਨੇ ਪੁੱਛਿਆ, "ਕਿੰਨੇ ਬੱਚੇ ਦਿੱਤੇ ਸੂ ?"

"ਇਕੱਠੇ ਨੌਂ ਚਾਰ ਤਾਂ ਮੈਂ ਉਸੇ ਵੇਲੇ ਹੀ ਡਬੋ ਦਿੱਤੇ । "ਸਲਿਮ ਨੇ ਉੱਤਰ ਦਿੱਤਾ, "ਐਨਿਆਂ ਨੂੰ ਉਹ ਦੁੱਧ ਕਿਥੋਂ ਪਿਲਾਉਂਦੀ ।"

ਕਾਰਲਸਨ ਬੋਲਿਆ, “ਤਾਂ. ਪੰਜ ਬਾਕੀ ਰਹਿ ਗਏ ਹਨ ?"

"ਆਹੋ, ਮੈਂ ਚੁਣ ਚੁਣ ਕੇ ਪਲੇ ਹੋਏ ਰਖ ਲਏ ਸਨ ।"

"ਕਿਹੋ ਜਿਹੇ ਨਿਕਲਣਗੇ ਉਹ ਵੱਡੇ ਹੋ ਕੇ ?"

"ਕੁਝ ਕਹਿ ਨਹੀਂ ਸਕਦਾ "ਸਲਿਮ ਨੇ ਕਿਹਾ, "

ਹੋ ਸਕਦਾ ਹੈ ਕਿ ਗਡਰੀਆ ਕੁੱਤੇ ਹੋਣ । ਜਿਨ੍ਹਾਂ ਦਿਨਾਂ ਵਿਚ ਉਹ ਬਹਾਰ (ਹੀਟ) ਤੇ ਆਈ ਹੋਈ ਸੀ, ਬਹੁਤਾ ਕਰਕੇ ਮੈਂ ਗਡਰੀਆ ਕੁੱਤੇ ਹੀ ਉਸ ਦੇ ਮਗਰ ਲੱਗੇ ਦੇਖੇ ਸਨ।"

ਕਾਰਲਸਨ ਬੋਲਿਆ, “ਚੰਗਾ, ਤਾਂ ਤੇਰੇ ਕੋਲ ਪੰਚ ਕਤੂਰੇ ਹਨ। ਕੀ ਸਾਰੇ ਤੂੰ ਆਪ ਹੀ ਰੱਖੇਗਾ ?”

ਕਹਿ ਨਹੀਂ ਸਕਦਾ । ਕੁਝ ਦਿਨ ਤਾਂ ਰਖਣੇ ਪੈਣਗੇ । ਤਾਂ ਜੋ ਲਲੂ ਦਾ ਦੁੱਧ ਚੁੰਘ ਲੈਣ ' ਸੋਚਾਂ ਵਿਚ ਡੁੱਬਾ ਕਾਰਲਸਨ ਬੋਲਿਆ, "ਵੇਖ ਸਲਿਮ, ਮੈਂ ਸੋਚਦਾ ਹਾਂ ਕਿ ਉਸ ਸਹੁਰੇ ਕੈਂਡੀ ਦਾ ਕੁੱਤਾ ਇੰਨਾ ਬੁੱਢਾ ਹੋ ਗਿਆ ਹੈ ਕਿ ਉਸ ਲਈ ਤੁਰਨਾ ਫਿਰਨਾ ਵੀ ਮੁਹਾਲ ਹੈ। ਉਸ ਕੋਲੋਂ ਬੇਹੱਦ ਬਦਬੂ ਆਉਂਦੀ ਹੈ । ਜਦੋਂ ਵੀ ਉਹ ਇੱਥੇ ਆਉਂਦਾ ਹੈ ਤਾਂ ਦੋ ਤਿੰਨ ਦਿਨਾਂ ਤਕ ਮੈਨੂੰ ਉਸ ਦੀ ਬਦਬੂ ਆਉਂਦੀ ਰਹਿੰਦੀ ਹੈ । ਤੂੰ ਕੈਂਡੀ ਨੂੰ ਕਿਉਂ ਨਹੀਂ ਕਹਿ ਦਿੰਦਾਂ ਕਿ ਉਹ ਆਪਣੇ ਉਸ ਖੁਰਕ-ਮਾਰੇ ਕੁੱਤੇ ਨੂੰ ਗੋਲੀ ਮਾਰ ਦੇਵੇ ਅਤੇ ਤੇਰੇ ਇਨ੍ਹਾਂ ਕਤੂਰਿਆਂ ਵਿਚੋਂ ਇਕ ਨੂੰ ਲੈ ਕੇ ਪਾਲ ਲਵੇ ? ਉਸ ਸਹੁਰੇ ਦੀ ਬਦਬੂ ਮੈਨੂੰ ਇਕ ਮੀਲ ਤੋਂ ਆਉਣ ਲੱਗ ਪੈਂਦੀ ਹੈ । ਨਾ ਤਾਂ ਉਸ ਦੀਆਂ ਅੱਖਾਂ ਹਨ ਅਤੇ ਨਾ ਹੀ ਦੰਦ । ਨਾ ਤਾਂ ਉਹ ਵੇਖ ਸਕਦਾ ਹੈ ਅਤੇ ਨਾ ਹੀ ਕੁਝ ਖਾ ਸਕਦਾ ਹੈ । ਕੈਂਡੀ ਉਸ ਨੂੰ ਦੁੱਧ ਪਿਆਉਂਦਾ ਹੈ । ਉਹ ਤਾਂ ਕੋਈ ਚੀਜ਼ ਵੀ ਚਿੱਥ ਨਹੀਂ ਸਕਦਾ ।"

ਜਾਰਜ ਬੜੇ ਧਿਆਨ ਨਾਲ ਸਲਿਮ ਵੱਲ ਵੇਖ ਰਿਹਾ ਸੀ । ਉਸੇ ਵੇਲੇ ਹੀ ਬਾਹਰ ਭਾਂਡਿਆਂ ਦੀ ਖੜਕਾਰ ਸ਼ੁਰੂ ਹੋ ਗਈ ਅਤੇ ਇਹ ਆਵਾਜ਼ਾਂ ਬੜੀ ਤੇਜ਼ੀ ਨਾਲ ਸੁਣਾਈ ਦੇਣ ਲਗੀਆਂ । ਪਰ ਅਚਾਨਕ ਸ਼ੁਰੂ ਹੋਈਆਂ ਇਹ ਆਵਾਜ਼ਾਂ ਅਚਾਨਕ ਹੀ ਬੰਦ ਹੋ ਗਈਆਂ ।

ਕਾਰਲਸਨ ਨੇ ਕਿਹਾ, “ਖਾਣਾ ਆ ਗਿਆ ਹੈ ।"

ਬਾਹਰ ਇਕ ਟੋਲੀ ਬੂਹੇ ਅਗਿਓਂ ਦੀ ਲੰਘੀ ਅਤੇ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਇਕੱਠਿਆਂ ਹੀ ਅੰਦਰ ਆਈਆਂ।

ਸਲਿਮ ਹੌਲੇ ਜਿਹੇ ਪਰ ਗੰਭੀਰਤਾ ਨਾਲ ਉਠਿਆ, "ਤੁਸੀਂ ਲੋਕ ਚਲ ਕੇ ਖਾਣਾ ਖਾ ਲਵੋ, ਨਹੀਂ ਤਾਂ ਕੁਝ ਮਿੰਟਾਂ ਵਿਚ ਹੀ ਰੋਟੀ ਦਾ ਇਕ ਟੁਕੜਾ ਵੀ ਉਥੇ ਨਹੀਂ ਬਚੇਗਾ ।”

ਕਾਰਲਸ਼ਨ ਇਕ ਪਾਸੇ ਹਟ ਗਿਆ ਅਤੇ ਸਲਿਮ ਲਈ ਰਸਤਾ ਛੱਡ ਦਿੱਤਾ । ਬਾਦ ਵਿਚ ਉਹ ਆਪ ਵੀ ਬੂਹੇ ਤੋਂ ਬਾਹਰ ਨਿਕਲ ਗਿਆ ।

ਲੈਨੀ ਬੜੀ ਉਤਸੁਕਤਾ ਨਾਲ ਜਾਰਜ ਵਲ ਵੇਖ ਰਿਹਾ ਸੀ । ਜਾਰਜ ਨੇ ਖਿੱਲਰੇ ਹੋਏ ਪੱਤਿਆਂ ਨੂੰ ਇਕੱਠਾ ਕਰ ਕੇ ਇਕ ਥਾਂ ਤੇ ਰੱਖ ਕੇ ਕਿਹਾ, "ਹਾਂ ਹਾਂ, ਮੈਂ ਸੁਣ ਲਿਆ ਹੈ । ਮੈਂ ਉਸ ਨੂੰ ਪੁਛਾਂਗਾ ।”

ਲੈਨੀ ਉਤਸ਼ਾਹ ਨਾਲ ਬੋਲਿਆ, “ਭੂਰਾ ਅਤੇ ਚਿੱਟਾ।

ਜਾਰਜ ਉਠ ਕੇ ਤੁਰ ਪਿਆ. "ਆਓ, ਚੱਲ ਕੇ ਖਾਣਾ ਖਾ ਲਈਏ । ਕੀ ਪਤਾ ਹੈ ਕਿ ਉਸ ਦੇ ਕੋਲ ਕੋਈ ਭੂਰਾ ਤੇ ਚਿੱਟਾ ਕਤੂਰਾ ਹੈ ਵੀ ਕਿ ਨਹੀਂ ।

ਲੈਨੀ ਆਪਣੇ ਵੱਟੇ ਤੋਂ ਨਾ ਹਿੱਲਿਆ, "ਜਾਰਜ ਤੁਸੀਂ ਉਸ ਤੋਂ ਹੁਣੇ ਹੀ ਪੁੱਛ ਲਵੋ, ਕਿਧਰੇ ਉਹ ਹੋਰ ਵੀ ਕਿਸੇ ਕਤੂਰੇ ਨੂੰ ਨਾ ਮਾਰ ਦੇਵੇ ।"

"ਹਾਂ, ਹਾਂ, ਹੁਣ ਉਠ ਅਤੇ ਚੱਲ ।"

ਲੈਨੀ ਨੇ ਆਪਣਾ ਬਿਸਤਰਾ ਵਲ੍ਹੇਟ ਦਿੱਤਾ ਅਤੇ ਉਠ ਪਿਆ । ਦੋਵੇਂ ਬੂਹੇ ਵਲ ਮੁੜ ਪਏ । ਹਾਲੀ ਉਹ ਬੂਹੇ ਤਕ ਪਹੁੰਚੇ ਹੀ ਸਨ ਕਿ ਕਰਲੀ ਅੰਦਰ ਆ ਗਿਆ ।

ਕਰਲੀ ਨੇ ਅੱਗ-ਬਗੂਲਾ ਹੋਏ ਨੇ ਪੁੱਛਿਆ, 'ਤੁਸੀਂ ਕਿਸੇ ਕੁੜੀ ਨੂੰ ਇੱਥੇ ਵੇਖਿਆ ਹੈ ?"

ਕੁਝ ਅਨਮਨੀ ਜਿਹੀ ਨਾਲ ਜਾਰਜ ਨੇ ਜਵਾਬ ਦਿੱਤਾ, "ਸ਼ਾਇਦ ਅੱਧਾ ਕ ਘੰਟਾ ਹੋ ਗਿਆ ਹੈ।"

"ਉਹ ਇਥੇ ਕੀ ਕਰਦੀ ਸੀ ਪਈ ?"

ਜਾਰਜ ਚੁੱਪਚਾਪ ਖੜੋਤਾ ਉਸ ਠਿੰਗਣੇ ਤੇ ਅੱਗੋ ਅੱਗ ਹੋਏ ਆਦਮੀ ਨੂੰ ਵੇਖਦਾ ਰਿਹਾ । ਫਿਰ ਉਸ ਨੇ ਟਿੱਚਰ ਵਰਗੇ ਲਹਿਜ਼ੇ ਵਿਚ ਕਿਹਾ, "ਕਹਿੰਦੀ ਤਾਂ ਇਹ ਸੀ ਕਿ ਉਹ ਤੁਹਾਨੂੰ ਢੂੰਡ ਰਹੀ ਹੈ ।"

ਜਾਰਜ ਦੇ ਬੋਲਾਂ ਵਿਚ ਕੁਝ ਅਜਿਹਾ ਅਪਮਾਨ ਭਰਿਆ ਹੋਇਆ ਸੀ ਕਿ ਕਰਲੀ ਦੀਆਂ ਅੱਖਾਂ ਵਿਚ ਰੋਹ ਉਤਰ ਆਇਆ । ਉਸ ਦੀ ਤੱਕਣੀ ਤੋਂ ਇੰਜ ਲਗਦਾ ਸੀ ਜਿਵੇਂ ਉਸ ਨੇ ਜਾਰਜ ਨੂੰ ਪਹਿਲੀ ਵਾਰ ਵੇਖਿਆ ਹੋਵੇ । ਛਿਨ ਕੁ ਖੜੋਤਾ ਉਹ ਉਸ ਦੀ ਲੰਬਾਈ-ਚੌੜਾਈ, ਕਦ-ਬੁੱਤ ਉਸ ਦੀ ਮਜ਼ਬੂਤ ਛਾਤੀ ਅਤੇ ਉਸ ਦੀ ਇਕੱਹਿਰੀ ਕਮਰ ਨੂੰ ਵੇਖਦਾ ਰਿਹਾ। ਆਖ਼ਰ ਉਸ ਨੇ ਫਿਰ ਸਵਾਲ ਕੀਤਾ. "ਉਹ ਇਥੋਂ ਕਿੱਧਰ ਗਈ ?"

ਜਾਰਜ ਨੇ ਜਵਾਬ ਦਿੱਤਾ. "ਮੈਨੂੰ ਕੀ ਪਤਾ ਮੈਂ ਉਸ ਨੂੰ ਜਾਂਦਿਆਂ ਨਹੀਂ ਵੇਖਿਆ।"

ਕਰਲੀ ਨੇ ਇਕ ਵਾਰ ਫਿਰ ਅਤਿਅੰਤ ਗੁੱਸੇ ਨਾਲ ਜਾਰਜ ਵਲ ਵੇਖਿਆ ਅਤੇ ਫਿਰ ਪਰਤ ਕੇ ਛੇਤੀ ਛੇਤੀ ਬਾਹਰ ਚਲਾ ਗਿਆ ।

ਜਾਰਜ ਬੁੜ-ਬੜਾਇਆ, "ਮੈਨੂੰ ਡਰ ਹੈ ਕਿ ਕਿਧਰੇ ਮੈਂ ਆਪ ਹੀ ਇਸ ਹਰਾਮਜ਼ਾਦੀ ਨਾਲ ਨਾ ਖਹਿਬੜ ਪਵਾਂ । ਮੈਨੂੰ ਇਸ ਸਾਲੇ ਦੀ ਆਕੜਖਾਨੀ ਤੋਂ ਬਹੁਤ ਖੁੰਦਕ ਆਉਂਦੀ ਹੈ । ਰੱਬ ਦਾ ਵਾਸਤਾ ਹੈ, ਚੱਲੋ। ਕੀ ਪਤੈ, ਖਾਣ ਨੂੰ ਉਥੇ ਕੁਝ ਬਚਿਆ ਵੀ ਹੋਵੇਗਾ ਜਾਂ ਨਹੀਂ ।"

ਦੋਵੇਂ ਜਣੇ ਬਾਹਰ ਨਿੱਕਲ ਗਏ । ਸੂਰਜ ਦਾ ਚਾਨਣ ਇਕ ਧੁੰਦਲੀ ਕਿਰਣ ਦੇ ਰੂਪ ਵਿਚ ਖਿੜਕੀ ਦੇ ਥੱਲੇ ਆਇਆ ਹੋਇਆ ਸੀ । ਦੂਰੋਂ ਪਲੇਟਾਂ ਅਤੇ ਚਮਚਿਆਂ ਦੀ ਖੜਕਾਰ ਸੁਣਾਈ ਦਿੰਦੀ ਸੀ ।

ਛਿਣ ਕੁ ਮਗਰੋਂ ਕੈਂਡੀ ਦਾ ਕੁੱਤਾ ਲੰਗੜਾਉਂਦਾ ਜਿਹਾ ਅੰਦਰ ਆਇਆ। ਅੱਧ-ਖੁਲ੍ਹੀਆ ਅੱਖਾਂ ਨਾਲ ਉਹ ਪਲ ਭਰ ਕਮਰੇ ਦੇ ਅੰਦਰ ਝਾਕਦਾ ਰਿਹਾ। ਫਿਰ ਇਕ ਦੋ ਵਾਰੀ ਸੁੰਘ ਕੇ ਉਥੇ ਹੀ ਲੇਟ ਗਿਆ ਅਤੇ ਉਸ ਨੇ ਆਪਣਾ ਸਿਰ ਅਪਣੇ ਪੰਜਿਆਂ ਵਿਚ ਰੱਖ ਲਿਆ ਉਸੇ ਵੇਲੇ ਕਰਲੀ ਨੇ ਫਿਰ ਇਕ ਵਾਰ ਅੰਦਰ ਝਾਕਿਆ ਅਤੇ ਛਿਣ ਕ ਲਈ ਉਥੇ ਚੁਗਾਨ ਵਿਚਾਲੇ ਖੜੋਤਾ ਵੇਖਦਾ ਰਿਹਾ । ਕੁੱਤੇ ਨੇ ਸਿਰ ਚੁੱਕਿਆ । ਪਰ ਜਦੋਂ ਕਰਲੀ ਮੋਢੇ ਹਿਲਾਉਂਦਾ ਹੋਇਆ ਨਿੱਕਲ ਗਿਆ। ਤਾਂ ਉਸ ਨੇ ਆਪਣਾ ਖੁਰਕ ਨਾਲ ਅੱਧ-ਗਲਿਆ ਸਿਰ ਫਿਰ ਆਪਣੇ ਪੰਜਿਆਂ ਵਿਚ ਰੱਖ ਲਿਆ।

ਭਾਵੇਂ ਕਾਮਿਆਂ ਦੇ ਉਸ ਫੱਟਿਆਂ ਵਾਲੇ ਲੰਬੂਤਰੇ ਕਮਰੇ ਦੀਆਂ ਖਿੜਕੀਆਂ ਦੇ ਵਿਚੋਂ ਬਾਹਰੋਂ ਆਉਂਦੀ ਸੰਝਾਂ ਦੀ ਤੇਜ਼ ਧੁੱਪ ਦਿਸਦੀ ਪਈ ਸੀ, ਪਰ ਕਮਰੇ ਦੇ ਅੰਦਰ ਘੁਸਮੁਸਾ ਜਿਹਾ ਹੋ ਗਿਆ ਸੀ । ਖੁੱਲ੍ਹੇ ਹੋਏ ਬੂਹੇ ਵਿਚੋਂ ਜੂਆ ਨੁਮਾਂ ਖੇਡ ਦੀ ਠਕ ਠਕ ਅਤੇ ਕਦੇ ਕਦਾਈਂ ਟਣ ਟਣ ਦੀ ਆਵਾਜ਼ ਅਤੇ ਕਦੇ ਕਦੇ ਹਾਸੇ ਠੱਠੇ ਦੀਆਂ ਆਵਾਜ਼ਾਂ ਵੀ ਸੁਣਾਈ ਪੈਂਦੀਆਂ ਸਨ ।

ਸਲਿਮ ਅਤੇ ਜਾਰਜ ਦੋਵੇਂ ਨਾਲ ਨਾਲ ਹੌਲੀ ਹੌਲੀ ਉਸ ਹਨੇਰੇ ਵਾਲੇ ਕਮਰੇ ਵਿਚ ਆ ਗਏ । ਸਲਿਮ ਦੇ ਤਾਸ਼ਵਾਲੇ ਮੇਜ਼ ਉਤੇ ਪਈ ਟੀਨ ਦੇ ਸ਼ੇਡ ਵਾਲੀ ਬਿਜਲੀ ਦੇ ਲੈਂਪ ਦੀ ਰੌਸ਼ਨੀ ਸ਼ੇਡ ਕਾਰਨ ਸਿੱਧੀ ਮੇਜ਼ ਉਤੇ ਹੀ ਪੈ ਰਹੀ ਸੀ ਅਤੇ ਕਮਰੇ ਦੀਆਂ ਨੁੱਕਰਾਂ ਵੱਲ ਹਨੇਰਾ ਸੀ । ਸਲਿਮ ਇਕ ਬਕਸੇ ਉਤੇ ਬੈਠ ਗਿਆ ਅਤੇ ਜਾਰਜ ਉਸ ਦੇ ਸਾਹਮਣੇ ਬੈਠ ਗਿਆ ।

ਸਲਿਮ ਨੇ ਕਿਹਾ "ਇਸ ਵਿਚ ਅਜਿਹੀ ਕੋਈ ਗੱਲ ਨਹੀਂ। ਮੈਨੂੰ ਤਾਂ ਹਰ ਸੂਰਤ ਵਿਚ ਹੀ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਡਬੋ ਕੇ ਮਾਰਨਾ ਪੈਣਾ ਸੀ । ਇਸ ਸਬੰਧ ਵਿਚ ਮੇਰਾ ਧੰਨਵਾਦ ਕਰਨ ਦੀ ਲੋੜ ਨਹੀਂ ਹੈ ।"

ਜਾਰਜ ਨੇ ਕਿਹਾ, "ਤੁਹਾਡੇ ਲਈ ਤਾਂ ਸ਼ਇਦ ਇਹ ਵੱਡੀ ਗੱਲ ਨਾ ਹੋਵੇ, ਪਰ ਉਸ ਲਈ ਤਾਂ ਇਹ ਬਹੁਤ ਮਹੱਤਵਪੂਰਣ ਗੱਲ ਹੈ। ਰੱਬ ਦੀ ਸਹੁੰ, ਪਤਾ ਨਹੀਂ ਅਸੀਂ ਕਿਵੇਂ ਉਸ ਨੂੰ ਇੱਥੇ ਸੁਆ ਸਕਾਂਗੇ । ਉਹ ਤਾਂ ਉਨ੍ਹਾਂ ਕਤੂਰਿਆਂ ਦੇ ਨਾਲ ਢਾਰੇ ਵਿਚ ਸੌਣ ਨੂੰ ਵੀ ਤਿਆਰ ਹੋ ਜਾਵੇਗਾ ਉਨ੍ਹਾਂ ਕਤੂਰਿਆਂ ਦੇ ਨਾਲ ਬਕਸੇ ਵਿਚ ਬੰਦ ਹੋ ਜਾਣ ਨਾਲ ਵੀ ਉਸ ਨੂੰ ਕੋਈ ਔਖ ਨਹੀਂ ਹੋਵੇਗੀ । ਸਗੋਂ ਮੇਰਾ ਤਾਂ ਇਹ ਖਿਆਲ ਹੈ ਕਿ ਉਸ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਣਾ ਹੈ ਔਖਾ ਹੋਵੇਗਾ।"

ਸਲਿਮ ਨੇ ਮੁੜ ਕਿਹਾ, "ਭਰਾਵਾ, ਕੋਈ ਗੱਲ ਨਹੀਂ । ਹਾਂ, ਉਸ ਦੇ ਸਬੰਧ ਵਿਚ ਜੋ ਕੁਝ ਤੁਸੀਂ ਕਿਹਾ ਸੀ ਸੱਚ ਹੀ ਸੀ । ਕੁਝ ਸਿੱਧਰਾ ਤਾਂ ਹੈ। ਪਰ ਅਜਿਹਾ ਡਟ ਕੇ ਕੰਮ ਕਰਨ ਵਾਲਾ ਮੈਂ ਪਹਿਲਾਂ ਨਹੀਂ ਵੇਖਿਆ। ਉਸ ਦਾ ਜੋੜੀਦਾਰ ਤਾਂ ਮਰ ਹੀ ਜਾਂਦਾ । ਉਸ ਨਾਲ ਕੰਮ ਕਰਦਾ ਉਹ ਬੁਰੀ ਤਰਾਂ ਹੌਂਕਣ ਲੱਗ ਪਿਆ ਸੀ । ਉਸ ਵਰਗਾ ਹੋਰ ਕੋਈ ਨਹੀਂ ਹੈ। ਹੇ ਰੱਬ ਮੈਂ ਇਸ ਵਰਗਾ ਤਕੜਾ ਬੰਦਾ ਪਹਿਲਾਂ ਕਿਧਰੇ ਨਹੀਂ ਵੇਖਿਆ।"

ਜਾਰਜ ਨੇ ਮਾਣ ਨਾਲ ਕਿਹਾ "ਬੱਸ, ਲੈਨੀ ਨੂੰ ਕੰਮ ਦੱਸ ਦਿਓ ਅਤੇ ਜੇਕਰ ਉਸ ਕੰਮ ਵਿਚ ਕਿਸੇ ਤਰ੍ਹਾਂ ਦਿਮਾਗ਼ ਦੀ ਜਾਂ ਸੋਚਣ ਵਿਚਾਰਨ ਦੀ ਲੋੜ ਨਹੀਂ ਤਾਂ ਬਸ ਉਹ ਕੰਮ ਨਿਬੇੜ ਦੇਵੇਗਾ। ਉਹ ਆਪ ਸੋਚ ਕੇ ਕੋਈ ਕੰਮ ਨਹੀਂ ਕਰ ਸਕਦਾ । ਪਰ ਇਕ ਵਾਰ ਦੱਸ ਦੇਣ ਤੋਂ ਬਾਅਦ ਕੰਮ ਬਾਅਦ ਕੰਮ ਨਿਬੇੜਨ ਵਿਚ ਉਸ ਜਿਹਾ ਹੋਰ ਕੋਈ ਨਹੀਂ ਹੋ ਸਕਦਾ।”

ਬਾਹਰੋਂ ਉਸੇ ਜੂਆ ਨੁਮਾਂ-ਖੇਡ ਅਤੇ ਥੋੜੀ ਕੁ ਹਾਸੇ-ਮਜ਼ਾਕ ਦੀ ਆਵਾਜ਼ ਆਉਂਦੀ ਸੀ ।

ਸਲਿਮ ਰਤਾ ਕੁ ਪਿਛਾਂਹ ਹੋ ਗਿਆ ਤਾਂ ਜੋ ਲੈਂਪ ਦਾ ਚਾਨਣ ਉਸ ਦੇ ਮੂੰਹ ਉਤੇ ਨਾ ਪਵੇ । “ਕਿਹੋ ਜਿਹੀ ਅਜੀਬ ਗੱਲ ਹੈ, ਤੁਸੀਂ ਅਤੇ ਉਹ ਦੋਵੇਂ ਹਰ ਥਾਂ ਇਕੱਠੇ ਹੀ ਜਾਂਦੇ ਹੋ ।""

ਸਲਿਮ ਦਾ ਦੂਜੇ ਬੰਦੇ ਨੂੰ ਗੱਲਾਂ ਲਾਉਣ ਦਾ ਇਹ ਬਹੁਤ ਹੀ ਵਧੀਆ ਢੰਗ ਸੀ । ਉਹ ਗੱਲ ਇਸ ਤਰ੍ਹਾਂ ਸ਼ੁਰੂ ਕਰਦਾ ਸੀ ਕਿ ਦੂਜਾ ਆਦਮੀ ਆਪਣਾ ਸਾਰਾ ਦਿਲ ਖੋਲ੍ਹ ਕੇ ਉਸ ਦੇ ਸਾਹਮਣੇ ਰੱਖ ਦਿੰਦਾ ਸੀ ।

ਜਾਰਜ ਨੇ ਰਤਾ ਕੁ ਸੰਕੋਚ ਨਾਲ ਪੁੱਛਿਆ, "ਇਸ ਵਿਚ ਅਜੀਬ ਗੱਲ ਕੀ ਹੈ ?"

“ਮੈਂ ਪੱਕੇ ਤੌਰ ਤੇ ਤਾਂ ਕੁਝ ਨਹੀਂ ਕਹਿ ਸਕਦਾ । ਪਰ ਅੱਜ ਕੱਲ੍ਹ ਅਜਿਹੇ ਦੋ ਆਦਮੀ ਮਿਲਣੇ ਔਖੇ ਹਨ, ਜਿਹੜੇ ਰਲ ਮਿਲ ਕੇ ਇਕੱਠੇ ਰਹਿੰਦੇ ਹੋਣ । ਤੁਸੀਂ ਜਾਣਦੇ ਹੀ ਹੋ, ਅੱਜ ਕੱਲ੍ਹ ਕਾਮੇ ਲੋਕ ਕਿਹੋ ਜਿਹੇ ਹਨ। ਆਏ, ਆਪਣੀ ਥਾਂ ਮੱਲੀ, ਮਹੀਨਾ ਕੰਮ ਕੀਤਾ ਅਤੇ ਫਿਰ ਕੰਮ ਛੱਡ ਕੇ ਤੁਰ ਗਏ । ਬਿਲਕੁਲ ਹੀ ਇਕੱਲੇ । ਕੋਈ ਵੀ ਕਿਸੇ ਦੂਜੇ ਦੀ ਰਤਾ ਜਿੰਨੀ ਵੀ ਪਰਵਾਹ ਨਹੀਂ ਕਰਦਾ। ਇਹ ਗੱਲ ਅਜੀਬ ਲਗਦੀ ਹੈ ਕਿ ਉਸ ਵਰਗਾ ਬੁੱਧੂ ਅਤੇ ਤੁਹਾਡੇ ਜਿਹਾ ਹੁਸ਼ਿਆਰ ਆਦਮੀ ਇਕੱਠੇ ਰਹਿਣ ।"

ਜਾਰਜ ਬੋਲਿਆ, “ਉਹ ਬੁੱਧੂ ਨਹੀਂ ਹੈ । ਉਹ ਚੁੱਪ ਤਾਂ ਜਰੂਰ ਰਹਿੰਦਾ ਹੈ, ਪਰ ਸ਼ੁਦਾਈ ਨਹੀਂ ਹੈ । ਅਤੇ ਮੈਂ ਵੀ ਤਾਂ ਕੋਈ ਵਧੇਰੇ ਹੁਸ਼ਿਆਰ ਨਹੀਂ ਹਾਂ । ਜੇਕਰ ਇੰਜ ਨਾ ਹੁੰਦਾ, ਤਾਂ ਮੈਂ ਪੰਜਾਹ ਦਮੜਿਆਂ ਅਤੇ ਖੁਰਾਕ ਤੇ ਰਿਹਾਇਸ਼ ਲਈ ਜੌਂ ਨਾ ਭਰਦਾ ਹੁੰਦਾ ।

ਜੇਕਰ ਮੈਂ ਚੁਸਤ ਚਲਾਕ ਹੁੰਦਾ, ਮਾੜਾ ਜਿਹਾ ਵੀ ਹੁਸ਼ਿਆਰ ਹੁੰਦਾ, ਤਾਂ ਮੇਰਾ ਵੀ ਆਪਣਾ ਨਿੱਕਾ ਜਿਹਾ ਘਰ ਹੁੰਦਾ ਅਤੇ ਮੈਂ ਆਪਣੀ ਖੇਤੀ ਕਰਦਾ । ਸਾਰਾ ਕੰਮ ਕਰਨ ਉਪਰੰਤ ਧਰਤੀ ਮਾਂ ਜੋ ਦਿੰਦੀ ਹੈ, ਉਹ ਕਿਸੇ ਹੋਰ ਨੂੰ ਮਿਲਣ ਦੀ ਥਾਵੇਂ ਮੈਨੂੰ ਮਿਲਿਆ ਕਰਦਾ ।" ਇੰਨੀ ਗੱਲ ਕਹਿ ਕੇ ਜਾਰਜ ਚੁੱਪ ਹੋ ਗਿਆ । ਉਹ ਹੋਰ ਗੱਲਬਾਤ ਕਰਨਾ ਚਾਹੁੰਦਾ ਸੀ ਪਰ ਸਲਿਮ ਨੇ ਨਾ ਤਾਂ ਉਸ ਨੂੰ ਹੋਰ ਹੱਲਾ ਸ਼ੇਰੀ ਦਿੱਤੀ ਅਤੇ ਨਾ ਹੀ ਉਸ ਦਾ ਹੌਸਲਾ ਢਾਹਿਆ। ਉਹ ਤਾਂ ਸ਼ਾਂਤੀ ਨਾਲ ਸਰੋਤਾ ਬਣਿਆ ਬੈਠਾ ਸੀ ।

ਅਖ਼ੀਰ ਜਾਰਜ ਫਿਰ ਬੋਲਿਆ, "ਸਾਡਾ ਦੋਹਾਂ ਦਾ ਇਕੱਠਿਆਂ ਰਹਿਣਾ ਕੋਈ ਬਹੁਤੀ ਅਜੀਬ ਗੱਲ ਤਾਂ ਨਹੀਂ ਹੈ । ਉਹ ਅਤੇ ਮੈਂ ਦੋਵੇਂ ਆਬਰਨ ਵਿਚ ਜੰਮੇ ਪਲੇ ਸਾਂ । ਮੈਂ ਉਸ ਦੀ ਚਾਚੀ ਕਲਾਰਾ ਨੂੰ ਜਾਣਦਾ ਸਾਂ । ਉਸ ਨੇ ਲੈਨੀ ਨੂੰ ਬਚਪਨ ਤੋਂ ਹੀ ਪਾਲਿਆ ਸੀ। ਜਦੋਂ ਉਸ ਦੀ ਚਾਚੀ ਮਰ ਗਈ, ਤਾਂ ਲੈਨੀ ਮੇਰੇ ਕੋਲ ਆ ਗਿਆ ਅਤੇ ਮੇਰੇ ਨਾਲ ਕੰਮ ਕਰਨ ਲੱਗ ਪਿਆ। ਚੰਦ ਦਿਨਾਂ ਵਿਚ ਹੀ ਸਾਡੀ ਇਕੱਠਿਆਂ ਰਹਿਣ ਦੀ ਆਦਤ ਪੱਕੀ ਹੋ ਗਈ ।

"ਹਾਂ," ਸਲਿਮ ਨੇ ਸਿਰਫ ਹੁੰਗਾਰਾ ਹੀ ਭਰਿਆ।

ਜਾਰਜ ਨੇ ਨਜ਼ਰਾਂ ਚੁੱਕ ਕੇ ਸਲਿਮ ਵੱਲ ਵੇਖਿਆ ਉਸ ਦੀਆਂ ਦੇਵਤਿਆਂ ਵਰਗੀਆਂ ਸ਼ਾਂਤ ਅੱਖਾਂ ਜਾਰਜ ਵੱਲ ਹੀ ਲੱਗੀਆਂ ਹੋਈਆਂ ਸਨ । ਜਾਰਜ ਬੋਲਿਆ, "ਕਿਹੋ ਜਿਹੀ ਭੈੜੀ ਗੱਲ ਹੈ, ਮੈਂ ਉਸ ਦਾ ਬੇਹਦ ਮੌਜੂ ਬਣਾਇਆ ਕਰਦਾ ਹਾਂ । ਉਹ ਇਹੋ ਜਿਹਾ ਸਿੱਧਰਾ ਹੈ ਕਿ ਆਪਣਾ ਬਚਾ ਵੀ ਨਾ ਕਰ ਸਕਦਾ। ਇਸੇ ਕਾਰਣ ਹੀ ਮੈਂ ਉਸ ਦੀ ਹਾਸੀ ਉਡਾਇਆ ਕਰਦਾ ਸਾਂ । ਪਰ ਉਹ ਇੰਨਾ ਸਿੱਧਾ ਸੀ ਕਿ ਉਸ ਨੂੰ ਇਹ ਵੀ ਨਾ ਪਤਾ ਲੱਗਦਾ ਕਿ ਉਸ ਦਾ ਮੌਜੂ ਬਣਾਇਆ ਜਾ ਰਿਹਾ ਹੈ । ਮੈਂ ਬਹੁਤ ਸੁਆਦ ਲੈਂਦਾ । ਉਸ ਦੇ ਮੁਕਾਬਲੇ ਵਿਚ ਮੈਨੂੰ ਲੱਗਦਾ ਕਿ ਮੈਂ ਬਹੁਤ ਹੁਸ਼ਿਆਰ ਹਾਂ । ਮੇਰੇ ਆਦੇਸ਼ ਉਤੇ ਉਹ ਹਰ ਕੰਮ ਕਰ ਸਕਦਾ ਸੀ । ਜੇਕਰ ਮੈਂ ਉਸ ਨੂੰ ਕਹਿੰਦਾ ਕਿ ਉਹ ਪਹਾੜ ਦੀ ਟੀਸੀ ਉਤੇ ਚੜ੍ਹ ਜਾਵੇ, ਤਾਂ ਉਹ ਤੁਰੰਤ ਤੁਰ ਪੈਂਦਾ । ਸਮਾਂ ਬੀਤਣ ਤੋਂ ਬਾਦ ਹੁਣ ਇਹ ਸਾਰੀਆਂ ਗੱਲਾਂ ਇੰਨੀਆਂ ਚੰਗੀਆਂ ਨਹੀਂ ਲੱਗਦੀਆਂ। ਉਹ ਵੀ ਕਦੀ ਅਜਿਹੀਆਂ ਗੱਲਾਂ ਤੇ ਮੇਰੇ ਨਾਲ ਗੁੱਸੇ ਨਾ ਹੁੰਦਾ । ਮੈਂ ਕਈ ਵਾਰੀ ਉਸ ਦੀ ਚੰਗੀ ਕੁਟਾਈ ਵੀ ਕੀਤੀ ਹੈ । ਜੇਕਰ ਉਹ ਚਾਹੁੰਦਾ ਤਾਂ ਖੱਬੇ ਹੱਥ ਨਾਲ ਮੇਰੀਆਂ ਹੱਡੀਆਂ ਪਸਲੀਆਂ ਇਕ ਕਰ ਦਿੰਦਾ । ਪਰ ਉਸ ਨੇ ਕਦੇ ਵੀ ਮੇਰੇ ਵਲ ਉਂਗਲ ਨਹੀਂ ਚੁੱਕੀ ।" ਜਾਰਜ ਦੇ ਬੋਲਾਂ ਵਿਚੋਂ ਅਜਿਹੀ ਭਾਵਨਾ ਦਿੱਸਦੀ ਸੀ ਜਿਵੇਂ ਕਿ ਉਹ ਆਪਣੀਆਂ ਵਧੀਕੀਆਂ ਨੂੰ ਮੰਨ ਰਿਹਾ ਹੋਵੇ ਅਤੇ ਪਸ਼ੇਮਾਨ ਹੁੰਦਾ ਹੋਵੇ । ਸੁਣੋ, ਮੈਂ ਉਸ ਨਾਲ ਅਜਿਹੀਆਂ ਗੱਲਾਂ ਕਰਨੀਆਂ ਕਿਉਂ ਬੰਦ ਕੀਤੀਆਂ ।" ਜਾਰਜ ਰਤਾ ਕੁ ਚੁੱਪ ਹੋ ਕੇ

ਫਿਰ ਬੋਲਿਆਂ, "ਇਕ ਦਿਨ ਅਸੀਂ ਕੁਝ ਲੋਕ ਸੈਂਕਰਾਮੈਂਟੋ ਦਰਿਆ ਦੇ ਕੰਢੇ ਉਤੇ ਖਲੋਤੇ ਸਾਂ। ਮੈਂ ਉਸ ਦਿਨ ਬੇਹਦ ਖੁਸ਼ ਸਾਂ । ਮੈਂ ਮਖੌਲ ਵਿਚ ਹੀ ਲੈਨੀ ਨੂੰ ਕਿਹਾ— "ਲੈਨੀ ਛਾਲ ਮਾਰ" ਅਤੇ ਲੈਨੀ ਨੇ ਧੜਮ ਛਾਲ ਮਾਰ ਦਿੱਤੀ। ਉਸ ਨੂੰ ਤੈਰਨਾ ਉੱਕਾ ਹੀ ਨਹੀਂ ਸੀ ਆਉਂਦਾ । ਉਹ ਮਸਾਂ ਮਸਾਂ ਹੀ ਡੁੱਬਣ ਤੋਂ ਬਚਿਆ । ਬੜੀ ਔਖਿਆਈ ਨਾਲ ਅਸੀਂ ਉਸ ਨੂੰ ਦਰਿਆ ਵਿਚੋਂ ਬਾਹਰ ਕੱਢਿਆ। ਬਾਹਰ ਆ ਕੇ ਉਹ ਸਗੋਂ ਮੇਰਾ ਸ਼ੁਕਰਗੁਜਾਰ ਹੋਇਆ, ਕਿਉਂ ਜੋ ਮੈਂ ਉਸ ਨੂੰ ਦਰਿਆ ਵਿਚੋਂ ਬਾਹਰ ਕੱਢ ਲਿਆਂਦਾ ਸੀ । ਉਹ ਇਹ ਗੱਲ ਉੱਕਾ ਹੀ ਭੁੱਲ ਗਿਆ ਕਿ ਮੈਂ ਹੀ ਤਾਂ ਉਸ ਨੂੰ ਛਾਲ ਮਾਰਨ ਲਈ ਕਿਹਾ ਸੀ । ਹੁਣ ਭਾਵੇਂ ਕੁਝ ਵੀ ਹੋਵੇ ਉਸ, ਦਿਨ ਤੋਂ ਪਿਛੋਂ ਮੈਂ ਉਸ ਨਾਲ ਇਸ ਤਰ੍ਹਾਂ ਦਾ ਮਖੌਲ ਕਰਨਾ ਛੱਡ ਦਿੱਤਾ ਹੈ ।"

ਸਲਿਮ ਨੇ ਕਿਹਾ, "ਭਲਾ ਮਨੁੱਖ ਹੈ ਉਹ। ਭਲਾ ਹੋਣ ਲਈ ਅਕਲ ਦੀ ਵਿਸ਼ੇਸ਼ ਲੋੜ ਨਹੀਂ ਹੁੰਦੀ । ਕਦੇ ਕਦੇ ਤਾਂ ਮੈਨੂੰ ਇੰਜ ਵੀ ਜਾਪਣ ਲਗਦਾ ਹੈ ਕਿ ਅਸਲੀਅਤ ਸਹੀ ਅਰਥਾਂ ਵਿਚ ਇਸ ਦੇ ਉਲਟ ਹੀ ਹੈ। ਕਿਸੇ ਵੀ ਚੁਸਤ ਚਲਾਕ ਬੰਦੇ ਨੂੰ ਲੈ ਲਓ । ਉਹ ਮੁਸ਼ਕਲ ਨਾਲ ਹੀ ਚੰਗਾ ਮਨੁੱਖ ਹੋਵੇਗਾ।"

ਜਾਰਜ ਨੇ ਸਲਿਮ ਦੀਆਂ ਗੱਲਾਂ ਸੁਣਦਿਆਂ ਸੁਣਦਿਆਂ ਬੇਧਿਅਨੀ ਵਿਚ ਹੀ ਤਾਸ਼ ਦੇ ਪੱਤਿਆਂ ਦੀ ਦੱਥੀ ਬਣਾਈ ਅਤੇ ਤਾਸ਼ ਨੂੰ ਉਂਜ ਹੀ ਫੈਂਟਣ ਲੱਗ ਪਿਆ । ਬਾਹਰ ਜ਼ਮੀਨ ਤੇ ਜੂਆ ਨੁਮਾ ਖੇਡ ਦੀ ਠਕ ਠਕ ਹੁੰਦੀ ਸੀ । ਕੰਧ ਵਿਚ ਜਿੱਥੇ ਖਿੜਕੀ ਲੱਗੀ ਹੋਈ ਸੀ, ਉਥੇ ਸ਼ਾਮ ਦੀ ਰੋਸ਼ਨੀ ਹਾਲੇ ਵੀ ਖਿੜਕੀ ਤੇ ਪੈ ਰਹੀ ਸੀ ।

ਜਾਰਜ ਤਾਸ਼ ਦੇ ਪੱਤੇ ਫੈਂਟਦੇ ਹੋਏ ਬੋਲਿਆ, "ਮੇਰਾ ਹੋਰ ਕੋਈ ਨਹੀਂ ਹੈ । ਮੈਂ ਲੋਕਾਂ ਨੂੰ ਵੇਖਿਆ ਹੈ, ਉਹ ਇਕੱਲੇ ਹੀ ਵਾੜਿਆਂ ਵਿਚ ਕੰਮ ਕਰਦੇ ਫਿਰਦੇ ਹਨ । ਉਹ ਆਪਣਾ ਕੁਝ ਸੁਆਰ ਨਹੀਂ ਸਕਦੇ । ਉਨ੍ਹਾਂ ਨੂੰ ਕੰਮ ਵਿਚੋਂ ਖੁਸ਼ੀ ਨਹੀਂ ਲੱਭਦੀ। ਥੋੜੇ ਦਿਨਾਂ ਬਾਦ ਹੀ ਉਨ੍ਹਾਂ ਵਿਚ ਕਮੀਨਗੀ ਉਤਰ ਆਉਂਦੀ ਹੈ । ਉਹ ਅਜਿਹੇ ਭੈੜੇ ਅਤੇ ਅੰਤਰਮੁਖੀ ਹੋ ਜਾਂਦੇ ਹਨ ਕਿ ਹਰ ਵੇਲੇ ਮਰਨ ਮਾਰਨ ਨੂੰ ਤਿਆਰ ਰਹਿੰਦੇ ਹਨ ।"

ਸਲਿਮ ਨੇ ਹੁੰਗਾਰਾ ਭਰਿਆ, "ਆਹੋ, ਠੀਕ ਹੈ, ਉਨ੍ਹਾਂ ਵਿਚ ਕਮੀਨਗੀ ਆ ਜਾਂਦੀ ਹੈ । ਉਹ ਇਸ ਹੱਦ ਤਕ ਸਵੈ-ਕੇਂਦਰਿਤ ਹੋ ਜਾਂਦੇ ਹਨ ਕਿ ਉਹ ਕਿਸੇ ਨਾਲ ਬੋਲਣਾ ਵੀ ਨਹੀਂ ਚਾਹੁੰਦੇ ।"

"ਇਹ ਗੱਲ ਤਾਂ ਠੀਕ ਹੈ ਕਿ ਲੈਨੀ ਕਰਕੇ ਮੈਨੂੰ ਝਮੇਲੇ ਹੀ ਸਹਿਣੇ ਪਏ ਹਨ।" ਜਾਰਜ ਬੋਲਿਆ, "ਪਰ ਮਨੁੱਖ ਆਪਣੇ ਸਾਥੀ ਦੇ ਸੰਗ ਸਾਥ ਉਤੇ ਇਸ ਹੱਦ ਤੱਕ ਨਿਰਭਰ ਹੋ ਜਾਂਦਾ ਹੈ ਕਿ ਫਿਰ ਉਸ ਨੂੰ ਛੱਡਣ ਨੂੰ ਉਸ ਦਾ ਚਿਤ ਵੀ ਨਹੀਂ ਕਰਦਾ।"

ਸਲਿਮ ਨੇ ਕਿਹਾ, "ਉਹ ਖ਼ੁਦਗ਼ਰਜ਼ ਨਹੀਂ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਲੈਨੀ ਖੁਦਗ਼ਰਜ਼ ਨਹੀਂ ਹੈ।"

"ਨਾ, ਨਾ, ਖੁਦਗਰਜ਼ ਤਾਂ ਉਹ ਉੱਕਾ ਹੀ ਨਹੀਂ ਹੈ। ਪਰ ਉਹ ਐਨਾ ਸਿੱਧਾ ਅਤੇ ਸਿੱਧਰਾ ਹੈ ਕਿ ਹਮੇਸ਼ਾ ਹੀ ਕਿਸੀ ਨਾ ਕਿਸੀ ਉਲਝਣ ਵਿਚ ਫਸ ਜਾਂਦਾ ਹੈ। ਵੀਡ ਵਿਚ ਕੀ ਹੋਇਆ ਸੀ......" ਜਾਰਜ ਇਕ ਦਮ ਚੁੱਪ ਹੋ ਗਿਆ। ਤਾਸ਼ ਫੈਂਟਦੇ ਹੋਏ ਦੱਥੀ ਦੇ ਦੋਵੇਂ ਹਿੱਸੇ ਉਸ ਦੇ ਹੱਥਾਂ ਵਿਚ ਹੀ ਰਹਿ ਗਏ। ਵੀਡ ਦੀ ਗੱਲ ਮੂੰਹੋਂ ਨਿਕਲ ਜਾਣ ਤੇ ਉਹ ਘਾਬਰ ਗਿਆ ਡਰੀਆਂ ਹੋਈਆਂ ਅੱਖਾਂ ਨਾਲ ਉਸ ਨੇ ਸਲਿਮ ਵੱਲ ਵੇਖਿਆ ਅਤੇ ਉਸ ਨੂੰ ਹੌਲੀ ਜਿਹੀ ਪੁੱਛਿਆ, "ਕਿਸੇ ਨੂੰ ਦੱਸੋਗੇ ਤਾਂ ਨਹੀਂ ?"

ਸਲਿਮ ਨੇ ਧੀਰਜ ਦੇ ਲਹਿਜੇ ਵਿਚ ਪੁੱਛਿਆ, "ਕੀ ਕੀਤਾ ਸੀ ਉਸ ਨੇ ਵੀਡ ਦੇ ਵਿਚ ?" "ਦੱਸੋਗੇ ਤਾਂ ਨਹੀਂ ?... ਨਹੀਂ, ਤੁਸੀਂ ਕਿਸੇ ਨੂੰ ਨਹੀਂ ਦੱਸੋਗੇ ?"

"ਸਲਿਮ ਨੇ ਫਿਰ ਪੁੱਛਿਆ, '"ਵੀਡ ਵਿਚ ਉਸ ਨੇ ਕੀ ਕੀਤਾ ਸੀ ?"

"ਕੀ ਦੱਸਾਂ ? ਉਸ ਨੇ ਲਾਲ ਕੱਪੜੇ ਪਾਈ ਕਿਸੇ ਕੁੜੀ ਨੂੰ ਵੇਖਿਆ, ਬੇਅਕਲ ਅਤੇ ਮੰਦ- ਬੁੱਧੀ ਤਾਂ ਉਹ ਇਕ ਨੰਬਰ ਦਾ ਹੈ। ਜਿਹੜੀ ਸ਼ੈ ਉਸ ਨੂੰ ਚੰਗੀ ਲੱਗੇ, ਉਹ ਉਸ ਨੂੰ ਹੱਥ ਲਾ ਕੇ ਵੇਖਣਾ ਚਾਹੁੰਦਾ ਹੈ। ਉਸ ਦੀ ਛੁਹ ਵਿਚੋਂ ਸੁਆਦ ਲੈਣਾ ਚਾਹੁੰਦਾ ਹੈ। ਲੈਨੀ ਨੇ ਅੱਗੇ ਹੋ ਕੇ ਉਸ ਦੇ ਲਾਲ ਕੱਪੜਿਆਂ ਨੂੰ ਛੁਹਣ ਦੀ ਕੋਸ਼ਿਸ਼ ਕੀਤੀ। ਪਰ ਉਸ ਕੁੜੀ ਨੇ ਚੀਕ-ਚਿਹਾੜਾ ਪਾ ਦਿੱਤਾ। ਲੈਨੀ ਇਕ ਦਮ ਬਹੁਤ ਘਾਬਰ ਗਿਆ। ਉਸ ਕੁੜੀ ਦੀ ਸਕੱਰਟ ਦਾ ਪੱਲਾ ਉਸ ਨੇ ਹੋਰ ਵੀ ਘੁੱਟ ਕੇ ਫੜ ਲਿਆ। ਹੋਰ ਤਾਂ ਉਸ ਨੂੰ ਕੁਝ ਸੁੱਝਿਆ ਹੀ ਨਾ। ਪਰ ਉਹ ਕੁੜੀ ਚਾਂਗਾਂ ਮਾਰੀ ਜਾਂਦੀ ਸੀ ਅਤੇ ਇਹ ਲੈਨੀ, ਉਸ ਦੀ ਸਕੱਰਟ ਹੱਥੋਂ ਨਹੀਂ ਸੀ ਛੱਡਦਾ। ਮੈਂ ਥੋੜਾ ਕੁ ਦੂਰ ਹੀ ਸਾਂ। ਮੈਂ ਜਦੋਂ ਚੀਕ-ਚਿਹਾੜਾ ਸੁਣਿਆ, ਦੌੜ ਕੇ ਨੇੜੇ ਆ ਗਿਆ। ਪਰ ਉਸ ਵੇਲੇ ਤੱਕ ਲੈਨੀ ਇਸ ਹੱਦ ਤਕ ਭੈ-ਭੀਤ ਹੋ ਚੁੱਕਾ ਸੀ, ਕਿ ਉਸ ਨੇ ਬਹੁਤ ਹੀ ਘੁੱਟ ਕੇ ਸਕੱਰਟ ਨੂੰ ਫੜਿਆ ਹੋਇਆ ਸੀ। ਮੈਂ ਉਥੋਂ ਹੀ ਵਾੜੇ ਵਿਚੋਂ ਇਕ ਲਕੜੀ ਤੋੜ ਕੇ ਉਸ ਦੇ ਸਿਰ ਉਤੇ ਦੇ ਮਾਰੀ, ਤਾਂ ਜੋ ਉਹ ਉਸ ਨੂੰ ਛੱਡ ਦੇਵੇ। ਪਰ

ਉਹ ਇਸ ਹੱਦ ਤਕ ਬਦਲ ਗਿਆ ਸੀ ਕਿ ਕੱਪੜੇ ਨੂੰ ਛੱਡ ਹੀ ਨਹੀਂ ਸੀ ਰਿਹਾ। ਅਤੇ ਉਹ ਸਹੁਰਾ ਹੈ ਵੀ ਕਿੰਨਾ ਤਕੜਾ, ਇਹ ਤਾਂ ਤੁਸੀਂ ਜਾਣਦੇ ਹੀ ਹੋ ।"

ਸਲਿਮ ਦੀਆਂ ਅੱਖਾਂ ਨਾ ਹਿੱਲੀਆਂ। ਉਸ ਨੇ ਟਿਕਟਿਕੀ ਲਾਈ ਹੋਈ ਸੀ । ਉਸ ਨੇ ਮਾੜਾ ਜਿਹਾ ਸਿਰ ਹੀ ਹਿਲਾਇਆ, "ਫਿਰ ਕੀ ਹੋਇਆ ?

ਜਾਰਜ ਮੁੜ ਤਾਸ਼ ਫੈਂਟਣ ਲਗ ਪਿਆ ਅਤੇ ਬੋਲਿਆ, "ਫਿਰ ਕੀ? ......ਉਸ ਕੁੜੀ ਨੇ ਥਾਣੇ ਵਿਚ ਜਾ ਕੇ ਰੌਲਾ ਪਾ ਦਿੱਤਾ ਕਿ ਉਸ ਦੇ ਨਾਲ ਜਬਰਦਸਤੀ ਕੀਤੀ ਗਈ ਹੈ । ਵੀਡ ਵਾਲਿਆਂ ਨੇ ਜਦੋਂ ਇਹ ਗੱਲ ਸੁਣੀ ਤਾਂ, ਗੁੱਸੇ ਨਾਲ ਅੱਗ ਬਗੁਲਾ ਹੋ ਗਏ ਅਤੇ ਜਿਹੜੀ ਚੀਜ਼ ਵੀ ਕਿਸੇ ਦੇ ਹੱਥ ਲੱਗੀ, ਚੁੱਕ ਕੇ ਲੈਨੀ ਦੀ ਮੱਤ ਟਿਕਾਣੇ ਲਾਉਨ ਲਈ ਚੱਲ ਪਏ । ਸਾਰਾ ਦਿਨ ਅਸੀਂ ਇਕ ਰਜਵਾਹੇ ਦੇ ਪਾਣੀ ਵਿਚ ਲੁਕ ਕੇ ਕੱਟਿਆ। ਕੇਵਲ ਸਾਡੇ ਸਿਰ ਹੀ ਪਾਣੀ ਤੋਂ ਬਾਹਰ ਸਨ ਅਤੇ ਰਜਵਾਹੇ ਦੇ ਕਿਨਾਰੇ ਉੱਗਿਆ ਘਾਹ ਸਾਡੇ ਸਿਰਾਂ ਨੂੰ ਲੁਕ ਰਿਹਾ ਸੀ । ਉਸੇ ਰਾਤ ਅਸੀਂ ਇੱਥੇ ਭੱਜ ਆਏ"

ਸਲਿਮ ਛਿਣ ਭਰ ਲਈ ਤਾਂ ਚੁੱਪ ਸਾਧੀ ਬੈਠਾ ਰਿਹਾ । ਮਗਰੋਂ ਉਸ ਨੇ ਪੁੱਛਿਆ, "ਉਸ ਨੇ ਉਸੇ ਕੁੜੀ ਨੂੰ ਤੰਗ ਤਾਂ ਨਹੀਂ ਕੀਤਾ ਸੀ "

"ਨਹੀਂ ਬਿਲਕੁਲ ਨਹੀਂ । ਪਰ ਆਪਣੀ ਇਸ ਮੂੜ੍ਹ ਹਰਕਤ ਨਾਲ ਉਸ ਨੇ ਉਸ ਕੁੜੀ ਨੂੰ ਡਰਾ ਤਾਂ ਜ਼ਰੂਰ ਦਿੱਤਾ ਸੀ । ਜੇਕਰ ਲੈਨੀ ਮੈਨੂੰ ਹੀ ਉਸੇ ਤਰ੍ਹਾਂ ਛੇੜ ਲਵੇ, ਤਾਂ ਮੈਂ ਆਪ ਵੀ ਜ਼ਰੂਰ ਡਰ ਜਾਵਾਂਗਾ । ਪਰ ਇਸ ਨੇ ਉਸ ਕੁੜੀ ਨੂੰ ਹੋਰ ਕੁਝ ਵੀ ਨਹੀਂ ਕਿਹਾ। ਉਹ ਤਾਂ ਕੇਵਲ ਉਸ ਦੀ ਲਾਲ ਪੁਸ਼ਾਕ ਨੂੰ ਹੀ ਛੂਹਣਾ ਚਾਹੁੰਦਾ ਸੀ, ਠੀਕ ਉਸੇ ਤਰ੍ਹਾਂ ਜਿਵੇਂ ਕਿ ਉਹ ਉਨ੍ਹਾਂ ਕਤੂਰਿਆਂ ਨੂੰ ਹਰ ਵੇਲੇ ਪਲੋਸਦੇ ਰਹਿਣਾ ਚਾਹੁੰਦਾ ਹੈ ।"

ਸਲਿਮ ਬੋਲਿਆ, "ਨਹੀਂ, ਨਹੀਂ, ਲੈਨੀ ਕਮੀਨਾ ਆਦਮੀ ਨਹੀਂ ਹੈ । ਕਮੀਨੇ ਮਨੁੱਖ ਨੂੰ ਤਾਂ ਮੈਂ ਦੂਰੋਂ ਹੀ ਪਛਾਣ ਲੈਂਦਾ ਹਾਂ ।" "ਉੱਕਾ ਹੀ ਨਹੀਂ । ਅਤੇ ਮੈਂ ਜੋ ਕੁਝ ਵੀ ਉਸ ਨੂੰ ਕਹਾਂ ਉਹ ਉਸੇ ਤਰ੍ਹਾਂ ਹੀ ... ... ...।"

ਬੂਹੇ ਵਿਚੋਂ ਲੈਨੀ ਅੰਦਰ ਆ ਗਿਆ । ਉਸ ਨੇ ਆਪਣਾ ਨੀਲਾ ਟੂਲੀ ਕੋਟ ਆਪਣੇ ਮੋਢਿਆਂ ਉਤੇ ਕੇਪ ਵਾਂਗ ਸੁੱਟਿਆ ਹੋਇਆ ਸੀ ਅਤੇ ਉਹ ਰਤਾ ਕੁ ਕੁੱਬ ਕੱਢ ਕੇ ਚਲ ਰਿਹਾ ਸੀ ।

ਜਾਰਜ ਨੇ ਪੁੱਛਿਆ, ਲੈਨੀ, ਦੱਸੋ, ਹੁਣ ਤੁਹਾਨੂੰ ਕਤੂਰਾ ਕਿਹੋ ਜਿਹਾ ਲੱਗਦਾ ਹੈ?" ਲੈਨੀ ਨੇ ਇਕੋ ਹੀ ਸਾਹ ਵਿਚ ਕਹਿ ਦਿੱਤਾ, "

"ਉਹ ਭੂਰਾ ਅਤੇ ਚਿੱਟਾ ਹੈ : ਬਿਲਕੁਲ ਉੱਦਾਂ ਦਾ ਹੀ ਹੈ, ਜਿਸ ਤਰ੍ਹਾਂ ਦਾ ਮੈਂ ਚਾਹੁੰਦਾ ਸਾਂ । "ਉਹ ਸਿੱਧਾ ਜਾ ਕੇ ਆਪਣੇ ਫੱਟੇ ਉਤੇ ਲੇਟ ਗਿਆ । ਉਸ ਨੇ ਕੰਧ ਵਾਲੇ ਪਾਸੇ ਮੂੰਹ ਕਰਕੇ ਆਪਣੀਆਂ ਲੱਤਾਂ ਇਕੱਠੀਆਂ ਕਰ ਲਈਆਂ ।

ਜਾਰਜ ਨੇ ਤਾਸ਼ ਨੂੰ ਮੇਜ਼ ਉਤੇ ਸੁੱਟ ਦਿੱਤਾ । ਫਿਰ ਉਹ ਇਕ ਦਮ ਉਸ ਵੱਲ ਮੁੜ ਕੇ ਬੋਲਿਆ, "ਲੈਨੀ ।

ਲੈਨੀ ਨੇ ਆਪਣੀ ਗਰਦਨ ਕੁਆਈ ਅਤੇ ਉਸ ਵੱਲ ਵੇਖਿਆ । "ਹਾਂ ਕੀ ਹੈ ਜਾਰਜ?" ਮੈਂ ਤੈਨੂੰ ਕਿਹਾ ਸੀ ਕਿ ਤੂੰ ਉਸ ਕਤੂਰੇ ਨੂੰ ਇਥੇ ਨਹੀਂ ਲਿਆ ਸਕਦਾ ।

"ਕਿਹੜਾ ਕਤੂਰਾ, ਜਾਰਜ ? " ਲੈਨੀ ਨੇ ਬਹੁਤ ਭੋਲਾ ਜਿਹਾ ਬਣ ਕੇ ਪੁੱਛਿਆ ।

ਜਾਰਜ ਇਕੋ ਹੀ ਉਲਾਂਘ ਪੁੱਟ ਕੇ ਨੇੜੇ ਪਹੁੰਚ ਗਿਆ ਮੋਢੇ ਤੋਂ ਫੜ ਕੇ ਉਸ ਨੇ ਲੈਨੀ ਨੂੰ ਇਕ ਪਾਸੇ ਧੱਕ ਦਿੱਤਾ ਅਤੇ ਨੀਵਾਂ ਹੋ ਕੇ ਉਹ ਨਿੱਕਾ ਜਿਹਾ ਕਤੂਰਾ ਉਸ ਥਾਂ ਤੋਂ ਚੁੱਕ ਲਿਆ, ਜਿੱਥੇ ਲੈਨੀ ਉਸ ਨੂੰ ਆਪਣੇ ਕੋਟ ਹੇਠਾਂ ਦੱਬੀ ਪਲੋਸ ਰਿਹਾ ਸੀ ।

ਲੈਨੀ ਫੁਰਤੀ ਨਾਲ ਉੱਠ ਕੇ ਫੱਟੇ ਉਤੇ ਬੈਠ ਗਿਆ ਅਤੇ ਬੋਲਿਆ, "ਜਾਰਜ, ਇਹ ਮੈਨੂੰ ਦੇ ਦਿਓ ।

ਜਾਰਜ ਨੇ ਚੀਕ ਕੇ ਕਿਹਾ, "ਹੁਣੇ ਹੀ ਉੱਠ ਅਤੇ ਇਸ ਕਤੂਰੇ ਨੂੰ ਉਥੇ ਹੀ ਲੈ ਜਾ, ਜਿੱਥੋਂ ਤੂੰ ਇਸ ਨੂੰ ਲਿਆਇਆ ਹੈ। ਇਹ ਆਪਣੀ ਮਾਂ ਦੇ ਕੋਲ ਹੀ ਸੌਂਵੇਗਾ । ਕੀ ਤੂੰ ਇਸ ਨੂੰ ਮਾਰ ਮਕਾਉਣਾ ਚਾਹੁੰਦਾ ਹੈ ? ਹਾਲੀ ਕੱਲ੍ਹ ਰਾਤੀਂ ਹੀ ਤਾਂ ਇਹ ਜੰਮਿਆ ਹੈ ਅਤੇ ਤੂੰ ਇਸ ਨੂੰ ਇਸ ਦੀ ਮਾਂ ਕੋਲੋਂ ਖੋਹ ਲਿਆਇਆ ਹੈਂ । ਤੂੰ ਇਸ ਨੂੰ ਆਪੇ ਹੀ ਉਥੇ ਰੱਖ ਆ ਨਹੀਂ ਤਾਂ ਮੈਂ ਹੁਣੇ ਹੀ ਸਲਿਮ ਨੂੰ ਕਹਿੰਦਾ ਹਾਂ ਕਿ ਉਹ ਤੈਥੋਂ ਇਹ ਕਤੂਰਾ ਵਾਪਸ ਲੈ ਲਵੇ ।

ਲੈਨੀ ਨੇ ਅਤਿਅੰਤ ਬੇਵਸੀ ਜਿਹੀ ਵਿਚ ਆਪਣੇ ਹੱਥ ਅੱਗੇ ਵਧਾਏ, ਬੇਨਤੀ ਦੇ ਲਹਿਜੇ ਵਿਚ ਉਸ ਨੇ ਫਿਰ ਕਿਹਾ, "ਜਾਰਜ ਜੀ, ਇਹ ਮੈਨੂੰ ਦੇ ਦਿਉ । ਮੈਂ ਇਸ ਨੂੰ ਉਥੇ ਹੀ ਰੱਖ ਆਉਂਦਾ ਹਾਂ । ਜਾਰਜ, ਮੈਂ ਇਸ ਨੂੰ ਉੱਕਾ ਹੀ ਕੋਈ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦਾ । ਮੇਰੇ ਤੇ ਵਿਸ਼ਵਾਸ ਕਰੋ, ਮੈਂ ਇਸ ਨੂੰ ਕੋਈ ਤਕਲੀਫ ਨਹੀਂ ਦੇਣਾ ਚਾਹੁੰਦਾ । ਬਸ ਮੈਂ ਤਾਂ ਇਸ ਨੂੰ ਰਤਾ ਕੁ ਪਲੋਸਣਾ ਚਾਹੁੰਦਾ ਸਾਂ ।

ਜਾਰਜ ਨੇ ਕਤੂਰਾ ਮੁੜ ਉਸ ਨੂੰ ਫੜਾ ਦਿਤਾ। 'ਚੰਗਾ, ਤੂੰ ਇਸ ਨੂੰ ਤੁਰੰਤ ਵਾਪਸ ਰੱਖ ਆ। ਅਤੇ ਵੇਖ, ਹੁਣ ਇਸ ਨੂੰ ਉਸ ਥਾਂ ਤੋਂ ਫਿਰ ਬਾਹਰ ਨਾ ਕੱਢੀ। ਨਹੀਂ ਤਾਂ, ਇਹ ਮਰ ਜਾਵੇਗਾ।"

ਲੈਨੀ ਨੇ ਕਤੂਰਾ ਚੁੱਕ ਲਿਆ ਅਤੇ ਇਕ ਦਮ ਕਮਰੇ ਵਿਚੋਂ ਰਫੂ-ਚੱਕਰ ਹੋ ਗਿਆ। ਸਲਿਮ ਆਪਣੀ ਥਾਂ ਤੋਂ ਨਾ ਹਿੱਲਿਆ। ਉਹ ਦਰਵਾਜ਼ੇ ਤੋਂ ਬਾਹਰ ਜਾਂਦੇ ਲੈਨੀ ਨੂੰ ਵੇਖਦਾ ਰਿਹਾ, ਫਿਰ ਉਹ ਬੋਲਿਆ, "ਹਾਇ ਓਏ ਰੱਬਾ, ਇਹ ਤਾਂ ਨਿਰਾ ਹੀ ਬੱਚਾ ਹੈ, ਕੀ ਨਹੀਂ?"

ਜਾਰਜ ਨੇ ਪ੍ਰੋੜ੍ਹਤਾ ਕੀਤੀ, "ਐਨ ਬੱਚਾ ਹੈ, ਇਹ ਰਤਾ ਭਰ ਵੀ ਕਿਸੇ ਦਾ ਬੁਰਾ ਨਹੀਂ ਕਰ ਸਕਦਾ, ਜਿਵੇਂ ਬੱਚੇ ਕਿਸੇ ਨਾਲ ਬੁਰਾਈ ਨਹੀਂ ਕਰਦੇ। ਪਰ ਤਕੜਾ ਅਵੱਸ਼ ਹੈ। ਮੈਂ ਸ਼ਰਤ ਲਾਉਂਦਾ ਹਾਂ ਕਿ ਉਹ ਅੱਜ ਰਾਤ ਸੌਣ ਲਈ ਇੱਥੇ ਨਹੀਂ ਆਵੇਗਾ। ਢਾਰੇ ਵਿਚ ਹੀ ਉਸ ਬਕਸੇ ਦੇ ਲਾਗੇ ਸੌਂ ਜਾਵੇਗਾ, ਠੀਕ ਸੌਣ ਦਿਉ। ਉਥੇ ਉਹ ਕੋਈ ਨੁਕਸਾਨ ਨਹੀਂ ਕਰੇਗਾ।"

ਬਾਹਰ ਹੁਣ ਤਕਰੀਬਨ ਘੁੱਪ ਹਨੇਰਾ ਪੈ ਗਿਆ ਸੀ। ਬੁੱਢਾ ਕੈਂਡੀ ਅੰਦਰ ਆਇਆ ਅਤੇ ਉਹ ਆਪਣੇ ਫੱਟੇ ਵੱਲ ਤੁਰ ਪਿਆ। ਉਹਦੇ ਮਗਰ ਮਗਰ ਉਸ ਦਾ ਬੁੱਢਾ ਕੁੱਤਾ ਵੀ ਡਿਗਦਾ ਢਹਿੰਦਾ ਤੁਰਿਆ ਆਉਂਦਾ ਸੀ।

"ਹੈਲੋ ਸਲਿਮ, ਹੈਲੋਂ ਜਾਰਜ," ਉਸ ਨੇ ਆਪਣੇ ਫੱਟੇ ਵੱਲ ਜਾਂਦਿਆ ਹੋਇਆਂ ਕਿਹਾ, "ਤੁਸੀਂ ਦੋਹਾਂ ਨੇ ਅੱਜ ਖੇਡ ਵਿਚ ਹਿੱਸਾ ਨਹੀਂ ਲਿਆ

ਸਲਿਮ ਨੇ ਉੱਤਰ ਦਿੱਤਾ, "ਨਿੱਤ ਦਿਹਾੜੀ ਜੂਆ ਖੇਡਣਾ ਮੈਨੂੰ ਪਸੰਦ ਨਹੀਂ!"

"ਤੁਹਾਡੇ ਵਿਚੋਂ ਕਿਸੇ ਦੇ ਕੋਲ ਥੋੜੀ ਜਿਹੀ ਵਿਸਕੀ ਹੈ ?" ਕੈਂਡੀ ਨੇ ਪੁੱਛਿਆ, "ਮੇਰੇ ਢਿੱਡ ਵਿਚ ਸਖਤ ਪੀੜ ਹੋ ਰਹੀ ਹੈ।"

"ਵਿਸਕੀ" ? ਸਲਿਮ ਨੇ ਐਨ ਠਰ੍ਹੰਮੇ ਨਾਲ ਕਿਹਾ, "ਇਕ ਬੂੰਦ ਵੀ ਨਹੀਂ। ਜੇਕਰ ਹੁੰਦੀ ਤਾਂ ਮੈਂ ਆਪ ਵੀ ਪੀਂਦਾ। ਭਾਵੇਂ ਕਿ ਮੈਨੂੰ ਢਿਡ-ਪੀੜ ਵੀ ਨਹੀਂ।"

ਕੈਂਡੀ ਬੋਲਿਆ, "ਮੇਰੇ ਢਿੱਡ ਵਿਚ ਸਖਤ ਪੀੜ ਹੋ ਰਹੀ ਹੈ। ਉਨ੍ਹਾਂ ਸਹੁਰੇ ਗੌਂਗਲੂਆਂ ਨੇ ਪੀੜ ਕਰ ਦਿੱਤੀ ਹੈ। ਮੈਨੂੰ ਖਾਣ ਤੋਂ ਪਹਿਲਾਂ ਹੀ ਪਤਾ ਸੀ ਕਿ ਇਹ ਢਿੱਡ ਵਿਚ ਗੜਬੜ ਕਰ ਦੇਣਗੇ।"

ਭਾਰੀ ਡੀਲ ਡੌਲ ਵਾਲਾ ਕਾਰਲਸਨ ਹਨੇਰੇ ਵਾਲੇ ਆਹਾਤੇ ਤੋਂ ਅੰਦਰ ਆਇਆ। ਉਹ ਉਸ ਲੰਬੂਤਰੇ ਕਮਰੇ ਦੀ ਪਰਲੀ ਨੁੱਕਰ ਤਕ ਗਿਆ ਅਤੇ ਉਸ ਨੇ ਦੂਜੀ ਲੈਂਪ ਵੀ ਜਗਾ ਦਿਤੀ । ਉਹ ਬੋਲਿਆ, "ਇਥੇ ਤਾਂ ਨਰਕੀ ਘੁੱਪ ਹਨੇਰਾ ਹੈ । ਉਹ ਟਿੱਡੂ ਨੀਗਰੋ ਕਿਵੇਂ ਚੰਗੀ ਖੇਡ ਖੇਡਦਾ ਹੈ ।" ਉਸ ਨੇ ਆਪਣਾ ਫੈਸਲਾ ਸੁਣਾ ਦਿੱਤਾ ।

ਸਲਿਮ ਨੇ ਵੀ ਹਾਮੀ ਭਰੀ, "ਹਾਂ, ਉਹ ਬਹੁਤ ਹੁਸ਼ਿਆਰ ਖਿਡਾਰੀ ਹੈ ।"

ਕਾਰਲਸਨ ਨੇ ਫਿਰ ਕਿਹਾ, "ਬੇਹਦ ਹੁਸ਼ਿਆਰ ਹੈ । ਉਹ ਤਾਂ ਕਿਸੇ ਹੋਰ ਨੂੰ ਜਿੱਤਣ ਹੀ ਨਹੀਂ ਦਿੰਦਾ... " ਫਿਰ ਉਹ ਇਕ ਦਮ ਚੁੱਪ ਹੋ ਗਿਆ ਅਤੇ ਇਧਰ ਉਧਰ ਸੁੰਘਣ ਲੱਗ ਪਿਆ । ਸੁੰਘਦਿਆਂ ਸੁੰਘਦਿਆਂ ਉਸ ਨੇ ਫੱਟੇ ਦੇ ਹੇਠਾਂ ਉਸ ਬੁੱਢੇ ਕੁੱਤੇ ਨੂੰ ਵੇਖ ਲਿਆ । "ਇਸ ਬੁੱਢੇ ਕੁੱਤੇ ਤੋਂ ਵਧੀਕ ਬਦਬੂਦਾਰ ਹੋਰ ਕੋਈ ਸ਼ੈ ਨਹੀਂ ਹੋ ਸਕਦੀ । ਤੂੰ ਇਸ ਨੂੰ ਬਾਹਰ ਲੈ ਜਾ ।"

ਕੈਂਡੀ ਆਪਣੇ ਫੱਟੇ ਦੇ ਸਿਰੇ ਤਕ ਪਾਸਾ ਲੈ ਗਿਆ। ਉਸ ਨੇ ਆਪਣਾ ਹੱਥ ਲੰਮਾ ਕੀਤਾ ਅਤੇ ਆਪਣੇ ਉਸ ਬੁੱਢੇ ਕੁੱਤੇ ਨੂੰ ਥਾਪੀ ਦਿੱਤੀ । ਫਿਰ ਉਸ ਨੇ ਰਤਾ ਕੁ ਨਰਮੀ ਦੇ ਲਹਿਜੇ ਵਿਚ ਮਾਫੀ ਜਿਹੀ ਮੰਗਦਿਆਂ ਕਿਹਾ, ਮੈਂ ਇਸ ਕੁੱਤੇ ਨਾਲ ਇਸ ਹੱਦ ਤੱਕ ਹਿਲ ਮਿਲ ਗਿਆ ਹਾਂ ਕਿ ਮੈਨੂੰ ਤਾਂ ਇਸ ਕੋਲੋਂ ਕਦੇ ਬਦਬੂ ਨਹੀਂ ਆਉਂਦੀ ।"

"ਜੇਕਰ ਤੈਨੂੰ ਨਹੀਂ ਆਉਂਦੀ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਸਾਡੇ ਨੱਕ ਵੀ ਸੜ ਗਏ ਹਨ । ਮੈਂ ਹੁਣ ਹੋਰ ਜ਼ਿਆਦਾ ਇਸ ਦੀ ਬਦਬੂ ਬਰਦਾਸ਼ਤ ਨਹੀਂ ਕਰ ਸਕਦਾ।" ਕਾਰਲਸਨ ਜ਼ੋਰ ਨਾਲ ਚੀਕਿਆ, "ਇਸ ਦੇ ਚਲੇ ਜਾਣ ਤੋਂ ਬਾਦ ਵੀ ਕਮਰਾ ਕਿੰਨੀ ਦੇਰ ਤਕ ਸੜ੍ਹਾਂਦ ਮਾਰਦਾ ਰਹਿੰਦਾ ਹੈ ।" ਉਹ ਵੱਡੀਆਂ ਵੱਡੀਆਂ ਉਲਾਂਘਾਂ ਪੁੱਟਦਾ ਕੁੱਤੇ ਤੇ ਨੇੜੇ ਆ ਗਿਆ ਅਤੇ ਉਸ ਨੂੰ ਵੇਖਣ ਲੱਗ ਪਿਆ । "ਇਸ ਦਾ ਤਾਂ ਇਕ ਵੀ ਦੰਦ ਨਹੀਂ ਹੈ ।" ਉਹ ਬੋਲਿਆ, "ਗਠੀਏ ਕਾਰਣ ਇਹਦਾ ਸਾਰਾ ਸਰੀਰ ਹੀ ਆਕੜ ਗਿਆ ਹੈ। ਇਹ ਤੇਰੇ ਕਿਸੇ ਕੰਮ ਦਾ ਨਹੀਂ ਹੈ। ਕੈਂਡੀ, ਤੂੰ ਇਸ ਨੂੰ ਗੋਲੀ ਕਿਉਂ ਨਹੀਂ ਮਾਰ ਦਿੰਦਾ।

ਬੁੱਢਾ ਕੁਝ ਤੌਖਲੇ ਨਾਲ ਬੁੜਬੁੜਾਇਆ, "ਇਹ ਇੰਨੇ ਅਰਸੇ ਤੋਂ ਮੇਰੇ ਪਾਸ ਹੈ।" ਉਸ ਨੇ ਕਿਹਾ, "ਇਹ ਨਿੱਕਾ ਜਿਹਾ ਕਤੂਰਾ ਸੀ, ਜਦੋਂ ਤੋਂ ਮੈਂ ਇਸ ਨੂੰ ਪਾਲਿਆ ਹੋਇਆ ਹੈ। ਭੇਡਾਂ ਚਰਾਉਣ ਵੇਲੇ ਵੀ ਇਹ ਮੇਰੇ ਨਾਲ ਜਾਂਦਾ ਹੁੰਦਾ ਸੀ ।" ਉਸ ਦੇ ਬੋਲਾਂ ਵਿਚੋਂ ਕੁਝ ਅਭਿਮਾਨ ਦੇ ਭਾਵ ਟਪਕਣ ਲੱਗ ਪਏ । "ਅੱਜ ਤੁਸੀਂ ਇਸ ਨੂੰ ਵੇਖ ਕੇ ਯਕੀਨ ਨਹੀਂ ਕਰੋਗੇ, ਪਰ ਮੈਂ ਅੱਜ ਤੱਕ ਇਸ ਤੋਂ ਚੰਗਾ ਗੱਦੀ ਕੁੱਤਾ ਹੋਰ ਨਹੀਂ ਵੇਖਿਆ।"

ਜਾਰਜ ਬੋਲਿਆ, "ਮੈਂ ਵੀਡ ਦੇ ਵਿਚ ਇਕ ਬੰਦੇ ਕੋਲ ਇਕ ਸਾਧਾਰਣ ਜਿਹਾ ਟਰੜ ਕੁੱਤਾ ਵੇਖਿਆ ਸੀ, ਉਹ ਬੜੀ ਸਾਵਧਾਨੀ ਨਾਲ ਭੇਡਾਂ ਦੀ ਰਖਵਾਲੀ ਕਰਿਆ ਕਰਦਾ ਸੀ। ਸ਼ਾਇਦ ਉਹ ਹੋਰਨਾਂ ਗੱਦੀ ਕੁੱਤਿਆਂ ਨੂੰ ਵੇਖ ਵੇਖ ਕੇ ਸਿੱਖ ਗਿਆ ਹੋਵੇਗਾ।"

ਕਾਰਲਸਨ ਵੀ ਖਹਿੜਾ ਛੱਡਣ ਵਾਲਾ ਮਨੁੱਖ ਨਹੀਂ ਸੀ। ਉਹ ਬੋਲਿਆ, "ਵੇਖੋ ਕੈਂਡੀ, ਇਹ ਕੁੱਤਾ ਬਹੁਤ ਦੁੱਖ ਭੋਗ ਰਿਹਾ ਹੈ। ਜੇਕਰ ਤੂੰ ਇਸ ਨੂੰ ਬਾਹਰ ਲਿਜਾ ਕੇ ਇਸ ਦੇ ਸਿਰ ਦੇ ਪਿਛਲੇ ਪਾਸੇ ਗੋਲੀ ਮਾਰ ਦੇਵੇ (ਗੋਲੀ ਐਨ ਕਿਹੜੀ ਥਾਂ ਤੇ ਮਾਰੀ ਜਾਵੇ, ਉਸ ਨੇ ਨੀਵਾਂ ਹੋ ਕੇ ਦੱਸ ਦਿੱਤਾ) ਤਾਂ ਇਸ ਨੂੰ ਪਤਾ ਵੀ ਨਹੀਂ ਲੱਗੇਗਾ।"

ਕੈਂਡੀ ਨੇ ਦੁੱਖ ਭਰੀਆਂ ਨਜ਼ਰਾਂ ਨਾਲ ਸਾਰੇ ਪਾਸੇ ਵੇਖਿਆ ਅਤੇ ਬੋਲਿਆ "ਨਹੀਂ, ਇਹ ਗੱਲ ਮੈਥੋਂ ਨਹੀਂ ਹੋਵੇਗੀ। ਮੇਰਾ ਇਸ ਦਾ ਬਹੁਤ ਚਿਰਾਂ ਦਾ ਸੰਗ-ਸਾਥ ਹੈ।"

ਕਾਰਲਸਨ ਨੇ ਫਿਰ ਅੜੀ ਕਰਦੇ ਹੋਏ ਕਿਹਾ, "ਇਹ ਆਪ ਵੀ ਤਾਂ ਇੰਨਾ ਦੁੱਖ ਭੋਗ ਰਿਹਾ ਹੈ ਅਤੇ ਇਸ ਦੇ ਜਿਸਮ ਵਿਚੋਂ ਭੈੜੀ ਦੁਰਗੰਧ ਆਉਂਦੀ ਹੈ। ਮੇਰੀ ਗੱਲ ਸੁਣ ਮੈਂ ਹੀ ਤੇਰੇ ਬਦਲੇ ਇਸ ਨੂੰ ਗੋਲੀ ਮਾਰ ਦਿਆਂਗਾ। ਤੈਨੂੰ ਇਹ ਸਾਰਾ ਕੰਮ ਨਹੀਂ ਕਰਨਾ ਪਵੇਗਾ।"

ਕੈਂਡੀ ਨੇ ਆਪਣੇ ਪੈਰ ਫੱਟੇ ਤੋਂ ਅਗਾਂਹ ਵਧਾ ਲਏ। ਉਸ ਨੇ ਬੇਚੈਨ ਹੋ ਕੇ ਉਸ ਦੇ ਗੱਲ੍ਹਮੁਛਿਆ ਵਿਚ ਖੁਰਕਿਆ "ਮੈਂ ਇਸ ਨਾਲ ਬਹੁਤ ਹਿਲਿਆ ਹੋਇਆ ਹਾਂ। ਨਿੱਕਾ ਜਿਹਾ ਕਤਰਾ ਸੀ, ਇਹ ਉਦੋਂ ਤੋਂ ਮੇਰੇ ਕੋਲ ਹੀ ਹੈ। ਉਸ ਨੇ ਹੌਲੇ ਜਿਹੇ ਮੁੜ ਕਿਹਾ।

ਕਾਰਲਸਨ ਬੋਲਿਆ, 'ਅਜਿਹੀ ਭੈੜੀ ਹਾਲਤ ਵਿਚ ਇਸ ਨੂੰ ਜੀਉਂਦਿਆਂ ਰੱਖ ਕੇ ਤੁਸੀਂ ਇਸ ਉਤੇ ਕੋਈ ਰਹਿਮ ਤਾਂ ਨਹੀਂ ਕਰ ਰਹੇ ਹੋ। ਵੇਖੋ, ਸਲਿਮ ਦੀ ਕੁੱਤੀ ਨੇ ਹੁਣੇ ਜਿਹੇ ਹੀ ਬੱਚੇ ਦਿੱਤੇ ਹਨ। ਮੈਨੂੰ ਯਕੀਨ ਹੈ ਕਿ ਸਲਿਮ ਉਨ੍ਹਾਂ ਵਿਚੋਂ ਇਕ ਕਤੂਰਾ ਪਾਲਣ ਲਈ ਤੁਹਾਨੂੰ ਦੇ ਦੇਵੇਗਾ। ਦੇ ਦੇਏਂਗਾ ਨਾ ਸਲਿਮ ?"

ਸਲਿਮ ਸ਼ਾਂਤ ਨਜ਼ਰਾਂ ਨਾਲ ਬੁੱਢੇ ਕੁੱਤੇ ਨੂੰ ਵੇਖ ਰਿਹਾ ਸੀ। ਉਹ ਬੋਲਿਆ. "ਹਾਂ, ਜੇਕਰ ਤੈਨੂੰ ਚਾਹੀਦਾ ਹੈ, ਤੂੰ ਇਕ ਕਤੂਰਾ ਮੈਥੋਂ ਲੈ ਸਕਦਾ ਹੈਂ। ਉਸ ਨੇ ਖੁਲ੍ਹ ਕੇ ਗੱਲ ਕਰਨ ਦਾ ਯਤਨ ਕੀਤਾ। "ਕੈਂਡੀ, ਕਾਰਲਸਨ ਬਿਲਕੁਲ ਠੀਕ ਕਹਿੰਦਾ ਹੈ। ਇਹ ਕੁੱਤਾ

ਤਾਂ ਆਪਣੇ ਆਪ ਲਈ ਵੀ ਮੁਸੀਬਤ ਹੈ । ਮੈਂ ਤਾਂ ਚਾਹੁੰਦਾ ਹਾਂ ਕਿ ਜਦੋਂ ਮੈਂ ਅਜਿਹਾ ਬੁੱਢਾ ਅਤੇ ਪਰ-ਆਸਰਿਤ ਹੋ ਜਾਵਾਂ, ਤਾਂ ਬੇਸ਼ੱਕ ਮੈਨੂੰ ਗੋਲੀ ਮਾਰ ਦੇਵੇਂ ।"

ਕੈਂਡੀ ਨੇ ਬਹੁਤ ਬੇਵੱਸ ਹੋ ਕੇ ਉਸ ਵੱਲ ਵੇਖਿਆ, ਕਿਉਂਕਿ ਸਲਿਮ ਦੀ ਰਾਏ ਤਾਂ ਕਾਨੂੰਨ ਦੇ ਬਰਾਬਰ ਸੀ। ਉਸ ਨੇ ਝਿਜਕਦਿਆਂ ਹੋਇਆਂ ਕਿਹਾ “ਗੋਲੀ ਨਾਲ ਤਾਂ ਸ਼ਾਇਦ ਇਸ ਨੂੰ ਦੁੱਖ ਹੋਵੇਗਾ । ਇਸ ਦੀ ਪਾਲ-ਪੋਸ ਕਰਨ ਵਿਚ ਮੈਨੂੰ ਕਿਸੇ ਤਰ੍ਹਾਂ ਦੀ ਵੀ ਔਖ ਨਹੀਂ ।”

ਕਾਰਲਸਨ ਬੋਲਿਆ, “ਮੈਂ ਇਸ ਨੂੰ ਗੋਲੀ ਇਸ ਤਰ੍ਹਾਂ ਮਾਰਾਂਗਾ ਕਿ ਉੱਕਾ ਪਤਾ ਵੀ ਨਹੀਂ ਲੱਗੇਗਾ । ਬੰਦੂਕ ਨੂੰ ਮੈਂ ਐਨ ਇਸ ਥਾਂ ਉਤੇ ਰੱਖਾਂਗਾ” (ਉਸਨੇ ਆਪਣੇ ਪੈਰ ਦੇ ਅੰਗੂਠੇ ਨਾਲ ਇਸ਼ਾਰਾ ਕਰਦਿਆਂ ਕਿਹਾ) ।

"ਠੀਕ ਸਿਰ ਦੇ ਪਿੱਛੇ, ਇਹ ਹਿੱਲ ਵੀ ਨਹੀਂ ਸਕੇਗਾ ।"

ਕੈਂਡੀ ਨੇ ਸੁਣਵਾਈ ਲਈ ਵਾਰੀ ਵਾਰੀ ਸਾਰਿਆਂ ਦੇ ਮੂੰਹਾਂ ਵੱਲ ਵੇਖਿਆ ਕਿ ਸ਼ਾਇਦ ਕੋਈ ਉਸ ਦੀ ਹਾਮੀ ਭਰ ਦੇਵੇ । ਉਸ ਵੇਲੇ ਬਾਹਰ ਬਿਲਕੁਲ ਹਨੇਰਾ ਪੱਸਰ ਚੁੱਕਾ ਸੀ । ਇਕ ਜਵਾਨ ਜਿਹਾ ਕਾਮਾ ਅੰਦਰ ਆਇਆ। ਉਸ ਦੇ ਭਰਵੇਂ ਮੋਢੇ ਅਗਾਂਹ ਵੱਲ ਝੁਕੇ ਹੋਏ ਸਨ ਅਤੇ ਉਹ ਆਪਣੀਆਂ ਅੱਡੀਆਂ ਉਤੇ ਭਾਰ ਪਾ ਕੇ ਤੁਰ ਰਿਹਾ ਸੀ । ਲੱਗਦਾ ਸੀ ਕਿ ਜਿਵੇਂ ਆਨਾਜ ਦਾ ਕੋਈ ਅਣ-ਦਿਸਦਾ ਬੋਰਾ ਹੁਣ ਵੀ ਉਸ ਦੀ ਪਿੱਠ ਉੱਤੇ ਲੱਦਿਆ ਹੋਵੇ । ਆਪਣੇ ਫੱਟੇ ਦੇ ਕੋਲ ਪੁੱਜ ਕੇ ਉਸ ਨੇ ਆਪਣਾ ਟੋਪ ਅਲਮਾਰੀ ਉਤੇ ਰੱਖ ਦਿੱਤਾ ਅਤੇ ਫਿਰ ਉਸ ਨੇ ਅਲਮਾਰੀ ਵਿਚੋ ਇਕ ਮੈਗਜ਼ੀਨ ਕੱਢਿਆ ਅਤੇ ਉਸ ਨੂੰ ਮੇਜ਼ ਦੇ ਕੋਲ ਚਾਨਣ ਵਿਚ ਲੈ ਆਇਆ। ਉਸ ਨੇ ਕਿਹਾ, “ਸਲਿਮ, ਮੈਂ ਤੁਹਾਨੂੰ ਇਹ ਰਸਾਲਾ ਵਿਖਾਇਆ ਸੀ ?”

"ਕੀ ਵਿਖਾਇਆ ਸੀ ਮੈਨੂੰ ?"

ਉਸ ਜਵਾਨ ਕਾਮੇ ਨੇ ਰਸਾਲਾ ਉਲਟਾ ਕਰਕੇ ਮੇਜ਼ ਉਤੇ ਰੱਖ ਦਿੱਤਾ ਅਤੇ ਆਪਣੀ ਉਂਗਲੀ ਨਾਲ ਸੰਕੇਤ ਕਰਦੇ ਨੇ ਕਿਹਾ "ਇਹ ਵੇਖੋ, ਇਸ ਨੂੰ ਪੜ੍ਹ ।”

ਸਲਿਮ ਉਸ ਦੇ ਉਤੇ ਝੁਕ ਗਿਆ । ਜਵਾਨ ਕਾਮਾ ਬੋਲਿਆ, “ਪੜ੍ਹ ਲਵੋ । ਉੱਚੀ ਉੱਚੀ ਪੜ੍ਹ ਕੇ ਸੁਣਾਉ ?”

ਸਲਿਮ ਨੇ ਹੌਲੀ ਹੌਲੀ ਪੜ੍ਹਿਆ ।

"ਪਿਆਰੇ ਸੰਪਾਦਕ ਜੀਓ, ਮੈਂ ਛੇ ਵਰ੍ਹਿਆਂ ਤੋਂ ਤੁਹਾਡਾ ਇਹ ਰਸਾਲਾ ਪੜ੍ਹਦਾ ਆ ਰਿਹਾ ਹਾਂ । ਮੈਨੂੰ ਪੱਕਾ ਵਿਸ਼ਵਾਸ ਹੈ ਕਿ ਇਸ ਵੇਲੇ ਸਭ ਤੋਂ ਚੰਗਾ ਰਸਾਲਾ ਇਹੋ ਹੀ ਹੈ। ਮੈਨੂੰ ਪੀਟਰ ਰੈਂਡ ਦੀਆਂ ਕਹਾਣੀਆਂ ਬਹੁਤ ਚੰਗੀਆਂ ਲੱਗਦੀਆਂ ਹਨ। ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਉਹ ਸਾਡੇ ਵਰਗੇ ਲੋਕਾਂ ਦੀ ਕਲਪਨਾ ਨੂੰ ਛੁਹੰਦਾ ਹੈ । 'ਕਾਲਾ ਘੁੜਸਵਾਰ' ਇਸ ਵਰਗੀਆਂ ਚੀਜ਼ਾਂ ਹੋਰ ਹੋਣੀਆਂ ਚਾਹੀਦੀਆਂ ਹਨ । ਮੈਂ ਬਹੁਤੇ ਪੱਤਰ ਨਹੀਂ ਲਿਖਦਾ । ਪਰ ਮੈਂ ਸੋਚਿਆ ਕਿ ਤੁਹਾਨੂੰ ਇਹ ਪੱਤਰ ਲਿਖ ਕੇ ਦੱਸ ਦਿਆਂ ਕਿ ਤੁਹਾਡਾ ਰਸਾਲਾ ਹੀ ਸਭ ਤੋਂ ਚੰਗਾ ਰਸਾਲਾ ਹੈ ਅਤੇ ਇਸ ਨੂੰ ਪੜ੍ਹ ਕੇ ਪੈਸੇ ਪੂਰੇ ਹੋ ਜਾਂਦੇ ਹਨ।"

ਸਲਿਮ ਨੇ ਸਿਰ ਉਤਾਂਹ ਚੁੱਕਿਆ ਅਤੇ ਸਵਾਲੀਆਂ ਢੰਗ ਨਾਲ ਪੁੱਛਿਆ, "ਇਹ ਮੈਨੂੰ ਕਿਸ ਕਾਰਣ ਪੜ੍ਹਾਉਂਦੇ ਹੋ ?'

ਵ੍ਹਿਟ ਨੇ ਕਿਹਾ, "ਅੱਗੇ ਪੜ੍ਹ । ਥੱਲੇ ਨਾਂ ਵੇਖਿਆ ਹੈ ?"

ਸਲਿਮ ਨੇ ਪੜ੍ਹਿਆ । ਥੱਲੇ ਲਿਖਿਆ ਸੀ- "ਤੁਹਾਡੀ ਸਫਲਤਾ ਦਾ ਚਾਹਵਾਨ— ਵਿਲੀਅਮ ਟੈਨਰ "ਉਸ ਨੇ ਫਿਰ ਨਜ਼ਰਾਂ ਚੁੱਕ ਕੇ ਵ੍ਹਿਟ ਵੱਲ ਵੇਖਿਆ ਅਤੇ ਪੁੱਛਿਆ, "ਤੂੰ ਮੈਨੂੰ ਪੜ੍ਹਨ ਲਈ ਕਿਉਂ ਕਹਿੰਦਾ ਹੈਂ ?"

ਵ੍ਹਿਟ ਨੇ ਬੜੀ ਆਕੜ ਨਾਲ ਰਸਾਲਾ ਬੰਦ ਕਰ ਦਿੱਤਾ । "ਤੁਹਾਨੂੰ ਵਿਲ ਟੈਨਰ ਯਾਦ ਨਹੀਂ ਰਿਹਾ ? ਤਿੰਨ ਮਹੀਨੇ ਪਹਿਲਾਂ ਉਹ ਇੱਥੇ ਹੀ ਤਾਂ ਕੰਮ ਕਰਦਾ ਹੁੰਦਾ ਸੀ ।"

ਸਲਿਮ ਸੋਚਣ ਲੱਗ ਪਿਆ। "ਉਹ ਗਿਠਮੁਠੀਆ ਜਿਹਾ ਆਦਮੀ ? ਉਸ ਨੇ ਪੁੱਛਿਆ, "ਜਿਹੜਾ ਹਲ ਵਾਹਿਆ ਕਰਦਾ ਸੀ ?"

ਵ੍ਹਿਟ ਨੇ ਉੱਚੀ ਸਾਰੀ ਜਵਾਬ ਦਿੱਤਾ, "ਆਹੋ, ਆਹੋ ? ਉਹੀ, ਉਹੀ ।"

"ਤੁਸੀਂ ਕੀ ਸੋਚਦੇ ਹੋ ਕਿ ਇਹ ਪੱਤਰ ਉਸ ਨੇ ਹੀ ਲਿਖਿਆ ਹੈ ?'

"ਆਹੋ ਖਾਂ, ਉਸ ਨੇ ਹੀ ਲਿਖਿਆ ਹੈ। ਵਿਲ ਅਤੇ ਮੈਂ ਇਕ ਦਿਨ ਇਥੇ ਹੀ ਬੈਠੇ ਸਾਂ । ਵਿਲ ਦੇ ਹੱਥਾਂ ਵਿਚ ਉਨ੍ਹੀਂ ਦਿਨੀਂ ਛਪਿਆ ਇਸ ਰਸਾਲੇ ਦਾ ਇਕ ਅੰਕ ਸੀ। ਉਹ ਉਸ ਦੇ ਪੰਨਿਆਂ ਵਿਚੋਂ ਕੁਝ ਲੱਭ ਰਿਹਾ ਸੀ । ਮੈਂ ਉਸ ਨੂੰ ਪੁੱਛਿਆ, ਤਦ ਉਸ ਨੇ ਮੈਨੂੰ ਦੱਸਿਆ ਸੀ ਮੈਂ ਇਕ ਪੱਤਰ ਇਸ ਦੇ ਸੰਪਾਦਕ ਨੂੰ ਲਿਖਿਆ ਹੋਇਆ ਸੀ । ਸ਼ਾਇਦ ਉਸ ਨੇ ਇਸ ਅੰਕ ਵਿਚ ਮੇਰਾ ਪੱਤਰ ਛਾਪ ਦਿੱਤਾ ਹੋਵੇ । "ਪਰ ਉਸ ਦਾ ਪੱਤਰ ਉਸ ਅੰਕ ਵਿਚ ਨਹੀਂ ਸੀ । ਵਿਲ ਨੇ ਕਿਹਾ ਸੀ. "ਸ਼ਾਇਦ ਫਿਰ ਕਦੇ ਬਾਦ ਵਿਚ ਛਾਪ ਦੇਣਗੇ ।" ਸੰਪਾਦਕ ਨੇ ਆਖ਼ਿਰ ਉਸ ਦਾ ਪੱਤਰ ਛਾਪ ਹੀ ਦਿੱਤਾ । ਹੁਣ ਇੰਨੀ ਦੇਰ ਮਗਰੋਂ ।"

ਸਲਿਮ ਬੋਲਿਆ, "ਤੁਸੀਂ ਠੀਕ ਕਹਿੰਦੇ ਹੋ। ਸੰਪਾਦਕ ਨੇ ਵਿਲ ਦਾ ਪੱਤਰ ਸਾਂਭ ਕੇ ਰੱਖਿਆ ਹੋਇਆ ਸੀ ।"

ਜਾਰਜ ਨੇ ਉਹ ਮੈਗਜ਼ੀਨ ਲੈਣ ਲਈ ਆਪਣਾ ਹੱਥ ਅਗਾਂਹ ਕੀਤਾ ਅਤੇ ਬੋਲਿਆ, "ਵੇਖਾਂ ਜ਼ਰਾ ।"

ਵਿਟ ਨੇ ਉਹ ਪੰਨਾ ਫਿਰ ਢੂੰਡ ਕੇ ਕੱਢਿਆ । ਪਰ ਉਸ ਨੇ ਰਸਾਲੇ ਨੂੰ ਆਪਣੇ ਹੱਥੋਂ ਨਾ ਛੱਡਿਆ । ਆਪਣੀ ਉਂਗਲ ਲਾ ਕੇ ਹੀ ਉਸ ਨੇ ਉਹ ਛਪਿਆ ਹੋਇਆ ਪੱਤਰ ਜਾਰਜ ਨੂੰ ਵਿਖਾ ਦਿੱਤਾ ਅਤੇ ਫਿਰ ਲਿਜਾ ਕੇ ਸਾਵਧਾਨੀ ਨਾਲ ਰਸਾਲੇ ਨੂੰ ਆਪਣੀ ਅਲਮਾਰੀ ਦੇ ਖਾਨੇ ਵਿਚ ਰੱਖ ਦਿੱਤਾ ।

"ਕੀ ਪਤਾ ਹੈ, ਵਿਲ ਨੇ ਇਹ ਵੇਖਿਆ ਵੀ ਹੋਵੇਗਾ ਜਾਂ ਨਹੀਂ ।" ਉਹ ਬੋਲਿਆ, "ਵਿਲ ਅਤੇ ਮੈਂ ਇਕੱਠੇ ਉਸ ਮਟਰਾਂ ਵਾਲੇ ਖੇਤ ਵਿਚ ਕੰਮ ਕਰਦੇ ਹੁੰਦੇ ਸਾਂ । ਅਸੀਂ ਦੋਵੇਂ ਹੀ ਹਲ ਵਾਹੁੰਦੇ ਸਾਂ । ਵਿਲ ਬਹੁਤ ਹੀ ਭਲਾ ਮਨੁੱਖ ਹੈ ।"

ਇਸ ਸਾਰੀ ਗੱਲਬਾਤ ਵਿਚ ਕਾਰਲਸਨ ਨੇ ਕੋਈ ਹਿੱਸਾ ਨਾ ਲਿਆ, ਉਹ ਹੁਣ ਤੱਕ ਆਪਣੀ ਨਜ਼ਰ ਦੀ ਕਟਾਰ ਬੁੱਢੇ ਕੁੱਤੇ ਉਤੇ ਹੀ ਟਿਕਾਈ ਬੈਠਾ ਸੀ । ਕੈਂਡੀ ਦਾ ਧਿਆਨ ਵੀ ਇਨ੍ਹਾਂ ਵੱਲ ਨਹੀਂ ਸੀ। ਉਸ ਦੀਆਂ ਵਿਆਕੁਲ ਨਜ਼ਰਾਂ ਵੀ ਕਾਰਲਸਨ ਵੱਲ ਹੀ ਲੱਗੀਆਂ ਹੋਈਆਂ ਸਨ । ਆਖਿਰ ਕਾਰਲਸਨ ਨੇ ਕਿਹਾ, "ਜੇਕਰ ਤੁਸੀਂ ਕਹੋ ਤਾਂ ਮੈਂ ਹੁਣੇ ਲਿਜਾ ਕੇ ਇਸ ਦੇ ਸਾਰੇ ਦੁੱਖ ਕੱਟ ਦੇਵਾਂ । ਹੁਣ ਹੋਰ ਕੋਈ ਚਾਰਾ ਨਹੀਂ ਹੈ । ਥਾਂ ਥਾਂ ਤੇ ਠੋਕਰਾਂ ਖਾਣ ਤੋਂ ਬਿਨਾਂ ਇਹ ਤੁਰ ਫਿਰ ਵੀ ਨਹੀਂ ਸਕਦਾ ।"

ਕੈਂਡੀ ਨੇ ਕੁਝ ਆਸਵੰਦੇ ਲਹਿਜੇ ਵਿਚ ਕਿਹਾ, "ਪਰ ਤੁਹਾਡੇ ਕੋਲ ਬੰਦੂਕ ਕਿੱਥੇ ਹੈ?

"ਬੰਦੂਕ ਦੀ ਕੀ ਲੋੜ ਹੈ ? ਮੇਰੇ ਪਾਸ ਪਿਸਤੌਲ ਜੋ ਹੈ ।"

"ਚੰਗਾ ਤਾਂ ਫਿਰ ਕੱਲ੍ਹ ਨੂੰ ਸਹੀ । 'ਕੱਲ੍ਹ ਤਕ ਹੋਰ ਸਬਰ ਕਰੋ।"

"ਪਰ ਗੱਲ ਅੱਗੇ ਪਾਉਂਣ ਦਾ ਕੋਈ ਕਾਰਣ ਵੀ ਹੋਵੇ ।" ਉਹ ਆਪਣੇ ਫੱਟੇ ਕੋਲ ਗਿਆ । ਵੱਟੇ ਦੇ ਹੇਠੋਂ ਉਸ ਨੇ ਆਪਣਾ ਝੋਲਾ ਕੱਢਿਆ ਅਤੇ ਉਸ ਵਿਚੋਂ ਇਕ ਪਿਸਤੌਲ ਕੱਢ ਲਿਆਇਆ । "ਇਸ ਦੀ ਬਦਬੂ ਕਾਰਣ ਤਾਂ ਇਥੇ ਸੌਣਾ ਵੀ ਸੰਭਵ ਨਹੀਂ ਹੈ " ਉਸ ਨੇ ਪਿਸਤੌਲ ਆਪਣੀ ਪਤਲੂਨ ਦੀ ਪਿਛਲੀ ਜੇਬ ਵਿਚ ਪਾ ਲਈ ।

ਕੈਂਡੀ ਕਿੰਨੀ ਦੇਰ ਤੱਕ ਸਲਿਮ ਵੱਲ ਵੇਖਦਾ ਰਿਹਾ ਕੱਲ੍ਹ ਸ਼ਾਇਦ ਕਿਸੇ ਹੀਲੇ ਇਹ ਹੋਣੀ ਟਲ ਜਾਵੇ । ਪਰ ਸਲਿਮ ਨੇ ਕੋਈ ਸਹਾਇਤਾ ਨਾ ਕੀਤੀ । ਅਖ਼ੀਰ ਕੈਂਡੀ ਨੇ ਨਿਰਾਸ਼ ਹੋ ਕੇ ਹੌਲੇ ਜਿਹੇ ਕਹਿ ਦਿੱਤਾ. "ਚੰਗਾ, ਲੈ ਜਾਓ ਇਸ ਨੂੰ ।" ਉਸ ਨੇ ਕੁੱਤੇ ਵੱਲ ਅੱਖ ਚੁੱਕ ਕੇ ਵੀ ਨਾ ਵੇਖਿਆ। ਉਹ ਆਪਣੇ ਫੱਟੇ ਉਤੇ ਪਿੱਠ ਪਰਨੇ ਹੋ ਕੇ ਲੇਟ ਗਿਆ । ਆਪਣੀਆਂ ਬਾਹਾਂ ਮੋੜ ਕੇ ਉਸ ਨੇ ਆਪਣੇ ਸਿਰ ਹੇਠਾਂ ਰੱਖ ਲਈਆਂ ਅਤੇ ਛੱਤ ਵਲ ਝਾਕਣ ਲੱਗ ਪਿਆ ।

ਕਾਰਲਸਨ ਨੇ ਆਪਣੀ ਜੇਬ ਵਿਚੋਂ ਚਮੜੇ ਦਾ ਇਕ ਪਤਲਾ ਜਿਹਾ ਫੀਤਾ ਕੱਢਿਆ। ਫੀਤੇ ਦਾ ਇਕ ਸਿਰਾ ਉਸ ਨੇ ਉਸ ਬੁੱਢੇ ਕੁੱਤੇ ਦੀ ਗਰਦਨ ਦੁਆਲੇ ਬੰਨ੍ਹ ਦਿੱਤਾ। ਕੈਂਡੀ ਨੂੰ ਛੱਡ ਕੇ ਬਾਕੀ ਦੇ ਸਾਰੇ ਲੋਕਾਂ ਦੀਆਂ ਨਜ਼ਰਾਂ ਉਧਰ ਹੀ ਲੱਗੀਆਂ ਸਨ । "ਉਠ ਪੁੱਤਰਾ, ਹੁਣ ਤੁਰ ਪੈ" ਕਾਰਲਸਨ ਨੇ ਹੌਲੀ ਜਿਹੀ ਕਿਹਾ। ਕੈਂਡੀ ਨੂੰ ਉਸ ਨੇ ਜਿਵੇਂ ਮਾਫ਼ੀ ਮੰਗਦਾ ਹੋਵੇ, ਕਿਹਾ “ਇਸ ਨੂੰ ਤਾਂ ਪਤਾ ਵੀ ਨਹੀਂ ਲੱਗੇਗਾ ।" ਪਰ ਕੈਂਡੀ ਨਾ ਤਾਂ ਹਿੱਲਿਆ ਜੁੱਲਿਆ ਅਤੇ ਨਾ ਹੀ ਉਸ ਨੇ ਕੁਝ ਜਵਾਬ ਹੀ ਦਿੱਤਾ । ਉਹ ਬਿਟਰ ਬਿਟਰ ਛੱਤ ਵੱਲ ਹੀ ਤੱਕਦਾ ਰਿਹਾ। ਕਾਰਲਸਨ ਨੇ ਫੀਤਾ ਖਿੱਚਿਆ- "ਆ ਪੁੱਤਰਾ ਹੁਣ ਉਠ ਪੈ, " ਉਸ ਨੇ ਫਿਰ ਕਿਹਾ । ਬੁੱਢਾ ਕੁੱਤਾ ਹੌਲੀ ਹੌਲੀ ਬਹੁਤ ਔਖਾ ਹੋ ਕੇ ਉੱਠਿਆ ਅਤੇ ਫੀਤੇ ਨਾਲ ਖਚੀਂਦਾ ਜਿਹਾ ਤੁਰ ਪਿਆ ।

"ਕਾਰਲਸਨ ।" ਸਲਿਮ ਨੇ ਉਸ ਨੂੰ ਰੋਕਿਆ ।

"ਹਾਂ"

“ਪਤਾ ਹੈ, ਤੁਹਾਨੂੰ ਕੀ ਕਰਨਾ ਚਾਹੀਦਾ ਹੈ ? "

"ਤੁਹਾਡਾ ਕੀ ਮਤਲਬ ਹੈ ? "

ਸਲਿਮ ਨੇ ਕਿਹਾ, "ਇਕ ਫਾਉੜਾ ਨਾਲ ਲੈ ਕੇ ਜਾਣਾ । "

“ਆਹੋ, ਆਹੋ, ਜਰੂਰ, ਮੈਂ ਸਮਝ ਗਿਆ ਹਾਂ।" ਉਹ ਕੁੱਤੇ ਨੂੰ ਲੈ ਕੇ ਬਾਹਰ ਹਨੇਰੇ ਦੇ ਵਿਚ ਲੋਪ ਹੋ ਗਿਆ ।

ਜਾਰਜ ਉਸ ਦੇ ਮਗਰ ਮਗਰ ਬੂਹੇ ਤੱਕ ਗਿਆ ਅਤੇ ਉਸ ਨੇ ਬੂਹਾ ਬੰਦ ਕਰਕੇ, ਹੌਲੇ ਜਿਹੇ ਹੋੜਾ ਵੀ ਫਸਾ ਦਿੱਤਾ । ਕੈਂਡੀ ਆਪਣੇ ਬਿਸਤਰੇ ਉਤੇ ਅਹਿੱਲ ਪਿਆ ਹੋਇਆ ਸੀ । ਉਹ ਛੱਤ ਵੱਲ ਹੀ ਤੱਕੀ ਜਾ ਰਿਹਾ ਸੀ ।

ਸਲਿਮ ਨੇ ਉੱਚੀ ਸਾਰੀ ਕਿਹਾ, “ਮੇਰੀ ਗੱਡੀ ਦੇ ਮੂਹਰਲੇ ਖੱਚਰਾਂ ਵਿਚੋਂ ਇਕ ਖੱਚਰ ਦਾ ਖੁਰ ਖਰਾਬ ਹੋ ਗਿਆ ਹੈ । ਕਿਧਰੋਂ ਤਾਰਕੋਲ ਲਿਆ ਕੇ ਉਸ ਉਤੇ ਲਾਉਣੀ ਪਵੇਗੀ ।" ਇੰਜ ਲੱਗਦਾ ਸੀ ਜਿਵੇਂ ਉਸ ਦੀ ਆਵਾਜ਼ ਵਿਚ ਕੁਝ ਖਿਚਾਉ ਜਿਹਾ ਹੋਵੇ । ਬਾਹਰ ਘੋਰ ਚੁੱਪ-ਚਾਂ ਸੀ । ਕਾਰਲਸਨ ਦੇ ਪੈਰਾਂ ਦੀ ਆਵਾਜ਼ ਵੀ ਹੁਣ ਸੁਣਾਈ ਨਹੀਂ ਦਿੰਦੀ ਸੀ । ਕਮਰੇ ਦੇ ਅੰਦਰ ਅੰਤਾਂ ਦੀ ਖਾਮੋਸ਼ੀ ਛਾ ਗਈ । ਇਹ ਖਾਮੋਸ਼ੀ ਕਾਫੀ ਦੇਰ ਤੱਕ ਕਮਰੇ ਵਿਚ ਛਾਈ ਰਹੀ, ਜਿਵੇਂ ਕੋਈ ਡੱਕੀ ਹੋਈ ਘਟਾ ਕਮਰੇ ਉਤੇ ਛਾ ਗਈ ਹੋਵੇ ।

ਫਿਰ ਜਾਰਜ ਨੇ ਕੋਈ ਗੱਲ ਤੋਰਨ ਦਾ ਹੌਸਲਾ ਕਰਕੇ ਉਸ ਖਾਮੋਸ਼ੀ ਨੂੰ ਤੋੜਿਆ। ਉਹ ਰਤਾ ਕੁ ਹੱਸਿਆ "ਮੈਂ ਸ਼ਰਤ ਲਾਉਂਦਾ ਹਾਂ । ਲੈਨੀ ਉਥੇ ਢਾਰੇ ਵਿਚ ਹੀ ਆਪਣੇ ਕਤੂਰੇ ਦੇ ਕੋਲ ਹੋਵੇਗਾ । ਉਸ ਨੂੰ ਕਤੂਰਾ ਮਿਲ ਗਿਆ ਹੈ । ਹੁਣ ਉਸ ਨੂੰ ਇੱਥੇ ਆਉਣ ਦੀ ਸਿੱਕ ਨਹੀਂ।" ਉਸ ਦੇ ਹੱਸਣ ਅਤੇ ਗੱਲ ਕਰਨ ਦਾ ਤੌਰ ਤਰੀਕਾ, ਪਤਾ ਨਹੀਂ ਕਿਉਂ, ਕੁਝ ਅਜੀਬ ਜਿਹਾ ਲੱਗ ਰਿਹਾ ਸੀ ।

ਸਲਿਮ ਨੇ ਕਿਹਾ, "ਕੈਂਡੀ ਜੇ ਤੂੰ ਚਾਹੁੰਦਾ ਹੈਂ, ਤਾਂ ਉਨ੍ਹਾਂ ਵਿਚੋਂ ਇਕ ਕਤੂਰਾ ਤੂੰ ਵੀ ਲੈ ਲਵੀਂ ।" ਕੈਂਡੀ ਨੇ ਕੋਈ ਜਵਾਬ ਨਾ ਦਿੱਤਾ। ਕਮਰੇ ਵਿਚ ਮੁੜ ਚੁਪ-ਚਾਂ ਛਾ ਗਈ। ਇੰਜ ਲੱਗਦਾ ਸੀ ਕਿ ਰਾਹ ਦਾ ਸੰਨਾਟਾ ਮੱਲੋ ਮੱਲੀ ਕਮਰੇ ਦੇ ਅੰਦਰ ਵੜ ਆਇਆ ਹੈ।

ਜਾਰਜ ਨੇ ਪੁੱਛਿਆ, “ਕੋਈ ਤਾਸ਼ ਖੇਡਣਾ ਚਾਹੁੰਦਾ ਹੈ ? "

ਵਿਟ ਨੇ ਕਿਹਾ "ਮੈਂ ਥੋੜੀ ਦੇਰ ਲਈ ਖੇਡਾਂਗਾ।"

ਉਹ ਚਾਨਣ ਦੇ ਹੇਠਾਂ ਮੇਜ਼ ਉਤੇ ਇਕ ਦੂਜੇ ਦੇ ਸਾਹਮਣੇ ਬੈਠ ਗਏ । ਜਾਰਜ ਨੇ ਤਾਸ਼ ਨੂੰ ਨਹੀਂ ਫੈਂਟਿਆ। ਉਸ ਨੇ ਤਾਸ਼ ਦੇ ਪੱਤੇ ਚੁੱਕ ਲਏ ਅਤੇ ਉਨ੍ਹਾਂ ਦੀ ਇਕ ਦੱਥੀ ਬਣਾ ਕੇ ਉਸ ਦਾ ਇਕ ਸਿਰਾ ਤਾਂ ਖੱਬੇ ਹੱਥ ਵਿਚ ਫੜ ਲਿਆ ਅਤੇ ਦੂਜੇ ਸਿਰੇ ਨੂੰ ਸੱਜੇ ਹੱਥ ਨਾਲ ਫੜਫੜਾਉਣ ਲੱਗ ਪਿਆ । ਇਸ ਤਰ੍ਹਾਂ ਪੱਤਿਆਂ ਤੋਂ ਨਿਕਲਦੀ ਮੱਧਮ ਜਿਹੀ ਆਵਾਜ਼ ਨੇ ਸਾਰਿਆ ਦਾ ਧਿਆਨ ਆਪਣੇ ਵੱਲ ਖਿੱਚ ਲਿਆ । ਫਿਰ ਉਸ ਨੇ ਪੱਤੇ ਫੜਫੜਾਉਣੇ ਬੰਦ ਕਰ ਦਿੱਤੇ ਅਤੇ ਤਾਸ਼ ਦੀ ਦੱਥੀ ਨੂੰ ਮੁੜ ਮੇਜ਼ ਉਤੇ ਰੱਖ ਦਿੱਤਾ । ਉਸ ਕਮਰੇ ਦੇ ਵਿਚ ਮੁੜ ਭਾਰੀ ਖਾਮੋਸ਼ੀ ਛਾ ਗਈ। ਇਕ ਮਿੰਟ ਲੰਘ ਗਿਆ-ਇਕ ਹੋਰ ਮਿੰਟ ਵੀ ਲੰਘ ਗਿਆ । ਕੈਂਡੀ

ਬਿਲਕੁਲ ਅਹਿੱਲ ਪਿਆ ਬਿਟਰ ਬਿਟਰ ਛੱਤ ਵੱਲ ਵੇਖੀ ਜਾ ਰਿਹਾ ਸੀ । ਸਲਿਮ ਨੇ ਛਿਣ ਭਰ ਲਈ ਉਸ ਵੱਲ ਵੇਖਿਆ ਅਤੇ ਫਿਰ ਨਜ਼ਰਾਂ ਝੁਕਾ ਕੇ ਆਪਣੇ ਹੱਥਾਂ ਵੱਲ ਵੇਖਣ ਲੱਗ ਪਿਆ। ਉਸ ਨੇ ਇਕ ਹੱਥ ਨੂੰ ਦੂਜੇ ਹੱਥ ਨਾਲ ਦੱਬ ਲਿਆ ਅਤੇ ਇੰਜ ਕਰਦਿਆਂ ਚੁੱਪ ਸਾਧ ਕੇ ਵੇਖਦਾ ਰਿਹਾ । ਫ਼ਰਸ਼ ਦੇ ਹੇਠੋਂ ਕੁਝ ਇਸ ਤਰ੍ਹਾਂ ਦੀ ਆਵਾਜ਼ ਆਈ ਜਿਵੇਂ ਕੋਈ ਜਾਨਵਰ ਕੁਝ ਚੀਜ਼ ਟੁੱਕ ਰਿਹਾ ਹੋਵੇ । ਸਾਰਿਆਂ ਨੇ ਬੜੀ ਗਹੁ ਨਾਲ ਉਸ ਪਾਸੇ ਵੱਲ ਵੇਖਿਆ। ਪਰ ਕੈਂਡੀ ਲਗਾਤਾਰ ਛੱਤ ਵੱਲ ਹੀ ਵੇਖਦਾ ਰਿਹਾ ।

ਜਾਰਜ ਨੇ ਕਿਹਾ, "ਇੰਜ ਲੱਗਦਾ ਹੈ ਕਿ ਥੱਲੇ ਕੋਈ ਚੂਹਾ ਹੈ । ਸਾਨੂੰ ਪਿੰਜਰਾ ਲਿਆ ਕੇ ਰੱਖਣਾ ਚਾਹੀਦਾ ਹੈ ।'

ਵ੍ਹਿਟ ਬੋਲ ਪਿਆ, "ਕਾਰਲਸਨ ਨੂੰ ਇੰਨੀ ਦੇਰ ਕਿਉਂ ਲੱਗ ਰਹੀ ਹੈ ?" ਫਿਰ ਉਸ ਨੇ ਕਿਹਾ, '"ਚੰਗਾ. ਤੁਸੀਂ ਪੱਤੇ ਵੰਡ ਦਿਓ। ਵੰਡੋ ਵੀ ਨਾ, ਇਸ ਤਰ੍ਹਾਂ ਕਿਵੇਂ ਖੇਡ ਸੱਕਾਂਗੇ ?'

ਜਾਰਜ ਨੇ ਫਿਰ ਤਾਸ਼ ਦੀ ਦੱਥੀ ਚੁੱਕ ਲਈ ਅਤੇ ਪੱਤਿਆਂ ਨੂੰ ਪੁੱਠੇ ਪਾਸਿਉਂ ਵੇਖਣ ਲੱਗ ਪਿਆ। ਕਮਰੇ ਵਿਚ ਫਿਰ ਚੁੱਪ ਛਾ ਗਈ ।

ਦੂਰ ਤੋਂ ਗੋਲੀ ਚੱਲਣ ਦੀ ਆਵਾਜ਼ ਆਈ । ਸਾਰਿਆਂ ਨੇ ਤੁਰੰਤ ਬੁੱਢੇ ਵੱਲ ਵੇਖਿਆ । ਇੰਜ ਲੱਗਿਆ ਕਿ ਸਭਨਾਂ ਦੇ ਸਿਰ ਇਕੋ ਹੀ ਝਟਕੇ ਨਾਲ ਬੁੱਢੇ ਵੱਲ ਮੁੜ ਗਏ ਹੋਣ ।

ਹੁਣ ਕੈਂਡੀ ਛਿਣ ਭਰ ਤਾਂ ਛੱਤ ਵਲ ਹੀ ਤੱਕਦਾ ਰਿਹਾ । ਫਿਰ ਉਸ ਨੇ ਕੰਧ ਵੱਲ ਪਾਸਾ ਪਰਤ ਲਿਆ ਅਤੇ ਚੁੱਪ ਸਾਧੀ ਪਿਆ ਰਿਹਾ ।

ਜਾਰਜ ਨੇ ਉਸ ਸੰਨਾਟੇ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਜ਼ੋਰ ਜ਼ੋਰ ਨਾਲ ਤਾਸ਼ ਫੈਂਟੀ ਅਤੇ ਪੱਤੇ ਵੰਡਣ ਲੱਗ ਪਿਆ । ਵ੍ਹਿਟ ਨੇ ਨੰਬਰ ਲਿਖਣ ਦੀ ਤਖਤੀ ਆਪਣੇ ਕੋਲ ਖਿੱਚ ਲਈ। ਉਸ ਨੇ ਵੱਖ ਵੱਖ ਰੰਗਾਂ ਦੇ ਪੱਤੇ ਲਾ ਲਏ ਅਤੇ ਬੋਲਿਆ, "ਜਾਪਦਾ ਹੈ ਕਿ ਤੁਸੀਂ ਸੱਚ ਮੁਚ ਕੰਮ ਕਰਨ ਲਈ ਹੀ ਇੱਥੇ ਆਏ ਹੋ ।"

ਜਾਰਜ ਨੇ ਪੁੱਛਿਆ, "ਕੀ ਮਤਲਬ ਹੈ ਤੁਹਾਡਾ ?"

ਵ੍ਹਿਟ ਹੱਸ ਪਿਆ, "ਵੇਖੋ ਨਾ ਤੁਸੀਂ ਸ਼ੁੱਕਰਵਾਰ ਇਥੇ ਆਏ ਸੀ। ਐਤਵਾਰ ਤੱਕ ਦੋ ਦਿਨ ਤਾਂ ਤੁਹਾਨੂੰ ਕੰਮ ਕਰਨਾ ਪਵੇਗਾ ।"

"ਤੁਹਾਡਾ ਭਾਵ ਮੈਂ ਨਹੀਂ ਸਮਝ ਸਕਿਆ," ਜਾਰਜ ਨੇ ਕਿਹਾ ।"

ਵ੍ਹਿਟ ਫਿਰ ਹੱਸਿਆ ਅਤੇ ਬੋਲਿਆ, "ਜੇਕਰ ਤੁਸਾਂ ਨੇ ਅਜਿਹੇ ਵੱਡੇ ਵੱਡੇ ਵਾੜਿਆਂ ਵਿਚ ਪਹਿਲਾਂ ਕੰਮ ਕੀਤਾ ਹੁੰਦਾ, ਤੁਸੀਂ ਫੌਰਨ ਸਮਝ ਜਾਂਦੇ । ਜਿਹੜੇ ਕਾਮੇ ਕੇਵਲ ਵੇਖਣ ਚਾਖਣ ਲਈ ਹੀ ਵੜਿਆਂ ਵਿਚ ਆਉਂਦੇ ਹਨ, ਉਹ ਸ਼ਨਿੱਚਰਵਾਰ ਦੁਪਹਿਰਾਂ ਜਿਹੇ ਪਹੁੰਚਦੇ ਹਨ। ਸ਼ਨਿੱਚਰਵਾਰ ਵੀ ਰਾਤ ਦਾ ਖਾਣਾ ਅਤੇ ਐਤਵਾਰ ਨੂੰ ਸਵੇਰ, ਦੁਪਹਿਰ ਅਤੇ ਰਾਤ ਦੇ ਖਾਣੇ ਖਾਂਦੇ ਹਨ ਅਤੇ ਬਿਨਾਂ ਕੱਖ ਤੋੜੇ ਸੋਮਵਾਰ ਨੂੰ ਖਿਸਕ ਜਾਂਦੇ ਹਨ । ਪਰ ਕਿਉਂਕਿ ਤੁਸੀਂ ਤਾਂ ਸ਼ੁੱਕਰਵਾਰ ਦੁਪਹਿਰੇ ਆਏ ਸੀ, ਇਸ ਲਈ ਤੁਹਾਨੂੰ ਤਾਂ ਹਰ ਹਾਲਤ ਵਿਚ ਡੇਢ ਦਿਨ ਕੰਮ ਕਰਨਾ ਹੀ ਪਏਗਾ ।"

ਜਾਰਜ ਨੇ ਤਿੱਖੀ ਨਜ਼ਰ ਨਾਲ ਉਸ ਵੱਲ ਵੇਖਿਆ ਅਤੇ ਕਿਹਾ, "ਅਸੀਂ ਤਾਂ ਇਥੇ ਕੁਝ ਦਿਨ ਜ਼ਰੂਰ ਰਹਾਂਗੇ । ਮੈਂ ਅਤੇ ਲੈਨੀ ਕੁਝ ਪੈਸੇ ਜਮ੍ਹਾਂ ਕਰਨਾ ਚਾਹੁੰਦੇ ਹਾਂ ।"

ਕਮਰੇ ਦਾ ਬੂਹਾ ਹੋਲੀ ਜਿਹੇ ਖੁੱਲ੍ਹਿਆ ਅਤੇ ਘੁੜਸਾਲ ਵਾਲੇ ਦਾ ਸਿਰ ਦਿਖਾਈ ਦਿੱਤਾ— ਕਿਸੇ ਨੀਗਰੋ ਦਾ ਮਾੜਕੂ ਜਿਹਾ ਸਿਰ, ਜੋ ਪੀੜਾਂ ਦੀਆਂ ਰੇਖਾਵਾਂ ਨਾਲ ਭਰਿਆ ਅਤੇ ਅੱਖਾਂ ਦਾ ਰੋਗੀ ਸੀ । ਉਸ ਨੇ ਆਵਾਜ਼ ਮਾਰੀ, "ਮਿਸਟਰ ਸਲਿਮ ।"

ਸਲਿਮ ਨੇ ਬੁੱਢੇ ਕੈਂਡੀ ਤੋਂ ਆਪਣੀ ਨਜ਼ਰ ਚੁੱਕੀ ਅਤੇ ਬੋਲਿਆ, "ਹਾਂ, ਦੱਸੋ ਕਰੁਕਸ : ਕੀ ਗੱਲ ਹੈ ?"

"ਤੁਸੀਂ ਮੈਨੂੰ ਉਸ ਖੱਚਰ ਦੇ ਪੈਰਾਂ ਲਈ ਤਾਰਕੋਲ ਗਰਮ ਕਰਨ ਨੂੰ ਕਿਹਾ ਸੀ। ਮੈਂ ਤਾਰਕੋਲ ਗਰਮ ਕਰ ਲਿਆ ਹੈ ।"

"ਅੱਛਾ, ਠੀਕ ਹੈ ਕਰੁਕਸ : ਮੈਂ ਹੁਣ ਆ ਕੇ ਤਾਰਕੋਲ ਲਾ ਦੇਵਾਂਗਾ ।"

"ਮਿਸਟਰ ਸਲਿਮ, ਜੇਕਰ ਤੁਸੀਂ ਕਹੋ ਤਾਂ ਮੈਂ ਆਪ ਹੀ ਲਾ ਦਿਆਂ ?"

ਸਲਿਮ ਉੱਠ ਪਿਆ ਅਤੇ ਬੋਲਿਆ, "ਨਹੀਂ, ਮੈਂ ਆਪ ਹੀ ਲਾਵਾਂਗਾ।"

ਕਰੁਕਸ ਫਿਰ ਬੋਲਿਆ, "ਮਿਸਟਰ ਸਲਿਮ ।"

"ਹਾਂ,"

ਉਹ ਲੰਮਾ ਸਾਰਾ ਨਵਾਂ ਆਇਆ ਕਾਮਾ ਢਾਰੇ ਦੇ ਵਿਚ ਤੁਹਾਡੇ ਕਤੂਰਿਆਂ ਨੂੰ ਫਰੋਲ ਰਿਹਾ ਸੀ।"

"ਉਹ ਕੋਈ ਹਾਨੀ ਨਹੀਂ ਪੁਚਾਏਗਾ। ਉਨ੍ਹਾਂ ਵਿਚੋਂ ਇਕ ਕਤੂਰਾ ਮੈਂ ਉਸ ਨੂੰ ਦੇ ਹੀ ਦਿੱਤਾ ਹੈ ।"

ਕਰੁਕਸ ਬੋਲਿਆ, "ਮੈਂ ਸੋਚਿਆ ਤੁਹਾਨੂੰ ਦੱਸ ਦੇਵਾਂ, ਉਹ ਕਤੂਰਿਆਂ ਨੂੰ ਬਾਹਰ ਕੱਢ ਕੇ ਇਦਰ ਉਧਰ ਤੋਰ ਫੇਰ ਰਿਹਾ ਹੈ। ਇੰਜ ਕਰਨਾ ਤਾਂ ਸ਼ਾਇਦ ਠੀਕ ਨਹੀਂ ਹੈ ।"

ਸਲਿਮ ਨੇ ਕਿਹਾ, "ਉਹ ਕਤੂਰਿਆਂ ਨੂੰ ਤੰਗ ਨਹੀਂ ਕਰੇਗਾ । ਮੈਂ ਹੁਣ ਤੇਰੇ ਨਾਲ ਚੱਲਦਾ ਹਾਂ।"

ਜਾਰਜ ਨੇ ਸਿਰ ਚੁੱਕ ਕੇ ਵੇਖਿਆ "ਜੇਕਰ ਉਹ ਮੂਰਖ ਵਧੇਰੇ ਹੀ ਹੱਥ ਚਲਾਕੀ ਕਰਦਾ ਪਿਆ ਹੋਵੇ, ਤਾਂ ਉਸ ਨੂੰ ਬਾਹਰ ਕੱਢ ਦੇਣਾ, ਸਲਿਮ ।"

ਸਲਿਮ ਘੁੜਸਾਲ ਵਾਲੇ ਦੇ ਮਗਰ ਮਗਰ ਕਮਰੇ ਵਿਚੋਂ ਚਲਾ ਗਿਆ ।

ਜਾਰਜ ਤਾਸ਼ ਦੇ ਪੱਤੇ ਵੰਡਣ ਲਗ ਪਿਆ । ਵ੍ਹਿਟ ਨੇ ਆਪਣੇ ਪੱਤੇ ਚੁੱਕ ਲਏ ਅਤੇ ਉਨ੍ਹਾਂ ਨੂੰ ਵੇਖ ਕੇ ਬੋਲਿਆ, "ਤੁਸੀਂ ਨਵੀਂ ਚਿੜੀ ਨੂੰ ਵੇਖਿਆ ਹੈ ?"

ਜਾਰਜ ਨੇ ਪੁੱਛਿਆ, "ਕਿਹੜੀ ਚਿੜੀ ?"

'"ਓਏ, ਉਹ ਹੀ, ਕਰਲੀ ਦੀ ਨਵੀਂ ਵਹੁਟੀ ।"

"ਹਾਂ, ਵੇਖਿਆ ਹੈ, ਉਸ ਨੂੰ ।"

"ਹੈ ਨਾ ਪਟਾਕੇ ਵਰਗੀ ?"

ਜਾਰਜ ਨੇ ਉੱਤਰ ਦਿੱਤਾ, "ਇੰਨੀ ਗੱਲ ਤਾਂ ਮੈਂ ਹਾਲੇ ਉਸ ਵਿਚ ਨਹੀਂ ਵੇਖੀ ।"

ਵ੍ਹਿਟ ਨੇ ਆਪਣੇ ਪੱਤੇ ਟਿਕਾਣੇ ਰੱਖ ਦਿੱਤੇ । "ਜੇਕਰ ਤੁਸੀਂ ਅੱਖਾਂ ਖੋਲ੍ਹ ਕੇ ਰਹੋਗੇ, ਤਾਂ ਬਹੁਤ ਕੁਝ ਵੇਖੋਗੇ। ਉਹ ਕੁਝ ਵੀ ਲੁਕੋ ਕੇ ਨਹੀਂ ਰੱਖਦੀ । ਉਸ ਵਰਗੀ ਤੀਵੀਂ ਮੈਂ ਹੋਰ ਕੋਈ ਨਹੀਂ ਵੇਖੀ । ਉਹ ਤਾਂ ਹਰ ਵੇਲੇ ਹੀ ਜਣੇ ਖਣੇ ਨਾਲ ਅੱਖਾਂ ਮਟਕਾਉਂਦੀ ਰਹਿੰਦੀ ਹੈ । ਮੈਂ ਤਾਂ ਸ਼ਰਤ ਲਾ ਸਕਦਾ ਹਾਂ ਕਿ ਉਹ ਘੁੜਸਾਲ ਵਾਲੇ ਨਾਲ ਅੱਖ ਲੜਾਉਂਦੀ ਹੈ । ਖੌਰੇ, ਉਹ ਕੀ ਚਾਹੁੰਦੀ ਹੈ ।"

ਜਾਰਜ ਨੇ ਜਿਵੇਂ ਸੁੱਤੇ ਸਿੱਧ ਹੀ ਪੁੱਛ ਲਿਆ, “ਕੀ ਜਦੋਂ ਤੋਂ ਉਹ ਇੱਥੇ ਆਈ ਹੈ, ਕੋਈ ਗੱਲ ਹੋਈ ਹੈ ?"

ਸਪੱਸ਼ਟ ਸੀ ਕਿ ਵ੍ਹਿਟ ਨੂੰ ਤਾਸ਼ ਖੇਡਣ ਵਿਚ ਰਤਾ ਵੀ ਦਿਲਚਸਪੀ ਨਹੀਂ ਸੀ । ਉਸ ਨੇ ਆਪਣੇ ਹਥਲੇ ਪੱਤੇ ਹੇਠਾਂ ਪਟਕਾ ਦਿੱਤੇ । ਜਾਰਜ ਨੇ ਪੱਤੇ ਚੁੱਕ ਲਏ ਅਤੇ ਇਕ ਦੂਜੇ ਦੇ ਉਤੇ ਟਿਕਾਉਣ ਲੱਗ ਪਿਆ ।

ਵ੍ਹਿਟ ਬੋਲਿਆ, "ਮੈਂ ਸਮਝ ਲਈ ਹੈ, ਤੁਹਾਡੀ ਗੱਲ। ਨਹੀਂ, ਨਹੀਂ, ਹਾਲੀ ਤੱਕ ਉਂਜ ਤਾਂ ਕੁਝ ਨਹੀਂ ਹੋਇਆ । ਪਰ ਕਰਲੀ ਦੀ ਬਹੁਤ ਭੰਡੀ ਹੋ ਰਹੀ ਹੈ। ਜਿਥੇ ਵੀ ਕਾਮੇ ਹੋਣ, ਭਾਂਵੇ ਵੱਡੇ ਕਮਰੇ ਵਿਚ ਜਾਂ ਖਾਣਾ ਖਾਣ ਵਾਲੇ ਕਮਰੇ ਵਿਚ ਜਾਂ ਬਾਹਰ ਕਿਧਰੇ ਵੀ ਹੋਣ, ਉਹ ਉਥੇ ਹੀ ਆ ਧਮਕਦੀ ਹੈ । ਉਹ ਜਾਂ ਤਾਂ ਕਰਲੀ ਨੂੰ ਢੂੰਡਣ ਦਾ ਬਹਾਨਾ ਕਰਦੀ ਹੁੰਦੀ ਹੈ, ਜਾਂ ਫਿਰ ਕਿਸੇ ਹੋਰ ਗੁਆਚੀ ਹੋਈ ਚੀਜ਼ ਨੂੰ ਲੱਭਣ ਦੀ ਗੱਲ ਕਰਦੀ ਹੈ । ਇੰਜ ਲੱਗਦਾ ਹੈ ਕਿ ਮਰਦਾਂ ਦੁਆਲੇ ਚੱਕਰ ਕੱਟਣ ਤੋਂ ਬਿਨਾਂ ਉਸ ਨੂੰ ਚੈਨ ਨਹੀਂ ਆਉਂਦੀ । ਇਸ ਕਾਰਣ ਕਰਲੀ ਸੜ ਕੇ ਸੁਆਹ ਹੋਇਆ ਰਹਿੰਦਾ ਹੈ । ਪਰ ਹਾਲੀ ਤੱਕ ਕੁਝ ਹੋਰ ਨਹੀਂ ਹੋਇਆ ।”

ਜਾਰਜ ਬੋਲਿਆ, "ਉਹ ਘੜਮੱਸ ਪਾਉਣ ਤੇ ਤੁਲੀ ਹੈ । ਉਹ ਤਾਂ ਨਿਰੀ ਬਰੂਦ ਹੈ, ਬਰੂਦ । ਮਾੜੀ ਜਿੰਨੀ ਤੀਲੀ ਵੀ ਲਗ ਗਈ, ਤਾਂ ਉਹ ਭਾਂਬੜ ਮਚਾ ਦੇਵੇਗੀ । ਇਹ ਸਹੁਰੇ ਕਰਲੀ ਨੇ ਬੈਠਿਆਂ ਬਿਠਾਇਆ ਇਕ ਬਲਾ ਨੂੰ ਆਪਣੇ ਘਰ ਸੱਦ ਲਿਆ ਹੈ। ਵਾੜੇ ਦੇ ਵਿਚ, ਜਿੱਥੇ ਕਿ ਇੰਨੇ ਮਰਦ ਰਹਿੰਦੇ ਹੋਣ, ਕਿਸੇ ਤੀਵੀਂ ਲਈ ਠੀਕ ਥਾਂ ਨਹੀਂ ਹੋ ਸਕਦੀ। ਉਸ ਵਰਗੀ ਤੀਵੀਂ ਲਈ ਤਾਂ ਇਹ ਵਾੜੇ ਉੱਕਾ ਹੀ ਠੀਕ ਥਾਂ ਨਹੀਂ ਹਨ ।”

ਵ੍ਹਿਟ ਨੇ ਆਪਣਾ ਸਿਰ ਹਿਲਾ ਕੇ ਹੁੰਗਾਰਾ ਭਰ ਦਿੱਤਾ ਕਿ ਵਾੜਾ ਉਸ ਵਰਗੀ ਤੀਵੀਂ ਦੇ ਰਹਿਣ ਲਈ ਉੱਕਾ ਹੀ ਉਚਿਤ ਨਹੀਂ ਹੈ ।

'ਫਿਰ ਵ੍ਹਿਟ ਬੋਲਿਆ,"ਜੇਕਰ ਤੁਸੀਂ ਚਾਹੋ ਤਾਂ ਕੱਲ੍ਹ ਰਾਤੀਂ ਤੁਸੀਂ ਸਾਡੇ ਨਾਲ ਸ਼ਹਿਰ ਚੱਲਣਾ ।”

"ਕਿਉਂ ਕੀ ਗੱਲ ?”

“ਉਹੀ। ਅਸੀਂ ਬੁੱਢੀ ਸੂਸੀ ਦੇ ਘਰ ਜਾਂਦੇ ਹਾਂ। ਬੜੀ ਵਧੀਆ ਥਾਂ ਹੈ ਉਹ ਸੂਸੀ ਹੈ। ਉਹ ਵੀ ਬੜੀ ਦਿਲਚਪ—ਹਰ ਵੇਲੇ ਹਾਸਾ ਮਖੌਲ ਕਰਦੀ ਰਹਿੰਦੀ ਹੈ। ਪਿਛਲੇ ਸ਼ਨਿੱਚਰਵਾਰ ਦੀ ਰਾਤ ਨੂੰ ਅਸੀਂ ਉਸ ਦੇ ਮਕਾਨ ਦੀ ਪੋਰਚ ਕੋਲ ਪਹੁੰਚੇ, ਸੂਸੀ ਨੇ ਬੂਹਾ ਖੋਲ੍ਹਿਆ ਅਤੇ ਘੁੰਮ ਕੇ ਉੱਚੀ ਸਾਰੀ ਬੋਲੀ—ਕੁੜੀਉ ਤਿਆਰ ਹੋ ਜਾਓ, ਕੋਤਵਾਲ ਸਾਹਿਬ ਪਧਾਰੇ ਹਨ।"

ਪਰ ਉਹ ਗੰਦੀਆਂ ਗੱਲਾਂ ਨਹੀਂ ਕਰਦੀ। ਪੰਜ ਕੁੜੀਆਂ ਹਨ, ਉਥੇ। ਜਾਰਜ ਨੇ ਪੁੱਛਿਆ, "ਪੈਸੇ ਕਿੰਨੇ ਲੱਗਦੇ ਹਨ ?”

"ਢਾਈ”

“ਉਂਜ ਪੈੱਗ ਲਈ ਤਾਂ ਘੱਟ ਪੈਸੇ ਲੱਗਦੇ ਹਨ। ਜੇ ਕਿਸੇ ਬੰਦੇ ਨੇ ਕਮਰਾ ਨਾ ਲੈਣਾ ਹੋਵੇ, ਤਾਂ ਸੂਸੀ ਦੇ ਘਰ ਬੈਠਣ ਲਈ ਕੁਰਸੀਆਂ ਵੀ ਬਹੁਤ ਚੰਗੀਆਂ ਹਨ। ਜੇਕਰ ਕਿਸੇ ਕੁੜੀ ਨਾਲ ਮੌਜ ਮੇਲਾ ਨਾ ਕਰਨਾ ਚਾਹੋ, ਤਾਂ ਆਰਾਮ ਨਾਲ ਕੁਰਸੀਆਂ ਤੇ ਬੈਠ ਕੇ ਅਤੇ ਪੀ ਕੇ ਸਮਾਂ ਕੱਟ ਸਕਦੇ ਹੋ। ਸੂਸੀ ਨੂੰ ਇਸ ਗੱਲ ਤੇ ਕੋਈ ਕਿੰਤੂ ਨਹੀਂ ਹੁੰਦਾ। ਸੂਸੀ ਆਪਣੇ ਗਾਹਕਾਂ ਉਤੇ ਕੁੜੀਆਂ ਠੋਸਣ ਦੀ ਜਬਰਦਸਤੀ ਨਹੀਂ ਕਰਦੀ। ਜੇਕਰ ਮੌਜ ਮੇਲੇ ਲਈ ਕਮਰਾ ਨਾ ਚਾਹੇ, ਤਾਂ ਉਹ ਉਸ ਨੂੰ ਬਾਹਰ ਨਹੀਂ ਕੱਢਦੀ।”

ਜ਼ਾਰਜ ਨੇ ਉੱਤਰ ਦਿੱਤਾ, "ਕਿਸੇ ਵੇਲੇ ਚੱਲਕੇ ਵੇਖਾਂਗੇ।”

‘ਹਾਂ, ਹਾਂ, ਠੀਕ ਹੈ। ਜ਼ਰੂਰ ਚੱਲਣਾ। ਉੱਥੇ ਬੜਾ ਅਨੰਦ ਆਉਂਦਾ ਹੈ। ਉਹ ਹਰ ਵੇਲੇ ਠੱਠਾ ਮਖੌਲ ਕਰਦੀ ਰਹਿੰਦੀ ਹੈ। ਇਕ ਦਿਨ ਉਸ ਨੇ ਕਿਹਾ ਸੀ, "ਵੇਖੋ ਮੈਂ ਅਜਿਹੇ ਲੋਕਾਂ ਨੂੰ ਜਾਣਦੀ ਹਾਂ ਜਿਹੜੇ ਜ਼ਮੀਨ ਉੱਤੇ ਫਟੇ ਹੋਏ ਕੰਬਲ ਵਿਛਾ ਕੇ ਅਤੇ ਫੋਨੋਗ੍ਰਾਫ ਦੇ ਉਤੇ ਮੋਮੀ ਗੁੱਡੀ ਨੁਮਾ ਬੱਤੀ ਜਗਾ ਕੇ ਇਹ ਸਮਝਦੇ ਹਨ ਕਿ ਉਨ੍ਹਾਂ ਕੋਈ ਵੱਡਾ ਅੱਡਾ ਖੋਲ੍ਹਿਆ ਹੋਇਆ ਹੈ। ਉਸ ਦਾ ਇਸ਼ਾਰਾ ਕਲਾਰਾ ਦੇ ਅੱਡੇ ਵੱਲ ਸੀ। "ਵਿਟ ਨੇ ਸਮਝਾਉਂਦਿਆਂ ਹੋਇਆਂ ਕਿਹਾ, "ਫਿਰ ਇਕ ਦਿਨ ਕਹਿਣ ਲੱਗੀ, 'ਮੈਂ ਜਾਣਦੀ ਹਾਂ ਤੁਹਾਨੂੰ ਮੁੰਡਿਆਂ ਨੂੰ ਅਸਲ ਵਿਚ ਕਿਹੜੀ ਚੀਜ਼ ਚਾਹੀਦੀ ਹੈ। "ਕਹਿਣ ਲੱਗੀ, ਮੇਰੀਆਂ ਕੁੜੀਆਂ ਸਾਫ ਸੁਥਰੀਆਂ ਹਨ। ਮੇਰੀ ਵਿਸਕੀ ਵਿਚ ਵੀ ਪਾਣੀ ਦੀ ਮਿਲਾਵਟ ਨਹੀਂ ਹੁੰਦੀ।

ਜੇਕਰ ਕੋਈ ਗੁੱਡੀ ਨੁਮਾ ਬੱਤੀ ਵੇਖਣਾ ਚਾਹੁੰਦਾ ਹੈ ਅਤੇ ਰੋਗ ਮੁੱਲ ਲੈਣਾ ਚਾਹੁੰਦਾ ਹੈ ਤਾਂ ਉਹ ਨਿਸ਼ੰਗ ਹੋ ਕੇ ਉਧਰ ਚੱਲਾ ਜਾਵੇ । ਇਥੇ ਅਜਿਹੇ ਬੰਦੇ ਵੀ ਹਨ ਜਿਨ੍ਹਾਂ ਦੀਆਂ ਲੱਤਾਂ ਰੋਗੀ ਹੋ ਕੇ ਮੁੜ ਗਈਆਂ ਹਨ । ਕਿਉਂਕਿ ਉਹ ਗੁੱਡੀ ਨੁਮਾ ਬੱਤੀ ਦੇ ਚਾਹਵਾਨ ਸਨ ।"

ਜਾਰਜ ਨੇ ਪੁੱਛਿਆ, "ਦੂਜੇ ਚਕਲੇ ਦੀ ਮਾਲਿਕ ਕਲਾਰਾ ਹੈ ।"

ਵ੍ਹਿਟ ਨੇ 'ਹਾਂ' ਵਿਚ ਉੱਤਰ ਦਿੱਤਾ ਅਤੇ ਫਿਰ ਬੋਲਿਆ, "ਅਸੀਂ ਉਥੇ ਕਦੀ ਵੀ ਨਹੀਂ ਜਾਂਦੇ । ਕਲਾਰਾ ਦੇ ਰੇਟ ਵੀ ਜ਼ਿਆਦਾ ਹਨ— ਮੌਜ-ਮੇਲੇ ਲਈ ਤਿੰਨ ਡਾਲਰ ਲੈਂਦੀ ਹੈ ਅਤੇ ਇਕ ਪੈੱਗ ਦੇ ਪੈਂਤੀ ਸੈਂਟ ਲਾਉਂਦੀ ਹੈ । ਉਹ ਠੱਠਾ ਮਖੌਲ ਵੀ ਨਹੀਂ ਕਰਦੀ। ਸੂਸੀ ਦੀ ਥਾਂ ਐਨ ਸਾਫ ਸੁਥਰੀ ਹੈ। ਅਤੇ ਉਸ ਕੋਲ ਕੁਰਸੀਆਂ ਵੀ ਚੰਗੀਆਂ ਹਨ । ਅੰਦਰ ਘੜਮੱਸ ਨਹੀਂ ਪੈਣ ਦਿੰਦੀ।"

ਜਾਰਜ ਨੇ ਕਿਹਾ, "ਮੈਂ ਅਤੇ ਲੈਨੀ ਕੁਝ ਪੈਸੇ ਜਮ੍ਹਾਂ ਕਰ ਰਹੇ ਹਾਂ । ਮੈਂ ਉਥੇ ਜਾ ਕੇ ਕੁਝ ਚਿਰ ਬੈਠ ਆਵਾਂਗਾ ਅਤੇ ਇਕ ਅੱਧਾ ਪੈੱਗ ਵੀ ਪੀ ਲਵਾਂਗਾ। ਪਰ ਮੈਂ ਢਾਈ ਡਾਲਰ ਵਾਲਾ ਕੰਮ ਨਹੀਂ ਕਰਨਾ ।"

ਵ੍ਹਿਟ ਨੇ ਕਿਹਾ, 'ਭਰਾਵਾ, ਆਦਮੀ ਨੂੰ ਕਦੇ ਕਦਾਈਂ ਕੁਝ ਮੌਜ ਵੀ ਕਰ ਲੈਣੀ ਚਾਹੀਦੀ ਹੈ।"

ਬੂਹਾ ਖੁੱਲਿਆ ਅਤੇ ਲੈਨੀ ਚੁੱਪ-ਚਾਪ ਜਾ ਕੇ ਆਪਣੇ ਫੱਟੇ ਉਤੇ ਬੈਠ ਗਿਆ। ਉਸ ਨੇ ਕੋਸ਼ਿਸ਼ ਕੀਤੀ ਕਿ ਕਿਸੇ ਦੀ ਨਿਗਾਹ ਉਸ ਉਤੇ ਨਾ ਪਵੇ । ਕਾਰਲਸਨ ਨੇ ਆਪਣੇ ਫੱਟੇ ਦੇ ਹੇਠੋਂ ਝੁਕ ਕੇ, ਆਪਣਾ ਝੋਲਾ ਕੱਢਿਆ। ਉਸ ਨੇ ਬੁੱਢੇ ਕੈਂਡੀ ਵੱਲ ਵੀ ਨਾ ਵੇਖਿਆ ਜਿਹੜਾ ਹਾਲੀ ਤੱਕ ਵੀ ਕੰਧ ਵਲ ਮੂੰਹ ਮੋੜ ਕੇ ਅਹਿੱਲ ਪਿਆ ਹੋਇਆ ਸੀ । ਕਾਰਲਸ ਨੇ ਆਪਣੇ ਝੋਲੇ ਵਿਚੋਂ ਬੰਦੂਕ ਸਾਫ਼ ਕਰਨ ਦੀ ਤਾਰ ਅਤੇ ਤੇਲ ਦਾ ਡੱਬਾ ਕੱਢਿਆ। ਉਸ ਨੇ ਇਹ ਚੀਜ਼ਾਂ ਬਿਸਤਰੇ ਉਤੇ ਰੱਖ ਦਿੱਤੀਆਂ ਅਤੇ ਫਿਰ ਪਿਸਤੌਲ ਦਾ ਘੋੜਾ ਛੁੱਟਣ ਦੀ ਆਵਾਜ਼ ਆਈ ਤਾਂ ਕੈਂਡੀ ਨੇ ਇਕ ਦਮ-ਮੁੜ ਕੇ ਰਤਾ ਕੁ ਪਿਸਤੌਲ ਵੱਲ ਵੇਖਿਆ ਅਤੇ ਮੁੜ ਪਹਿਲਾਂ ਵਾਂਗ ਹੀ ਪਾਸਾ ਮੋੜ ਕੇ ਲੇਟ ਗਿਆ।

ਕਾਰਲਸਨ ਨੇ ਪਿਸਤੌਲ ਸਾਫ ਕਰਦਿਆਂ ਪੁੱਛਿਆ, "ਕੀ ਕਰਲੀ ਹੁਣੇ ਜਿਹੇ ਇੱਥੇ ਆਇਆ ਸੀ ?"

"ਨਹੀਂ" ਵਿਟ ਨੇ ਉੱਤਰ ਦਿੱਤਾ, "ਕਿਉਂ, ਕੀ ਹੋਇਆ ਹੈ । ਕਰਲੀ ਨੂੰ ।"

ਕਾਰਲਸਨ ਇਕ ਅੱਖ ਬੰਦ ਕਰਕੇ ਆਪਣੀ ਪਿਸਤੌਲ ਦੀ ਨਾਲੀ ਵਿਚ ਵੇਖ਼ਣ ਲੱਗ ਪਿਆ । "ਆਪਣੀ ਵਹੁਟੀ ਨੂੰ ਢੂੰਡਦਾ ਪਿਆ ਸੀ । ਮੈਂ ਉਸ ਨੂੰ ਬਾਹਰ ਇਧਰ ਉਧਰ ਚੱਕਰ ਮਾਰਦੇ ਵੇਖਿਆ ਹੈ ।"

ਵ੍ਹਿਟ ਨੇ ਟਕੋਰ ਮਾਰ ਕੇ ਕਿਹਾ, "ਅੱਧਾ ਸਮਾਂ ਤਾਂ ਉਹ ਵਹੁਟੀ ਨੂੰ ਢੂੰਡਦਾ ਰਹਿੰਦਾ ਹੈ ਅਤੇ ਬਾਕੀ ਅੱਧਾ ਸਮਾਂ ਵਹੁਟੀ ਉਸ ਨੂੰ ਢੂੰਡਦੀ ਰਹਿੰਦੀ ਹੈ ।"

ਉਸੇ ਵੇਲੇ ਕਰਲੀ ਅੱਗੋਂ-ਅੱਗ ਹੋਇਆ ਕਮਰੇ ਵਿਚ ਆ ਵੜਿਆ। ਤੁਹਾਡੇ ਵਿਚੋਂ ਕਿਸੇ ਨੇ ਮੇਰੀ ਵਹੁਟੀ ਨੂੰ ਵੇਖਿਆ ਹੈ? "ਉਸ ਨੇ ਰਤਾ ਕੁ ਘਾਬਰੇ ਹੋਏ ਅਤੇ ਹੁਕਮਰਾਨਾ ਲਹਿਜੇ ਵਿਚ ਪੁੱਛਿਆ।

ਵਿਟ ਨੇ ਉੱਤਰ ਦਿੱਤਾ, "ਇੱਥੇ ਤਾਂ ਨਹੀਂ ਆਈ। ਕਰਲੀ ਨੇ ਅਤਿਅੰਤ ਗੁੱਸੇ ਦੀ ਭਾਵਨਾ ਨਾਲ ਕਮਰੇ ਵਿਚ ਚਾਰੇ ਪਾਸੇ ਨਜ਼ਰ ਮਾਰੀ । ਉਸ ਦੀਆਂ ਨਜ਼ਰਾਂ ਵਿਚ ਧਮਕੀ ਦੇਣ ਦੇ ਕੁਝ ਅਜੀਬ ਜਿਹੇ ਭਾਵ ਸਨ । ਉਸ ਨੇ ਚੀਕ ਕੇ ਪੁੱਛਿਆ "ਉਹ ਸਲਿਮ ਕਿੱਥੇ ਹੈ?"

ਜਾਰਜ ਨੇ ਉੱਤਰ ਦਿੱਤਾ, "ਬਾਹਰ ਢਾਰੇ ਵੱਲ ਗਿਆ ਹੈ। ਉਸ ਦੀ ਖੱਚਰ ਦੇ ਖੁਰ ਪਾਟ ਗਏ ਹਨ । ਉਨ੍ਹਾਂ ਨੂੰ ਤਾਰਕੋਲ ਲਾਉਣ ਲਈ ਗਿਆ ਹੈ ?"

ਕਰਲੀ ਦੇ ਮੋਢੇ ਹੇਠਾਂ ਵੱਲ ਲਮਕ ਗਏ ।" ਉਸ ਨੂੰ ਗਿਆਂ ਕਿੰਨੀ ਦੇਰ ਹੋਈ ਹੈ?" "ਪੰਜ-ਦਸ ਮਿੰਟ ਹੋਏ ਹਨ ।"

ਕਰਲੀ ਛਾਲ ਮਾਰ ਕੇ ਬੂਹੇ ਤੋਂ ਬਾਹਰ ਨਿੱਕਲ ਗਿਆ । ਉਸ ਨੇ ਜਾਂਦਿਆਂ ਜਾਂਦਿਆਂ ਜ਼ੋਰ ਨਾਲ ਤਖ਼ਤੇ ਬੰਦ ਕਰ ਦਿੱਤੇ ।

ਕਰਲੀ ਦੇ ਬਾਹਰ ਨਿਕਲਣ ਸਾਰ ਹੀ ਵ੍ਹਿਟ ਵੀ ਉਤਸੁਕਤਾ ਨਾਲ ਉੱਠਿਆ ਅਤੇ ਜਿਵੇਂ ਸਭਨਾਂ ਨੂੰ ਸੁਣਾਉਂਦਾ ਹੋਵੇ, ਬੋਲਿਆ, "ਮੇਰੀ ਰਾਏ ਵਿਚ ਇਹ ਮਾਮਲਾ ਵੇਖਣਾ ਚਾਹੀਦਾ ਹੈ । ਲੱਗਦਾ ਹੈ ਕਿ ਕਰਲੀ ਮਰਨ ਮਾਰਨ ਉਤੇ ਤੁਲਿਆ ਹੋਇਆ ਹੈ । ਨਹੀਂ ਤਾਂ

ਉਹ ਸਲਿਮ ਦੇ ਮਗਰ ਨਾ ਜਾਂਦਾ। ਕਰਲੀ ਹੈ ਵੀ ਤਕੜਾ, ਜ਼ਿਆਦਾ ਹੀ ਤਕੜਾ ਹੈ। ਉਹ ਗੋਲਡਨ ਗਲੱਵਜ਼ ਦੇ ਬਾਕਸਿੰਗ ਦੇ ਮੈਚਾਂ ਵਿਚ ਫ਼ਾਈਨਲ ਵਿਚ ਪਹੁੰਚ ਗਿਆ ਸੀ। ਉਸ ਕੋਲ ਮੈਚ ਦੀਆਂ ਖਬਰਾਂ ਦੀਆਂ ਕਟਿੰਗਜ਼ ਵੀ ਹਨ। “ਫਿਰ ਉਹ ਰਤਾ ਕੁ ਸੋਚ ਕੇ ਬੋਲਿਆ, “ਪਰ ਜੇ ਉਹ ਸਲਿਮ ਨਾਲ ਪੰਗਾ ਨਾ ਲਵੇ, ਤਾਂ ਹੀ ਚੰਗਾ ਹੈ। ਕੋਈ ਕੀ ਜਾਣੇ ਕਿ ਸਲਿਮ ਕੀ ਕਰ ਬੈਠੇ।”

“ਉਹ ਤਾਂ ਇਹੀ ਸੋਚਦਾ ਹੈ ਕਿ ਉਸ ਦੀ ਵਹੁਟੀ ਦੇ ਨਾਲ ਸਲਿਮ ਦੀ ਅੱਖ ਲੱਗੀ ਹੈ। ਕਿਉਂ ਠੀਕ ਹੈ ਨਾ ?" ਜਾਰਜ ਬੋਲਿਆ।

ਵ੍ਹਿਟ ਨੇ ਉੱਤਰ ਦਿੱਤਾ, ''ਲੱਗਦਾ ਤਾਂ ਇਵੇਂ ਹੀ ਹੈ। ਪਰ ਉਸ ਦਾ ਇਹ ਅੰਦਾਜ਼ਾ ਠੀਕ ਨਹੀਂ ਹੈ। ਘੱਟ ਤੋਂ ਘੱਟ ਮੈਂ ਤਾਂ ਸਲਿਮ ਬਾਰੇ ਅਜਿਹੀ ਗੱਲ ਨਹੀਂ ਸੋਚਦਾ। ਪਰ ਜੇਕਰ ਕੁਝ ਘਸੁੰਨ ਮੁੱਕੀ ਹੋ ਜਾਵੇ ਤਾਂ ਬੜਾ ਸੁਆਦ ਆਵੇਗਾ। ਚਲੋ, ਚੱਲੀਏ।”

ਜਾਰਜ ਬੋਲਿਆ, “ਭਰਾਵਾ, ਮੈਂ ਤਾਂ ਇੱਥੇ ਹੀ ਰਹਾਂਗਾ, ਮੈਂ ਕਿਸੇ ਝਮੇਲੇ ਵਿਚ ਨਹੀਂ ਫਸਣਾ ਚਾਹੁੰਦਾ। ਮੈਂ ਅਤੇ ਲੈਨੀ ਨੇ ਮਿਲ ਕੇ ਥੋੜੇ ਬਹੁਤ ਪੈਸੇ ਜੋੜਨੇ ਹਨ।

ਕਾਰਲਸਨ ਨੇ ਪਿਸਤੌਲ ਦੀ ਸਫ਼ਾਈ ਮੁਕੰਮਲ ਕਰ ਲਈ ਸੀ ਅਤੇ ਉਸ ਨੂੰ ਮੁੜ ਆਪਣੇ ਝੋਲੇ ਵਿਚ ਰੱਖ ਕੇ ਝੋਲੇ ਨੂੰ ਫੱਟੇ ਦੇ ਥੱਲੇ ਵਾੜ ਦਿੱਤਾ। ਉਸ ਨੇ ਕਿਹਾ, “ਮੈ ਚਾਹੁੰਦਾ ਹਾਂ ਕਿ ਰਤਾ ਕ ਉਥੇ ਜਾ ਕੇ ਵੇਖ ਆਵਾਂ।”

ਬੁੱਢਾ ਕੈਂਡੀ ਚੁੱਪ ਕੀਤੇ ਪਿਆ ਰਿਹਾ। ਲੈਨੀ ਆਪਣੇ ਫੱਟੇ ਤੋਂ ਹੀ ਬੜੀ ਨੀਝ ਨਾਲ ਜਾਰਜ ਵਲ ਤੱਕਦਾ ਰਿਹਾ। ਵ੍ਹਿਟ ਅਤੇ ਕਾਰਲਸਨ ਬਾਹਰ ਚਲੇ ਗਏ।

ਵ੍ਹਿਟ ਦੇ ਜਾਣ ਮਗਰੋਂ ਜਦੋਂ ਬੂਹਾ ਬੰਦ ਹੋ ਗਿਆ, ਤਾਂ ਜਾਰਜ ਲੈਨੀ ਵੱਲ ਮੁੜਿਆ ਅਤੇ ਉਸ ਨੂੰ ਪੁੱਛਿਆ, "ਕੀ ਗੱਲ ਹੈ,”

“ਮੈਂ ਕੁਝ ਨਹੀਂ ਕੀਤਾ, ਜਾਰਜ, ਸਲਿਮ ਨੇ ਕਿਹਾ ਸੀ ਕਿ ਮੈਂ ਉਨ੍ਹਾਂ ਕਤੂਰਿਆਂ ਨੂੰ ਹਾਲੀ ਕੁਝ ਦਿਨ ਬਹੁਤਾ ਨਾ ਪਲੋਸਾਂ। ਉਸ ਨੇ ਕਿਹਾ ਸੀ ਕਿ ਬਹੁਤੀ ਜ਼ਿਆਦਾ ਛੇੜ ਛਾੜ ਕਰਨੀ ਕਤੂਰਿਆਂ ਲਈ ਠੀਕ ਨਹੀਂ। ਇਸ ਲਈ ਮੈਂ ਇਥੇ ਆ ਗਿਆ ਜਾਰਜ, ਮੈਂ ਕੋਈ ਬੁਰਾ ਕੰਮ ਨਹੀਂ ਕੀਤਾ।”

ਜਾਰਜ ਬੋਲਿਆ, "ਮੈਂ ਵੀ ਤੈਨੂੰ ਇਹੋ ਕਹਿਣਾ ਚਾਹੁੰਦਾ ਸਾਂ ।"

"ਪਰ ਮੈਂ ਕਤੂਰਿਆਂ ਨੂੰ ਹਾਲੀ ਕੁਝ ਦਿਨ ਦੁੱਖ ਨਹੀਂ ਦੇ ਰਿਹਾ ਸਾਂ । ਮੈਂ ਤਾਂ ਕੇਵਲ ਆਪਣੇ ਵਾਲੇ ਕਤੂਰੇ ਨੂੰ ਆਪਣੀ ਗੋਦੀ ਵਿਚ ਰੱਖ ਕੇ ਪਲੋਸ ਰਿਹਾ ਸਾਂ ।"

ਜਾਰਜ ਨੇ ਪੁੱਛਿਆ, "ਕੀ ਤੂੰ ਢਾਰੇ ਵਿਚ ਸਲਿਮ ਨੂੰ ਵੇਖਿਆ ਸੀ ?"

"ਹਾਂ, ਹਾਂ ਵੇਖਿਆ ਸੀ । ਉਸ ਨੇ ਮੈਨੂੰ ਕਿਹਾ ਸੀ ਕਿ ਮੈਂ ਉਸ ਕਤੂਰੇ ਨੂੰ ਬਹੁਤਾ ਨਾ ਪਲੋਸਾਂ ।"

"ਤੂੰ ਉਸ ਕੁੜੀ ਨੂੰ ਵੀ ਵੇਖਿਆ ਸੀ ?"

"ਤੁਹਾਡਾ ਭਾਵ ਹੈ, ਕਰਲੀ ਦੀ ਵਹੁਟੀ ਨੂੰ ?"

"ਕੀ ਉਹ ਢਾਰੇ ਵਿਚ ਆਈ ਸੀ ?"

"ਨਹੀਂ, ਮੈਂ ਉਸ ਨੂੰ ਉੱਕਾ ਹੀ ਨਹੀਂ ਵੇਖਿਆ ।"

"ਤੂੰ ਉਸ ਨੂੰ ਸਲਿਮ ਨਾਲ ਗੱਲਾਂ ਕਰਦਿਆਂ ਨਹੀਂ ਵੇਖਿਆ ?"

"ਨਹੀਂ, ਨਹੀਂ ਉਹ ਢਾਰੇ ਵਿਚ ਨਹੀਂ ਆਈ ।"

"ਚੰਗਾ, ਫਿਰ ਜਾਰਜ ਜਿਵੇਂ ਆਪਣੇ ਆਪ ਨੂੰ ਹੀ ਬੋਲਿਆ ਹੋਵੇ, ਤਾਂ ਮੇਰਾ ਖਿਆਲ ਹੈ ਕਿ ਉਹ ਲੋਕੀਂ ਕੋਈ ਲੜਾਈ ਝਗੜਾ ਹੁੰਦਾ ਨਹੀਂ ਵੇਖ ਸਕਣਗੇ । ਫਿਰ ਮੂੰਹ ਭੁਆ ਕੇ ਲੈਨੀ ਨੂੰ ਕਹਿਣ ਲੱਗਾ, "ਵੇਖ ਲੈਨੀ ਜੇਕਰ ਕੋਈ ਲੜਾਈ ਝਗੜਾ ਹੋ ਜਾਵੇ, ਤਾਂ ਤੂੰ ਉਸ ਤੋਂ ਪਾਸੇ ਹੀ ਰਹੀਂ ।"

ਲੈਨੀ ਨੇ ਉੱਤਰ ਦਿੱਤਾ, " ਮੈਂ ਕਿਸੇ ਲੜਾਈ ਵਿੱਚ ਨਹੀਂ ਪੈਣਾ ਚਾਹੁੰਦਾ । ਉਹ ਆਪਣੇ ਫੱਟੇ ਤੋਂ ਉਠ ਕੇ ਜਾਰਜ ਦੇ ਸਾਹਮਣੇ ਮੇਜ ਉਤੇ ਬੈਠ ਗਿਆ ਜਾਰਜ ਨੇ ਬੇਧਿਆਨੀ ਵਿਚ ਹੀ ਤਾਸ਼ ਫੈਂਟੀ ਅਤੇ ਇਕ ਪੱਤੇ ਉਤੇ ਦੂਜਾ ਪੱਤਾ ਸੁੱਟਣ ਲੱਗ ਪਿਆ। ਪੱਤੇ ਸੁੱਟਣ ਦੀ ਉਸ ਦੀ ਕਿਰਿਆ ਬੜੀ ਹੌਲੀ ਸੀ ਅਤੇ ਪ੍ਰਤੀਤ ਹੁੰਦਾ ਸੀ ਕਿ ਉਹ ਜਾਣ ਬੁੱਝ ਕੇ ਅਤੇ ਕਾਫ਼ੀ ਸੋਚ ਸੋਚ ਕੇ ਪੱਤੇ ਸੁੱਟਦਾ ਪਿਆ ਹੋਵੇ ।

ਲੈਨੀ ਨੇ ਇਕ ਪੱਤਾ ਚੁੱਕ ਲਿਆ । ਉਹ ਇੱਟ ਦਾ ਬਾਦਸ਼ਾਹ ਸੀ । ਉਹ ਉਸ ਨੂੰ ਬੜੀ ਨੀਝ ਨਾਲ ਵੇਖਣ ਲੱਗ ਪਿਆ । ਪਹਿਲਾਂ ਉਪਰੋਂ, ਫਿਰ ਪੁੱਠਾ ਕਰਕੇ ਥੱਲਵੇਂ ਪਾਸੇ

ਤੋਂ। ਉਹ ਬੁੜ-ਬੁੜਾਇਆ, “ਦੋਵੇਂ ਸਿਰੇ ਇਕੋ ਜਿਹੇ ਹਨ ।" ਫਿਰ ਬੋਲਿਆ, “ ਜਾਰਜ, ਦੋਵੇਂ ਸਿਰੇ ਇਕੋ ਤਰ੍ਹਾਂ ਦੇ ਕਿਉਂ ਹਨ ?"

ਜਾਰਜ ਨੇ ਉੱਤਰ ਦਿੱਤਾ, “ਮੈਨੂੰ ਨਹੀਂ ਪਤਾ, ਤਾਸ਼ ਇਵੇਂ ਹੀ ਬਣਾਈ ਜਾਂਦੀ ਹੈ । “ਫਿਰ ਰਤਾ ਕੁ ਠਠੰਬਰ ਕੇ ਉਸ ਨੇ ਪੁੱਛਿਆ, “ਜਦੋਂ ਤੂੰ ਸਲਿਮ ਨੂੰ ਘੁੜਸਾਲ ਵਿੱਚ ਵੇਖਿਆ ਸੀ, ਤਾਂ ਉਹ ਕੀ ਕਰ ਰਿਹਾ ਸੀ ?”

"ਸਲਿਮ?"

“ਹਾਂ, ਹਾਂ, ਤੂੰ ਉਸ ਨੂੰ ਢਾਰੇ ਵਿਚ ਤਾਂ ਵੇਖਿਆ ਸੀ ਨਾ ਅਤੇ ਉਸ ਨੇ ਤੈਨੂੰ ਕਿਹਾ ਸੀ ਕਿ ਤੂੰ ਕਤੂਰਿਆਂ ਨੂੰ ਬਹੁਤਾ ਨਾ ਪਲੋਸ ।"

“ਹਾਂ, ਹਾਂ, ਉਸ ਦੇ ਹੱਥ ਵਿਚ ਤਾਰਕੋਲ ਦਾ ਡੱਬਾ ਅਤੇ ਇਕ ਬੁਰਸ਼ ਸੀ । ਪਤਾ ਨਹੀਂ, ਉਸ ਨੇ ਕੀ ਕਰਨਾ ਸੀ ?’

“ ਉਹ ਜਿਹੜੀ ਕੁੜੀ ਅੱਜ ਇਥੇ ਆ ਗਈ ਸੀ, ਕੀ ਤੈਨੂੰ ਪੱਕਾ ਪਤਾ ਹੈ ਕਿ ਉਹ ਉਥੇ ਬਿਲਕੁਲ ਨਹੀਂ ਆਈ ਸੀ ?"

“ਨਹੀਂ, ਉਹ ਨਹੀਂ ਆਈ ਸੀ ।"

ਜਾਰਜ ਨੇ ਲੰਮਾ ਸਾਰਾ ਸਾਹ ਲਿਆ। “ ਇਸ ਥਾਂ ਤੋਂ ਤਾਂ ਕੋਈ ਚਕਲਾ ਹਜ਼ਾਰ ਗੁਣਾ ਚੰਗਾ ਹੁੰਦਾ ਹੈ ।" ਉਹ ਬੋਲਿਆ, “ ਉਥੇ ਜਾਓ। ਸ਼ਰਾਬ ਪੀ ਲਵੋ ਅਤੇ ਜੋ ਜੀ ਚਾਹੇ ਕਰ ਲਵੋ । ਕੋਈ ਪੰਗਾ ਜਾਂ ਟੰਟਾ ਤਾਂ ਨਹੀਂ ਪੈਂਦਾ । ਇਹ ਵੀ ਪੱਕੀ ਤਰ੍ਹਾਂ ਪਤਾ ਹੁੰਦਾ ਹੈ ਕਿ ਇੰਨੇ ਪੈਸੇ ਦੇਣੇ ਪੈਣਗੇ ਪਰ ਇਸ ਥਾਂ ਵਿਚ ਤਾਂ... ...ਇਹ ਥਾਂ ਤਾਂ ਚੂਹਿਆਂ ਦੇ ਪਿੰਜਰੇ ਸਮਾਨ ਹੈ । ਕੋਈ ਭਰੋਸਾ ਹੀ ਨਹੀਂ । ਰਤਾ ਕੁ ਫਿਸਲ ਜਾਓ ਅਤੇ ਬਸ ਫਸ ਜਾਓ, ਉਹ ਹੋ।”

ਲੈਨੀ ਜਾਰਜ ਵੱਲ ਅਜਿਹੀ ਤੱਕਣੀ ਤੱਕ ਰਿਹਾ ਸੀ, ਜਿਵੇਂ ਕਿ ਉਸ ਦੀ ਸੂਝ ਬੂਝ ਦੀ ਦਾਦ ਦੇ ਰਿਹਾ ਹੋਵੇ । ਨਾਲੋ ਨਾਲ ਹੀ ਜਾਰਜ ਦੀ ਨਕਲ ਲਾਹੁੰਦਿਆਂ ਆਪਣੇ ਬੁੱਲ੍ਹ ਵੀ ਫ਼ਰਕਾ ਰਿਹਾ ਸੀ । ਜਾਰਜ ਬੋਲਿਆ, “ਲੈਨੀ, ਤੈਨੂੰ ਐਂਡੀ ਕੁਸ਼ਮੈਨ ਦੀ ਗੱਲ ਯਾਦ ਹੈ? ਉਹ ਗ੍ਰਾਮਰ ਸਕੂਲ ਦੇ ਵਿਚ ਪੜ੍ਹਨ ਜਾਂਦਾ ਹੁੰਦਾ ਸੀ ।

"ਉਹੀ ਨਾ, ਜਿਸ ਦੀ ਮਾਂ ਉਸ ਦੇ ਸਾਥੀ ਬੱਚਿਆਂ ਲਈ ਗਰਮਾ ਗਰਮ ਕੇਕ ਬਣਾ ਦਿਆ ਕਰਦੀ ਸੀ ?"

"ਹਾਂ, ਹਾਂ, ਉਹੀ। ਜਿਸ ਗੱਲ ਵਿਚ ਖਾਣ ਪੀਣ ਦਾ ਕੋਈ ਜ਼ਿਕਰ ਆਉਂਦਾ ਹੋਵੇ, ਉਹ ਤਾਂ ਤੈਨੂੰ ਕਦੇ ਵੀ ਨਹੀਂ ਭੁਲਦੀ।"

ਜਾਰਜ ਨੇ ਇਹ ਗੱਲ ਪੱਤਿਆਂ ਵੱਲ ਧਿਆਨ ਨਾਲ ਵੇਖਦਿਆਂ ਹੋਇਆਂ ਆਖੀ ਉਸ ਨੇ ਪੱਤਿਆਂ ਦੀ ਇਕ ਦੱਥੀ ਦੇ ਉਤੇ ਇਕ ਯੱਕਾ ਰਖਿਆ। ਉਸ ਦੇ ਉਤੇ ਇੱਟ ਦੇ ਤਿੰਨ ਚਾਰ ਪੱਤੇ ਰੱਖ ਦਿੱਤੇ। ਇਸ ਵੇਲੇ ਐਂਡੀ ਕੋਈ ਕਾਰਾ ਕਰਨ ਕਰਕੇ ਸੈਨ ਕੁਐਟਿਨ ਜੇਲ੍ਹ ਵਿਚ ਹੈ।" ਜਾਰਜ ਬੋਲਿਆ।"

ਲੈਨੀ ਨੇ ਮੇਜ਼ ਉਤੇ ਆਪਣੀਆਂ ਉਂਗਲਾਂ ਨਾਲ ਤਬਲਾ ਵਜਾਉਣ ਵਾਂਗ ਆਵਾਜ਼ ਪੈਦਾ ਕੀਤੀ ਅਤੇ ਕਿਹਾ, "ਜਾਰਜ ?"

"ਹਾਂ"

"ਜਾਰਜ, ਅਸੀਂ ਕਿੰਨੇ ਕੁ ਦਿਨਾਂ ਵਿਚ ਉਹ ਥੋੜੀ ਕੁ ਜ਼ਮੀਨ ਲੈ ਸਕਾਂਗੇ, ਜਿੱਥੇ ਅਸੀਂ ਰਹਾਂਗੇ ਅਤੇ ਸਹੇ ਵੀ ਪਾਲਾਂਗੇ ?"

ਜਾਰਜ ਨੇ ਉੱਤਰ ਦਿੱਤਾ" ਮੈਨੂੰ ਨਹੀਂ ਪਤਾ, ਸਾਨੂੰ ਪਹਿਲਾਂ ਬਹੁਤ ਸਾਰੀ ਮਾਇਆ ਇਕੱਠੀ ਕਰਨੀ ਪਵੇਗੀ। ਮੈਨੂੰ ਇਕ ਥਾਂ ਦਾ ਤਾਂ ਪਤਾ ਹੈ, ਜਿਹੜੀ ਸਸਤੇ ਭਾਅ ਮਿਲ ਸਕਦੀ ਹੈ। ਪਰ ਉਹ ਲੋਕੀਂ ਹਾਲੀ ਵੇਚਣਾ ਨਹੀਂ ਚਾਹੁੰਦੇ।"

ਤਦੋਂ ਬੁੱਢੇ ਕੈਂਡੀ ਨੇ ਹੌਲੀ ਹੌਲੀ ਪਾਸਾ ਪਰਤਿਆ। ਉਸ ਦੀਆਂ ਅੱਖਾਂ ਪੂਰੀਆਂ ਖੁੱਲ੍ਹੀਆਂ ਸਨ। ਉਸ ਨੇ ਬੜੀ ਗੋਰ ਨਾਲ ਜਾਰਜ ਵੱਲ ਵੇਖਿਆ।

ਲੈਨੀ ਨੇ ਕਿਹਾ, "ਜਾਰਜ, ਉਸ ਥਾਂ ਬਾਰੇ ਮੈਨੂੰ ਦੱਸੋ।"

"ਮੈਂ ਹਾਲੀ ਕੱਲ੍ਹ ਰਾਤੀਂ ਹੀ ਤਾਂ ਤੈਨੂੰ ਸਾਰਾ ਕੁਝ ਦੱਸਿਆ ਸੀ।"

"ਦੱਸ ਦਿਉ ਜਾਰਜ ...ਫਿਰ ਦੱਸ ਦਿਓ।"

ਜਾਰਜ ਨੇ ਕਿਹਾ, "ਚੰਗਾ, ਸੁਣ ਦਸ ਏਕੜ ਭੌਂ ਹੈ। ਉਥੇ ਇੱਕ ਨਿੱਕੀ ਜਿਹੀ ਪਣ-ਚੱਕੀ ਵੀ ਹੈ। ਇਕ ਨਿੱਕੀ ਜਿਹੀ ਝੁੱਗੀ ਵੀ ਹੈ ਅਤੇ ਕਕੜੀਆਂ ਦਾ ਖੁੱਡਾ ਵੀ ਹੈ ਇਕ ਰਸੋਈ ਹੈ ਅਤੇ ਫਲਾਂ ਦਾ ਬਗੀਚਾ ਵੀ ਹੈ, ਜਿਸ ਵਿਚ ਸੇਬ ਨਾਸ਼ਪਾਤੀਆਂ, ਚੈਰੀ,

ਖੁਰਮਾਣੀ, ਆੜੂ ਅਤੇ ਅਖਰੋਟ ਵਰਗੇ ਫਲ ਲੱਗੇ ਹਨ । ਕੁਝ ਬੇਰੀਆਂ ਵੀ ਹਨ। ਉਥੇ ਘਾਹ ਦਾ ਇਕ ਪਲਾਟ ਵੀ ਹੈ ਅਤੇ ਉਸ ਨੂੰ ਸਿੰਜਣ ਲਈ ਦਰਿਆ ਦਾ ਪਾਣੀ ਵੀ ਉਪਲਬਧ ਹੈ । ਉਥੇ ਸੂਰ ਪਾਲਣ ਦੀ ਥਾਂ ਵੀ ਹੈ ।......"

"ਜਾਰਜ, ਅਤੇ ਸਹੇ ?"

"ਹਾਲੀ ਤਾਂ ਸਹਿਆਂ ਲਈ ਉਥੇ ਕੋਈ ਥਾਂ ਨਹੀਂ ਹੈ । ਪਰ ਮੈਂ ਕੁਝ ਕੁ ਸਹਿਆਂ ਵਾਸਤੇ ਖੁੱਡਾ ਸੌਖ ਨਾਲ ਹੀ ਬਣਾ ਦਿਆਂਗਾ ਅਤੇ ਤੂੰ ਉਨ੍ਹਾਂ ਨੂੰ ਘਾਹ ਖੁਆਇਆ ਕਰੀਂ ।"

ਲੈਨੀ ਖੁਸ਼ ਹੋ ਕੇ ਚੀਕ ਪਿਆ, ' ਵਾਹ ਵਾਹ ; ਮੈਂ ਉਨ੍ਹਾਂ ਨੂੰ ਘਾਹ ਖੁਆਇਆ ਕਰਾਂਗਾ । ਤੁਸੀਂ ਬਿਲਕੁਲ ਠੀਕ ਕਿਹਾ ਹੈ, ਮੈਂ ਉਨ੍ਹਾਂ ਨੂੰ ਅਵਸ਼ ਘਾਹ ਖੁਆਇਆ ਕਰਾਂਗਾ।"

ਜਾਰਜ ਦੇ ਹੱਥਾਂ ਨੇ ਤਾਸ਼ ਦੇ ਪੱਤਿਆਂ ਨਾਲ ਖਹਿਸਰਨਾ ਬੰਦ ਕਰ ਦਿੱਤਾ । ਉਸ ਦੇ ਬੋਲਾਂ ਵਿਚ ਜੋਸ਼ ਵਧਦਾ ਜਾ ਰਿਹਾ ਸੀ । ਅਤੇ ਅਸੀਂ ਕੁਝ ਸੂਰ ਵੀ ਪਾਲ ਲਵਾਂਗੇ । ਮੈਂ ਇਕ ਸੂਰ ਘਰ ਬਣਾ ਲਵਾਂਗਾ । ਜਿਸ ਵਰਗਾ ਦਾਦੇ ਦਾ ਘਰ ਹੈ । ਅਤੇ ਜਦੋਂ ਅਸੀਂ ਸੂਰ ਮਾਰਾਂਗੇ ਤਾਂ ਉਸ ਦੇ ਮਾਸ ਨੂੰ ਗਰਮ ਕਰਕੇ ਤੇ ਲੂਣ ਲਾਕੇ ਰੱਖਾਂਗੇ । ਫਿਰ ਉਸ ਤੋਂ ਅਚਾਰ ਚਟਣੀ ਅਤੇ ਅਨੇਕਾਂ ਹੋਰ ਵਸਤਾਂ ਬਣਾਵਾਂਗੇ । ਜਦੋਂ ਦਰਿਆ ਦੇ ਵਿਚ ਸਾਮਨ ਮੱਛੀਆਂ ਦੀ ਬਹੁਤਾਤ ਹੋਇਆ ਕਰੇਗੀ, ਤਦੋਂ ਅਸੀਂ ਸੌ ਮੱਛੀਆਂ ਫੜ ਕੇ ਅਤੇ ਉਨ੍ਹਾਂ ਨੂੰ ਸੁਕਾ ਕੇ ਜਾਂ ਸੇਕ ਕੇ ਤੇ ਲੂਣ ਲਾ ਕੇ ਰੱਖ ਲਿਆ ਕਰਾਂਗੇ । ਇਹ ਨਾਸ਼ਤੇ ਵੇਲੇ ਬਹੁਤ ਚੰਗੀਆਂ ਰਹਿਣਗੀਆਂ। ਸੇਕੀ ਹੋਈ ਸਾਮਨ ਮੱਛੀ ਤੋਂ ਵਧੀਆ ਹੋਰ ਕੋਈ ਵਸਤੂ ਨਹੀਂ ਹੁੰਦੀ । ਫਲਾਂ ਦੇ ਮੌਸਮ ਵਿਚ ਅਸੀਂ ਫ਼ਲਾਂ ਨੂੰ ਡੱਬਾ ਬੰਦ ਕਰ ਲਿਆ ਕਰਾਂਗੇ । ਟਮਾਟਰਾਂ ਨੂੰ ਡੱਬਾ ਬੰਦ ਕਰਨਾ ਤਾਂ ਬਹੁਤਾ ਹੀ ਸੌਖਾ ਹੁੰਦਾ ਹੈ । ਹਰ ਐਤਵਾਰ ਨੂੰ ਅਸੀਂ ਜਾਂ ਤਾਂ ਕੁੱਕੜ ਵੱਢ ਲਿਆ ਕਰਾਂਗੇ ਜਾਂ ਫਿਰ ਸਿਹਾ। ਹੋ ਸਕਦਾ ਹੈ ਕਿ ਅਸੀਂ ਕੋਈ ਗਾਂ ਜਾਂ ਬੱਕਰੀ ਵੀ ਰੱਖ ਲਈਏ । ਉਸ ਦੀ ਮਲਾਈ ਇੰਨੀ ਮੋਟੀ ਹੋਇਆ ਕਰੇਗੀ ਕਿ ਉਸ ਨੂੰ ਛੁਰੀ ਨਾਲ ਕੱਟ ਕੇ ਚਮਚੇ ਨਾਲ ਕੱਢਣਾ ਪਿਆ ਕਰੇਗਾ ।"

ਜਾਰਜ ਦੀਆਂ ਗੱਲਾਂ ਕੇਵਲ ਲੈਨੀ ਹੀ ਨਹੀਂ, ਸਗੋਂ ਕੈਂਡੀ ਵੀ ਅੱਖਾਂ ਪਾੜ ਪਾੜ ਕੇ ਸੁਣ ਰਿਹਾ ਸੀ ।

ਲੈਨੀ ਨੇ ਹੌਲੀ ਜਿਹੀ ਕਿਹਾ, "ਅਤੇ ਅਸੀਂ ਉਥੇ ਆਰਾਮ ਨਾਲ ਰਿਹਾ ਕਰਾਂਗੇ ।"

ਜਾਰਜ ਬੋਲਿਆ, "ਅਵੱਸ਼ ਹੀ, ਸਾਡੇ ਬਗੀਚੇ ਵਿਚ ਭਾਂਤ ਭਾਂਤ ਦੀਆਂ ਸਾਗ ਸਬਜ਼ੀਆਂ ਹੋਣਗੀਆਂ । ਵਿਸਕੀ ਖਰੀਦਣ ਲਈ ਅਸੀਂ ਕੁਝ ਅੰਡੇ ਜਾਂ ਥੋੜਾ ਬਹੁਤ ਦੁੱਧ ਜਾਂ ਕੋਈ ਹੋਰ ਚੀਜ਼ ਵਸਤ ਵੇਚ ਦਿਆ ਕਰਾਂਗੇ । ਬੱਸ, ਫਿਰ ਅਸੀਂ ਉਥੇ ਹੀ ਰਹਾਂਗੇ । ਉਥੋਂ ਦੇ ਹੀ ਹੋ ਜਾਵਾਂਗੇ । ਫਿਰ ਸਾਨੂੰ ਸਾਰੀ ਦੁਨੀਆਂ ਵਿਚ ਮਾਰੇ ਮਾਰੇ ਫਿਰਨ ਦੀ ਜਾਂ ਕਿਸੇ ਸਹੁਰੇ ਅਣਜਾਣ ਰਸੋਈਏ ਦਾ ਪਕਾਇਆ ਖਾਣਾ ਖਾਣ ਦੀ ਲੋੜ ਨਹੀਂ ਰਹੇਗੀ । ਨਹੀਂ ਜੀ, ਨਹੀਂ। ਜ਼ਮੀਨ ਜੋ ਸਾਡੀ ਆਪਣੀ ਹੋਵੇਗੀ । ਫਿਰ ਸਾਨੂੰ ਫੱਟਿਆਂ ਵਾਲੇ ਕਮਰੇ ਵਿਚ ਸੌਣ ਦੀ ਲੋੜ ਨਹੀ ਹੋਵੇਗੀ ।

"ਜਾਰਜ, ਘਰ ਦੇ ਬਾਰੇ ਵੀ ਤਾਂ ਕੁਝ ਦੱਸ" ਲੈਨੀ ਨੇ ਬੇਨਤੀ ਦੇ ਲਹਿਜੇ ਵਿਚ ਕਿਹਾ ।

"ਹਾਂ, ਹਾਂ, ਸਾਡਾ ਇਕ ਨਿੱਕਾ ਜਿਹਾ ਘਰ ਵੀ ਹੋਵੇਗਾ, ਜਿਸ ਵਿਚ ਸਾਡੇ ਵੱਖੋ ਵੱਖਰੇ ਕਮਰੇ ਹੋਣਗੇ । ਸਾਡੇ ਘਰ ਵਿਚ ਇੱਕ ਨਿੱਕਾ ਜਿਹਾ ਲੋਹੇ ਦਾ ਚਲ੍ਹਾ ਹੋਵੇਗਾ । ਭਰ ਸਰਦੀਆਂ ਵਿਚ ਇਸ ਚੁੱਲੇ ਦੇ ਵਿਚ ਅੱਠੇ ਪਹਿਰ ਅੱਗ ਬਲਦੀ ਰਹੇਗੀ । ਕਿਉਂਕਿ ਭੋਂ ਬਹੁਤੀ ਨਹੀਂ ਹੈ, ਇਸ ਲਈ ਸਾਨੂੰ ਸਖਤ ਮਿਹਨਤ ਕਰਨੀ ਪਵੇਗੀ । ਹੋ ਸਕਦਾ ਹੈ ਦਿਨ ਵਿਚ ਛੇ ਜਾਂ ਸੱਤ ਘੰਟੇ ਕੰਮ ਕਰਨਾ ਪਵੇ ਜਾਂ ਇਸ ਤੋਂ ਵੀ ਵਧੀਕ । ਪਰ ਸਾਨੂੰ ਹਰ ਰੋਜ਼ ਗਿਆਰਾਂ ਘੰਟੇ ਜੌਂ ਨਹੀਂ ਢੋਣੇ ਪੈਣਗੇ । ਸਾਡੀ ਹੀ ਸਰਦਾਰੀ ਹੋਵੇਗੀ । ਸਾਨੂੰ ਤਦੋਂ ਇਹ ਅਹਿਸਾਸ ਹੋਵੇਗਾ ਕਿ ਸਾਡੀ ਤਪੱਸਿਆ ਦਾ ਸਾਨੂੰ ਕੀ ਫ਼ਲ ਮਿਲਿਆ ਹੈ ।"

ਲੈਨੀ ਨੇ ਵਿਆਕੁਲਤਾ ਨਾਲ ਪੁੱਛਿਆ, "ਅਤੇ ਸਹੇ?" ਮੈਂ ਉਨ੍ਹਾਂ ਸਾਰਿਆਂ ਦੀ ਦੇਖ-ਭਾਲ ਕਰਿਆ ਕਰਾਂਗਾ । ਜਾਰਜ, ਦੱਸੋ, 'ਮੈਂ ਉਨ੍ਹਾਂ ਦੀ ਦੇਖ-ਭਾਲ ਕਿਵੇਂ ਕਰਿਆ ਕਰਾਂਗਾ।"

“ਆਹੋ ਜੀ, ਤੂੰ ਇਕ ਬੋਰੀ ਲੈ ਕੇ ਘਾਹ ਦੇ ਪਲਾਟ ਵਿਚ ਜਾਇਆ ਕਰੇਂਗਾ । ਘਾਹ ਦੀ ਬੋਰੀ ਨੂੰ ਭਰ ਕੇ ਲਿਆਵੇਂਗਾ ਅਤੇ ਉਹ ਘਾਹ ਸਹਿਆਂ ਦੇ ਖੁੱਡਿਆਂ ਵਿਚ ਸੁੱਟ ਦਿਆ ਕਰੇਂਗਾ ।”

"ਉਹ ਸਹੇ ਘਾਹ ਨੂੰ ਆਪਣੀਆਂ ਨਿੱਕੀਆਂ ਨਿੱਕੀਆਂ ਬੂਥੀਆਂ ਵਿਚਲੇ ਦੰਦਾਂ ਨਾਲ ਤਰ ਕੁਤਰ ਕੇ ਚੱਬ ਚਿੱਥ ਲੈਣਗੇ । ਮੈਂ ਸਹਿਆਂ ਨੂੰ ਘਾਹ ਕੁਤਰ ਕੁਤਰ ਕੇ ਚਿੱਥਦੇ ਚੱਬਦੇ ਵੇਖਿਆ ਹੈ ।' ਲੈਨੀ ਨੇ ਖ਼ੁਸ਼ ਹੋ ਕੇ ਆਖਿਆ ।

ਜਾਰਜ ਉਵੇਂ ਹੀ ਭਖਿਆ ਹੋਇਆ ਬੋਲਦਾ ਗਿਆ, “ਹਰ ਛੇਵੇਂ ਸੱਤਵੇਂ ਹਫਤੇ, ਉਹ ਸਹੇ ਬੱਚੇ ਦੇ ਦਿਆ ਕਰਨਗੇ ਅਤੇ ਵੇਚਣ ਲਈ ਸਹਿਆਂ ਦੀ ਭਰਮਾਰ ਹੋ ਜਾਵੇਗੀ । ਅਤੇ ਥੋੜੇ ਕੁਝ ਕਬੂਤਰ ਵੀ ਪਾਲ ਲਵਾਂਗੇ । ਕਬੂਤਰ ਪਣ-ਚੱਕੀ ਦੇ ਚੁਤਰਫ ਫਰਾਟੇ ਮਾਰਦੇ ਉਡਦੇ ਰਹਿਣਗੇ, ਠੀਕ ਉਵੇਂ ਹੀ ਜਿਵੇਂ ਕਿ ਮੈਂ ਬਚਪਨ ਦੇ ਵਿਚ ਆਪਣੇ ਦਾਦਾ ਦੇ ਘਰ ਕਬੂਤਰ ਉਡਦੇ ਵੇਖੇ ਸਨ ।” ਉਹ ਲੈਨੀ ਵੱਲ ਵੇਖ ਰਿਹਾ ਸੀ ਅਤੇ ਇੰਜ ਲੱਗਦਾ ਸੀ ਜਿਵੇਂ ਕਿ ਲੈਨੀ ਬੜੀ ਨੀਝ ਲਾ ਕੇ ਸਾਹਮਣੇ ਕੰਧ ਉਤੇ ਕਬੂਤਰਾਂ ਨੂੰ ਉਡਦਿਆਂ ਵੇਖ ਰਿਹਾ ਹੋਵੇ। ਉਹ ਫਿਰ ਬੋਲਿਆ,

"ਉਹ ਸਾਰਾ ਕੁਝ ਸਾਡਾ ਆਪਣਾ ਨਿੱਜੀ ਹੀ ਹੋਵੇਗਾ ਅਤੇ ਕੋਈ ਸਾਨੂੰ ਉਥੋਂ ਬਾਹਰ ਨਹੀਂ ਕੱਢ ਸੱਕੇਗਾ । ਅਤੇ ਜੇਕਰ ਸਾਡੀ ਖੇਤੀ ਵਿਚ ਕੋਈ ਕਾਮਾ ਠੀਕ ਕੰਮ ਨਾ ਕਰੇਗਾ ਤਾਂ ਫਿਰ ਅਸੀਂ ਉਸ ਨੂੰ ਕਹਿ ਸਕਾਂਗੇ । ਕਿ ਉਹ ਚਲਾ ਜਾਵੇ । ਉਸ ਨੂੰ ਸਾਡਾ ਹੁਕਮ ਮੰਨਣਾ ਪਵੇਗਾ। ਜਦੋਂ ਸਾਡਾ ਕੋਈ ਮਿੱਤਰ ਆਵੇਗਾ ਤਾਂ ਉਸ ਲਈ ਅਸੀਂ ਇਕ ਵੱਖਰਾ ਬੈੱਡ ਲਾ ਲਿਆ ਕਰਾਂਗੇ । ਅਤੇ ਉਸ ਨੂੰ ਕਹਾਂਗੇ ਯਾਰਾ, ਅੱਜ ਦੀ ਰਾਤ ਸਾਡੇ ਕੋਲ ਹੀ ਰਹੁ ਅਤੇ ਉਸ ਨੂੰ ਸਾਡੇ ਕੋਲ ਹੀ ਰਹਿਣਾ ਪਵੇਗਾ । ਅਸੀਂ ਇਕ ਕੁੱਤਾ ਵੀ ਪਾਲ ਲਵਾਂਗੇ । ਅਤੇ ਇਕ ਦੋ ਬਿੱਲੀਆਂ ਵੀ ਰੱਖ ਲਵਾਂਗੇ । ਪਰ ਬਿੱਲੀਆਂ ਤੋਂ ਤਾਂ ਤੈਨੂੰ ਚੌਕਸ ਰਹਿਣਾ ਹੋਵੇਗਾ, ਨਹੀਂ ਤਾਂ ਉਹ ਨਿੱਕੇ ਨਿੱਕੇ ਸਹਿਆਂ ਨੂੰ ਖਾ ਜਾਣਗੀਆਂ । "

ਇਹ ਸੁਣ ਕੇ ਲੈਨੀ ਬੁਰੀ ਤਰ੍ਹਾਂ ਤੜਫ ਪਿਆ । ਜਦੋਂ ਉਹ ਬੋਲਿਆ ਤਾਂ ਗੁੱਸੇ ਨਾਲ ਉਸ ਦੇ ਬੁੱਲ੍ਹ ਫਰਕ ਰਹੇ ਸਨ ਅਤੇ ਸ਼ਬਦ ਗਲੇ ਵਿਚ ਹੀ ਅਟਕ ਰਹੇ ਸਨ । " ਉਹ

ਜਾਣ ਤਾਂ ਸਹੀ, ਸਹਿਆਂ ਦੇ ਕੋਲ । ਮੈਂ ਉਨ੍ਹਾਂ ਭੂਤਨੀਆਂ ਦੀਆਂ ਗਿੱਚੀਆਂ ਮਰੋੜ ਦਿਆਂਗਾ...ਮੈਂ...ਮੈਂ ਤਾਂ...... ਸੋਟੀ ਨਾਲ ਉਨ੍ਹਾਂ ਦਾ ਕਚੂਮਰ ਕੱਢ ਦਿਆਂਗਾ । "

ਉਹ ਹੌਲੀ ਹੌਲੀ ਸ਼ਾਂਤ ਹੋ ਗਿਆ ਪਰ ਮਨ ਹੀ ਮਨ ਵਿੱਚ ਉਬਲਦਾ ਰਿਹਾ ਅਤੇ ਉਨ੍ਹਾਂ ਸੰਭਾਵੀ ਬਿੱਲੀਆਂ ਨੂੰ ਕੋਸਦਾ ਰਿਹਾ ਜਿਹੜੀਆਂ ਉਨ੍ਹਾਂ ਦੇ ਸੰਭਾਵੀ ਸਹਿਆਂ ਦੇ ਖਿੜ੍ਹੂੰ ਖਿੜ੍ਹੂੰ ਕਰਦੇ ਜੀਵਨ ਵਿਚ ਖਲਬਲੀ ਮਚਾਉਣ ਵਾਲੀਆਂ ਸਨ ।

ਜਾਰਜ ਆਪ ਵੀ ਇਕ ਸ਼ੇਖ-ਚਿੱਲੀ ਵਾਂਗ ਆਪਣੇ ਖਿਆਲੀ ਘੋੜਿਆਂ ਉਤੇ ਸਵਾਰ ਹਵਾਈ ਕਿਲੇ ਬਣਾਉਣ ਵਿਚ ਗੁਆਚਿਆ ਬੈਠਾ ਸੀ ।

ਅਤੇ ਜਦੋਂ ਕੈਂਡੀ ਬੋਲਿਆ ਤਾਂ ਦੋਵੇਂ ਇੰਜ ਬੁਰੀ ਤਰ੍ਹਾਂ ਤ੍ਰਭਕ ਪਏ ਜਿਵੇਂ ਕਿ ਉਨ੍ਹਾਂ ਨੂੰ ਕੋਈ ਗੰਭੀਰ ਅਪਰਾਧ ਕਰਦੇ ਹੋਏ ਕਿਸੇ ਨੇ ਵੇਖ ਲਿਆ ਹੋਵੇ । ਕੈਂਡੀ ਨੇ ਪੁੱਛਿਆ, " ਕਿੱਥੇ ਹੈ ਇਹੋ ਜਿਹੀ ਥਾਂ ? "

ਜਾਰਜ ਇਕਦਮ ਸੰਭਲ ਗਿਆ । ਉਹ ਬੋਲਿਆ, " ਮਨ ਲਵੋ ਕਿ ਮੈਂ ਜਾਣਦਾ ਹਾਂ, ਪਰ ਤੈਨੂੰ ਇਸ ਗੱਲ ਨਾਲ ਕੀ ਵਾਸਤਾ ? "

ਕੈਂਡੀ ਬੋਲਿਆ, " ਮੈਨੂੰ ਦੱਸਣ ਦੀ ਲੋੜ ਨਹੀਂ ਕਿ ਉਹ ਕਿੱਥੇ ਹੈ, ਕਿਧਰੇ ਵੀ ਹੋ ਸਕਦੀ ਹੈ । "

ਜਾਰਜ ਨੇ ਕਿਹਾ। " ਆਹੋ ਖਾਂ, ਤੈਨੂੰ ਤਾਂ ਉਹ ਥਾਂ ਸੌ ਸਾਲ ਵਿਚ ਵੀ ਨਹੀਂ ਮਿਲ ਸਕਦੀ'

ਫਿਰ ਕੈਂਡੀ ਕੁਝ ਗਰਮ ਜਿਹਾ ਹੋ ਕੇ ਬੋਲਿਆ, " ਅਜਿਹੀ ਥਾਂ ਦੇ ਲਈ ਕਿੰਨਾ ਪੈਸਾ ਮੰਗਦੇ ਹਨ ? "

ਜਾਰਜ ਨੇ ਉਸ ਵਲ ਸ਼ੱਕ ਨਾਲ ਮੁੜ ਵੇਖਿਆ, ਮੈਂ .....ਮੈਨੂੰ ਉਹ ਥਾਂ ਛੇ ਸੌ ਡਾਲਰ ਵਿਚ ਮਿਲ ਸਕਦੀ ਹੈ । ਉਸ ਥਾਂ ਦੀ ਮਲਕੀਅਤ ਇਕ ਬੁੱਢੇ ਦੰਪਤੀ ਦੀ ਹੈ । ਬੁੱਢੀ ਤੀਵੀਂ ਨੇ ਤਾਂ ਅਪ੍ਰੇਸ਼ਨ ਕਰਾਉਣਾ ਹੈ । ਉਸ ਦੀ ਬਹੁਤ ਮੰਦੀ ਹਾਲਤ ਹੈ । ਪਰ ਇੱਕ ਗੱਲ ਮੈਨੂੰ ਦੱਸ ਕਿ ਤੂੰ ਇਸ ਵਿਚੋਂ ਕੀ ਲੈਣਾ ਹੈ ? ਤੈਨੂੰ ਸਾਡੇ ਨਾਲ ਅਤੇ ਸਾਡੀ ਯੋਜਨਾ ਨਾਲ ਕੀ ਸਰੋਕਾਰ ਹੈ ?"

ਕੈਂਡੀ ਬੋਲਿਆ, "ਭਰਾਵਾ, ਉਂਜ ਤਾਂ ਮੈਂ ਬਹੁਤਾ ਭਾਰੀ ਕੰਮ ਨਹੀਂ ਕਰ ਸਕਦਾ । ਮੇਰਾ ਇਕੋ ਹੀ ਹੱਥ ਹੈ। ਇਸੇ ਲਈ ਤਾਂ ਮੈਂ ਇਥੇ ਝਾੜੂ ਦੇਣ ਦਾ ਕੰਮ ਕਰਦਾ ਹਾਂ। ਇਕ ਗੱਲ ਇਹ ਹੈ ਕਿ ਮੇਰਾ ਇਹ ਹੱਥ ਇਸੇ ਵਾੜੇ ਵਿਚ ਹੀ ਕੱਟਿਆ ਗਿਆ ਸੀ । ਇਸੇ ਕਾਰਣ ਤਾਂ ਮਾਲਿਕ ਨੇ ਮੈਨੂੰ ਇਹ ਸੌਖਾ ਜਿਹਾ ਕੰਮ ਦਿੱਤਾ ਹੋਇਆ ਹੈ । ਉਸ ਨੇ ਮੈਨੂੰ ਢਾਈ ਸੌ ਡਾਲਰ ਹਰਜਾਨਾ ਵੀ ਦਿਤਾ ਸੀ ਮੈਂ ਬੱਚਤ ਕਰਕੇ ਪੰਜਾਹ ਡਾਲਰ ਹੋਰ ਵੀ ਹੋਰ ਵੀ ਬੈਂਕ ਵਿਚ ਰਖੇ ਹੋਏ ਹਨ। ਇਸ ਤਰ੍ਹਾਂ ਤਿੰਨ ਸੌ ਡਾਲਰ ਹੋ ਗਏ, ਹੋਰ ਪੰਜਾਹ ਡਾਲਰ ਮੈਨੂੰ ਇਸ ਮਹੀਨੇ ਦੇ ਅਖੀਰ ਵਿਚ ਮਿਲ ਜਾਣਗੇ ।'" ਮੇਰੀ ਗੱਲ ਸੁਣੋ। " ਉਹ ਬੜੀ ਉਤਸੁਕਤਾ ਨਾਲ ਅੱਗੇ ਨੂੰ ਝੁਕ ਗਿਆ ।" ਮੰਨ ਲਵੋ ਕਿ ਮੈਂ ਵੀ ਤੁਹਾਡੇ ਨਾਲ ਰਲ ਜਾਵਾਂ । ਆਪਣੇ ਸਾਢੇ ਤਿੰਨ ਸੋ ਡਾਲਰ ਮੈਂ ਵੀ ਇਸ ਸੌਦੇ ਵਿਚ ਲਾ ਦਿਆਂਗਾ । ਮੈਂ ਬਹੁਤ ਸਖ਼ਤ ਕੰਮ ਤਾਂ ਕਰ ਨਹੀਂ ਸਕਦਾ। ਪਰ ਮੈਂ ਖਾਣਾ ਬਣਾ ਸਕਦਾ ਹਾਂ, ਕੁੱਕੜੀਆਂ ਦੀ ਦੇਖ-ਰੇਖ ਵੀ ਕਰ ਸਕਦਾ ਹਾਂ ਅਤੇ ਰਤਾ ਮਾਸਾ ਬਾਗ਼ ਬਗੀਚੇ ਨੂੰ ਵੀ ਗੁੱਡ ਸਕਦਾ ਹਾਂ । ਕੀ ਖਿਆਲ ਹੈ ਤੁਹਾਡਾ ਇਸ ਬਾਰੇ ? "

ਜਾਰਜ ਨੇ ਆਪਣੀਆਂ ਅੱਖਾਂ ਅੱਧੀਆਂ ਬੰਦ ਕਰ ਲਈਆਂ ਅਤੇ ਬੋਲਿਆ, " ਮੈਨੂੰ ਇਸ ਮਸਲੇ ਉੱਤੇ ਸੋਚਣਾ ਪਵੇਗਾ । ਅਸੀਂ ਲੋਕੀਂ ਤਾਂ ਇਹ ਧੰਦਾ ਆਪ ਖੁਦ ਹੀ ਕਰਨਾ ਚਾਹੁੰਦੇ ਸਾਂ । "

ਕੈਂਡੀ ਨੇ ਉਸ ਦੀ ਗੱਲ ਵਿਚੋਂ ਹੀ ਕੱਟ ਦਿੱਤੀ, ' ਮੈਂ ਇਕ ਵਸੀਅਤ ਲਿਖ ਦਿਆਂਗਾ ਕਿ ਮੇਰੇ ਮਰਨ ਪਿੱਛੋਂ ਮੇਰਾ ਹਿੱਸਾ ਤੁਹਾਨੂੰ ਹੀ ਮਿਲ ਜਾਵੇ । ਮੇਰਾ ਸਕਾ ਰਿਸ਼ਤੇਦਾਰ ਤਾਂ ਕੋਈ ਹੈ ਨਹੀਂ ਕੀ ਤੁਹਾਡੇ ਦੋਹਾਂ ਕੋਲ ਵੀ ਕੁਝ ਮਾਇਆ ਹੈ ? ਜੇਕਰ ਹੋਵੇ, ਤਾਂ ਅਸੀਂ ਇਹ ਥਾਂ ਤੁਰੰਤ ਹੀ ਖ਼ਰੀਦ ਸਕਦੇ ਹਾਂ । "

ਜਾਰਜ ਨੇ ਬਹੁਤ ਖਿਝ ਕੇ ਜ਼ਮੀਨ ਉਤੇ ਥੁੱਕਿਆ ਅਤੇ ਕਿਹਾ ? " ਸਾਡੇ ਦੋਹਾਂ ਦੇ ਕੋਲ ਤਾਂ ਕੁਲ ਮਿਲਾ ਕੇ ਕੇਵਲ ਦਸ ਡਾਲਰ ਹਨ ।" ਫਿਰ ਉਸ ਨੇ ਸੋਚਦੇ ਹੋਏ ਕਿਹਾ, " ਵੇਖੋ, ਜੇਕਰ ਮੈਂ ਅਤੇ ਲੈਨੀ ਸਾਰਾ ਮਹੀਨਾ ਕੰਮ ਕਰੀਏ ਅਤੇ ਖਰਚ ਕੁਝ ਵੀ ਨਾ ਕਰੀਏ, ਤਾਂ ਸਾਡੇ ਕੋਲ ਇਕ ਸੋ ਡਾਲਰ ਹੋ ਜਾਣਗੇ । ਇਸ ਤਰ੍ਹਾਂ ਬਣ ਗਏ ਸਾਢੇ ਤਿੰਨ ਸੌ ਡਾਲਰ । ਮੇਰਾ ਵਿਸ਼ਵਾਸ ਹੈ ਕਿ ਅਸੀਂ ਉਸ ਬੁੱਢੀ ਨੂੰ ਇੰਨੇ ਕੁ ਵਿਚ ਵੇਚਣ ਲਈ ਮਨਾ ਸਕਾਂਗੇ । ਤਾਂ

ਤੂੰ ਅਤੇ ਲੈਨੀ ਉਥੇ ਜਾ ਕੇ ਕੰਮ ਆਰੰਭ ਦੇਣਾ ਅਤੇ ਮੈਂ ਕਿਧਰੇ ਹੋਰ ਥੋੜਾ ਸਮਾਂ ਨੌਕਰੀ ਕਰਕੇ ਬਾਕੀ ਰਕਮ ਚੁਕਾ ਦਿਆਂਗਾ । ਇਸ ਦੌਰਾਨ ਤੁਸੀਂ ਅੰਡੇ ਅਤੇ ਅਜਿਹੀਆਂ ਕੁਝ ਹੋਰ ਵਸਤਾਂ ਵੇਚ ਕੇ ਕੰਮ ਚਲਾ ਸਕਦੇ ਹੋ ।"

ਉਹ ਸਾਰੇ ਹੀ ਚੁਪ ਹੋ ਗਏ । ਉਹ ਚੌਂ ਚੱਕੇ ਹੋਏ ਇਕ ਦੂਜੇ ਵੱਲ ਵੇਖ ਰਹੇ ਸਨ । ਇਹ ਗੱਲ ਉਨ੍ਹਾਂ ਨੇ ਕਦੇ ਵੀ ਨਹੀਂ ਸੋਚੀ ਸੀ ਕਿ ਇਹ ਸੁਪਨਾ ਇਸ ਤਰ੍ਹਾਂ ਐਨੀ ਛੇਤੀ ਸੱਚ ਹੋ ਸਕਦਾ ਹੈ । ਜਾਰਜ ਨੇ ਰੱਬ ਤੇ ਭਰੋਸਾ ਰੱਖ ਕੇ ਕਿਹਾ, ਹੇ ਪ੍ਰਮਾਤਮਾ, ਅਸੀਂ ਲੋਕ ਅਵੱਸ਼ ਹੀ ਉਨ੍ਹਾਂ ਨੂੰ ਇਸ ਕੀਮਤ ਉਤੇ ਜ਼ਮੀਨ ਵੇਚਣ ਲਈ ਮਨਾ ਸਕਾਂਗੇ । ਉਸ ਦੀਆਂ ਅੱਖਾਂ ਵਿਸਮਾਦ ਨਾਲ ਭਰੀਆਂ ਹੋਈਆਂ ਸਨ । ਅਸੀਂ ਜਰੂਰ ਉਨ੍ਹਾਂ ਨੂੰ ਰਾਜ਼ੀ ਕਰ ਲਵਾਂਗੇ ।" ਉਹ ਬਹੁਤ ਧੀਮੇ ਸੁਰ ਵਿਚ ਬੋਲਿਆ।

ਕੈਂਡੀ ਉਠ ਕੇ ਆਪਣੇ ਫੱਟੇ ਉਤੇ ਇਕ ਗੁੱਠੇ ਲੱਗ ਕੇ ਬੈਠ ਗਿਆ ਸੀ । ਉਸ ਨੇ ਆਪਣੇ ਟੁੰਡ ਨੂੰ ਖੁਰਕਦੇ ਹੋਏ ਕਿਹਾ, " ਚਾਰ ਵਰ੍ਹੇ ਪਹਿਲਾਂ ਮੈਨੂੰ ਸੱਟ ਲੱਗੀ ਸੀ । ਹੁਣ ਛੇਤੀ ਹੀ ਇਹ ਲੋਕ ਮੈਨੂੰ ਕੱਢ ਦੇਣਗੇ । ਜਿਸ ਵੇਲੇ ਵੀ ਮੈਂ ਕਾਮਿਆਂ ਦੇ ਘਰਾਂ ਦੀ ਸਫ਼ਾਈ ਆਦਿ ਕਰਨ ਦੇ ਯੋਗ ਨਾ ਰਿਹਾ ਇਹ ਮੈਨੂੰ ਬੋਝ ਸਮਝਣਗੇ । ਜੇਕਰ ਮੈਂ ਆਪਣਾ ਪੈਸਾ ਤੁਹਾਨੂੰ ਦੇ ਦਿਆਂ, ਤਾਂ ਤੁਸੀਂ ਮੈਨੂੰ ਨਕਾਰਾ ਹੋਣ ਉਤੇ ਵੀ ਬਾਗ਼ ਬਗੀਚੇ ਦੀ ਗੁੱਡ ਗੁਡਾਈ ਕਰਨ ਦਿਓਗੇ । ਮੈਂ ਭਾਂਡੇ ਮਾਂਜ, ਧੋ ਦਿਆ ਕਰਾਂਗਾ ਅਤੇ ਕੁੱਕੜੀਆਂ ਦੀ ਦੇਖ-ਰੇਖ ਵੀ ਤਾਂ ਕਰਾਂਗਾ । ਘੱਟ ਤੋਂ ਘੱਟ ਇਸ ਤਰ੍ਹਾਂ ਨਾਲ ਮੈਂ ਆਪਣੀ ਥਾਂ ਵਿਚ ਤਾਂ ਟਿਕਿਆ ਰਹਾਂਗਾ ਅਤੇ ਆਪਣੀ ਭੌਂ ਵਿਚ ਤਾਂ ਕੰਮ ਕਰ ਸਕਾਂਗਾ ।" ਉਸ ਨੇ ਇਹ ਗੱਲ ਬੜੀ ਹੀ ਨਿੰਮੋਝਣੀ ਅਵਸਥਾ ਵਿਚ ਆਖੀ । "ਤੁਸੀਂ ਵੇਖਿਆ ਹੈ, ਉਨ੍ਹਾਂ ਨੇ ਹੁਣੇ ਮੇਰੇ ਕੁੱਤੇ ਨਾਲ ਕੀ ਸਲੂਕ ਕੀਤਾ ਹੈ । ਕਹਿੰਦੇ ਸਨ ਕਿ ਉਹ ਨਾ ਤਾਂ ਆਪਣੇ ਲਈ ਹੀ ਕਿਸੇ ਕੰਮ ਦਾ ਸੀ ਅਤੇ ਨਾ ਹੀ ਦੂਜਿਆਂ ਲਈ ਲਾਹੇਵੰਦ ਸੀ । ਜਦੋਂ ਉਹ ਮੈਨੂੰ ਇਥੋਂ ਕੱਢਣ, ਤਾਂ ਮੈਂ ਚਾਹੁੰਦਾ ਹਾਂ ਕਿ ਮੈਨੂੰ ਵੀ ਕੋਈ ਗੋਲੀ ਮਾਰ ਦੇਵੇ । ਪਰ ਕੋਈ ਇਸ ਕੰਮ ਲਈ ਤਿਆਰ ਨਹੀਂ ਹੋਵੇਗਾ । ਦੁਨੀਆਂ ਭਰ ਵਿਚ ਮੇਰੇ ਲਈ ਕੋਈ ਥਾਂ ਨਹੀਂ ਹੋਵੇਗੀ ਅਤੇ ਨਾ ਹੀ ਮੈਨੂੰ ਕੋਈ ਕੰਮ ਮਿਲ ਸਕੇਗਾ । ਤੁਸੀਂ ਲੋਕ ਜਦੋਂ ਤਕ ਇਥੋਂ ਚੱਲਣ ਲਈ ਤਿਆਰ ਹੋਵੇਗੇ, ਉਸ ਵੇਲੇ ਤੱਕ ਮੇਰੇ ਪਾਸ ਤੀਹ ਡਾਲਰ ਹੋਰ ਹੋ ਜਾਣਗੇ ।"

ਜਾਰਜ ਜੋਸ਼ ਨਾਲ ਉਠ ਖੜੋਤਾ ਅਤੇ ਬੋਲਿਆ, 'ਅਸੀਂ ਮਾਲਕਣ ਨੂੰ ਮਨਾ ਲਵਾਂਗੇ ।" ਉਹ ਮੁੜ ਬੈਠ ਗਿਆ । ਉਹ ਸਾਰੇ ਹੀ ਅਹਿੱਲ ਜਿਹੇ ਹੋ ਕੇ ਬੈਠ ਗਏ । ਇਸ ਸੁਹਾਵਣੇ ਵਿਚਾਰ ਤੋਂ ਉਹ ਅੰਦਰੋਂ ਅੰਦਰੀਂ ਹੈਰਾਨ ਵੀ ਸਨ । ਉਨ੍ਹਾਂ ਤਿੰਨਾਂ ਦੀ ਸੋਚਣੀ ਭਵਿਸ਼ ਵਿਚ ਵੜ ਕੇ ਉਲਝ ਜਿਹੀ ਗਈ ਕਿ ਆਖ਼ਿਰ ਕਦੋਂ ਉਹ ਸੁਹਾਵਣੀ ਕਲਪਨਾ ਸੱਚੀ ਹੋਵੇਗੀ ।

ਜਾਰਜ ਨੇ ਉਸੇ ਤਰ੍ਹਾਂ ਹੀ ਵਿਸਮਾਦ ਭਰੇ ਬੋਲਾਂ ਵਿਚ ਕਿਹਾ, " ਮੰਨ ਲਵੋ ਕਿ ਸ਼ਹਿਰ ਦੇ ਵਿਚ ਕੋਈ ਕਾਰਨੀਵਾਲ ਜਾਂ ਸਰਕਸ ਆਦਿ ਆਵੇ, ਜਾਂ ਉਥੇ ਕੋਈ ਨਾਚ ਰੰਗ ਦਾ ਪ੍ਰੋਗਰਾਮ ਹੋਵੇ...

ਬੁੱਢੇ ਕੈਂਡੀ ਨੇ ਉਸ ਦੀ ਤਾਰੀਫ ਵਜੋਂ ਆਪਣਾ ਸਿਰ ਹਿਲਾਇਆ ਜਿਵੇਂ ਕਿ ਉਹ ਜਾਰਜ ਦੇ ਅੰਤਰੀਵ ਭਾਵ ਨੂੰ ਸਮਝ ਗਿਆ ਹੋਵੇ ।

"ਨਿਰਸੰਦੇਹ ਅਸੀਂ ਲੋਕ ਉਥੇ ਅਵੱਸ਼ ਜਾਇਆ ਕਰਾਂਗੇ ਅਤੇ ਇੰਜ ਕਰਨ ਲਈ ਸਾਨੂੰ ਕਿਸੇ ਕੋਲੋਂ ਆਗਿਆ ਮੰਗਣ ਦੀ ਲੋੜ ਵੀ ਨਹੀਂ ਹੋਵੇਗੀ । ਬਸ ਮਨ ਵਿਚ ਨਿਸ਼ਚਾ ਕੀਤਾ ਕਿ ਜਾਵਾਂਗੇ ਅਤੇ ਚੱਲ ਪਿਆ ਕਰਾਂਗੇ " ਜਾਰਜ ਨੇ ਕਿਹਾ ।

ਲੈਨੀ ਵਿਚੋਂ ਹੀ ਬੋਲ ਪਿਆ, "ਅਤੇ ਸਹਿਆਂ ਲਈ ਕੁਝ ਘਾਹ ਵੀ, ਸਹਿਆਂ ਨੂੰ ਘਾਹ ਪਾਉਣਾ ਅਸੀਂ ਕਦੀ ਨਹੀਂ ਭੁੱਲਾਂਗੇ, ਜਾਰਜ, ਅਸੀਂ ਇਹ ਸਭ ਕੁਝ ਕਦੋਂ ਕਰ ਸਕਾਂਗੇ?"

" ਇਕ ਮਹੀਨੇ ਵਿਚ, ਕੇਵਲ ਮਹੀਨੇ ਭਰ ਵਿਚ ਹੀ । ਪਤਾ ਹੈ ਕਿ ਮੈਂ ਹੁਣ ਕੀ ਕਰਾਂਗਾ ? ਜਿੰਨ੍ਹਾਂ ਲੋਕਾਂ ਦੀ ਉਹ ਜ਼ਮੀਨ ਹੈ, ਮੈਂ ਉਨ੍ਹਾਂ ਨੂੰ ਲਿਖ ਦਿਆਂਗਾ ਕਿ ਅਸੀਂ ਉਹ ਜ਼ਮੀਨ ਖ਼ਰੀਦ ਲਵਾਂਗੇ ਅਤੇ ਕੈਂਡੀ ਇਕ ਸੌ ਡਾਲਰ ਬਿਆਨੇ ਵਜੋਂ ਭੇਜ ਦੇਵੇਗਾ, ਤਾਂ ਜੋ ਉਹ ਲੋਕੀਂ ਜ਼ਮੀਨ ਕਿਸੇ ਹੋਰ ਕੋਲ ਨਾ ਵੇਚ ਦੇਣ ।"

ਕੈਂਡੀ ਨੇ ਹਾਮੀ ਭਰੀ, "ਹਾਂ ਜਰੂਰ ਭੇਜ ਦਿਆਂਗਾ ।" ਉਸ ਨੇ ਪੁੱਛਿਆ, "ਉਥੇ ਚੰਗਾ ਜਿਹਾ ਚੁੱਲ੍ਹਾ ਤਾਂ ਹੋਵੇਗਾ ਹੀ ?"

“ਹਾਂ, ਹਾਂ, ਹੈ । ਬਹੁਤ ਚੰਗਾ ਚੁੱਲ੍ਹਾ ਹੈ ਜਿਸ ਵਿਚ ਕੋਲੇ, ਲੱਕੜ ਜਲਾ ਸਕਦੇ ਹਾਂ।”

ਲੰਨੀ ਨੇ ਕਿਹਾ, “ ਮੈਂ ਆਪਣਾ ਕਤੂਰਾ ਅਵੱਸ਼ ਆਪਣੇ ਨਾਲ ਲੈ ਜਾਵਾਂਗਾ। ਰੱਬ ਦੀ ਸਹੁੰ, ਮੇਰੇ ਕਤੂਰੇ ਨੂੰ ਵੀ ਉਹ ਥਾਂ ਬਹੁਤ ਚੰਗੀ ਲੱਗੇਗੀ । ”

ਬਾਹਰੋਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ । ਜਾਰਜ ਨੇ ਛੇਤੀ ਨਾਲ ਕਿਹਾ, ਕਿਸੇ ਹੋਰ ਨੂੰ ਇਸ ਗੱਲ ਬਾਰੇ ਨਾ ਦੱਸਣਾ । ਬੱਸ, ਅਸੀਂ ਤਿੰਨੋ ਹੀ, ਅਤੇ ਹੋਰ ਕੋਈ ਨਹੀਂ ਜੇਕਰ ਕਿਸੇ ਨੂੰ ਇਸ ਗੱਲ ਦੀ ਸੂਹ ਲਗ ਗਈ, ਤਾਂ ਸਾਨੂੰ ਇਥੋਂ ਕੱਢ ਦੇਣਗੇ ਅਤੇ ਫਿਰ ਰੁਪਿਆ ਜਮ੍ਹਾਂ ਨਹੀਂ ਹੋ ਸਕੇਗਾ । ਹਾਲ ਦੀ ਘੜੀ ਤਾਂ ਅਸੀਂ ਇੰਜ ਕੰਮ ਕਰਦੇ ਰਹਾਂਗੇ ਜਿਵੇਂ ਕਿ ਉਮਰ ਭਰ ਅਸੀਂ ਜੌਂ ਹੀ ਢੋਣੇ ਹੋਣ । ਫਿਰ ਅਚਾਨਚੱਕ ਹੀ ਕਿਸੇ ਦਿਨ ਅਸੀਂ ਆਪਣੀ ਤਨਖ਼ਾਹ ਲਵਾਂਗੇ ਅਤੇ ਬਸ ਰਫੂ-ਚੱਕਰ ਹੋ ਜਾਵਾਂਗੇ ।”

ਲੈਨੀ ਅਤੇ ਕੈਂਡੀ ਨੇ ਸਿਰ ਹਿਲਾਇਆ, ਉਹ ਦੋਵੇਂ ਪ੍ਰਸੰਨਤਾ ਨਾਲ ਮੁਸਕਰਾ ਰਹੇ ਸਨ । ਲੈਨੀ ਨੇ ਆਪਣੇ ਮਨ ਹੀ ਮਨ ਵਿਚ ਫਿਰ ਦੁਹਰਾਇਆ, “ਕਿਸੇ ਨੂੰ ਨਾ ਕਹਿਣਾ ।"

ਕੈਂਡੀ ਨੇ ਕਿਹਾ, "ਜਾਰਜ"

"ਹਾਂ?"

*“ਮੈਨੂੰ ਚਾਹੀਦਾ ਸੀ ਕਿ ਮੈਂ ਖੁਦ ਹੀ ਉਸ ਕੁੱਤੇ ਨੂੰ ਗੋਲੀ ਮਾਰ ਦਿੰਦਾ । ਕੋਈ ਹੋਰ ਵਿਆਕਤੀ ਮੇਰੇ ਕੱਤੇ ਨੂੰ ਗੋਲੀ ਕਿਉਂ ਮਾਰੇ ? "

ਬੂਹਾ ਖੁੱਲ੍ਹਿਆ ਸਲਿਮ ਕਮਰੇ ਅੰਦਰ ਆ ਗਿਆ ਅਤੇ ਉਸ ਦੇ ਮਗਰ ਮਗਰ ਕਰਲੀ ਕਾਰਲਸਨ ਅਤੇ ਵ੍ਹਿਟ ਵੀ ਅੰਦਰ ਆ ਗਏ। ਸਲਿਮ ਦੇ ਹੱਥ ਤਾਰਕੋਲ ਨਾਲ ਕਾਲੇ ਹੋਏ ਸਨ ਅਤੇ ਉਸ ਨੇ ਤਿਊੜੀਆਂ ਵੱਟੀਆਂ ਹੋਈਆਂ ਸਨ । ਕਰਲੀ ਉਸ ਦੇ ਪਿੱਛੇ ਪਿੱਛੇ ਆ ਰਿਹਾ ਸੀ ।

ਸਲਿਮ ਨੇ ਖਿੱਝ ਕੇ ਉਤਰ ਦਿੱਤਾ, "ਤੁਸੀਂ ਅਨੇਕਾਂ ਵਾਰ ਇਹੀ ਗੱਲ ਪੁੱਛ ਚੁੱਕੇ ਹੋ। ਮੈਂ ਤੰਗ ਆ ਗਿਆ ਹਾਂ । ਜੇਕਰ ਤੁਸੀਂ ਖੁਦ ਆਪਣੀ ਉਸ ਬੇਤੁਕੀ ਵਹੁਟੀ ਉਤੇ ਕੰਟਰੋਲ ਨਹੀਂ ਰੱਖ ਸਕਦੇ, ਤਾਂ ਮੈਂ ਕੀ ਕਰਾਂ ? ਕਿਰਪਾ ਕਰਕੇ ਮੇਰੇ ਨਾਲ ਨਾ ਖਹਿਬੜਿਆ ਕਰੋ । ”

ਕਰਲੀ ਨੇ ਮੁੜ ਕਿਹਾ, " ਮੈਂ ਤੁਹਾਨੂੰ ਇਹੀ ਗੱਲ ਕਹਿ ਰਿਹਾ ਹਾਂ ਕਿ ਮੇਰਾ ਹੋਰ ਕੋਈ ਭਾਵ ਨਹੀਂ ਸੀ । ਮੈਂ ਸੋਚਿਆ ਸੀ ਹੋ ਸਕਦਾ ਹੈ ਕਿ ਤੁਸੀਂ ਉਸ ਨੂੰ ਵੇਖਿਆ ਹੋਵੇ ।"

ਕਾਰਲਸਨ ਬੋਲ ਪਿਆ, " ਸਹੁਰਿਆ, ਤੂੰ ਉਸ ਨੂੰ ਉਸ ਘਰ ਦੇ ਅੰਦਰ ਰਹਿਣ ਨੂੰ ਕਿਉਂ ਨਹੀਂ ਕਹਿੰਦਾ, ਜੋ ਉਸ ਲਈ ਉਚਿੱਤ ਥਾਂ ਹੈ । ਤੁਸੀਂ ਉਸ ਨੂੰ ਕਾਮਿਆਂ ਦੇ ਘਰਾਂ ਦੁਆਲੇ ਚੱਕਰ ਕਿਉਂ ਕੱਟਣ ਦਿੰਦੇ ਹੋ । ਜੇਕਰ ਕਿਸੇ ਦਿਨ ਕੋਈ ਕਾਰਾ ਵਰਤ ਗਿਆ ਤਾਂ ਬੈਠ ਕੇ ਹੱਥ ਮਲਦੇ ਰਹੋਗੇ ।

ਕਰਲੀ ਅੱਗ-ਬਗੂਲਾ ਹੋ ਕੇ ਕਾਰਲਸਨ ਉਤੇ ਭਬਕਿਆ, " ਤੂੰ ਇਸ ਗੱਲ ਵਿਚ ਆਪਣੀ ਲੱਤ ਨਾ ਅੜਾ, ਨਹੀਂ ਤਾਂ ਬਾਦ ਵਿੱਚ ਪਛਤਾਵੇਂਗਾ। "

ਕਾਰਲਸਨ ਨੇ ਖੁਲ੍ਹ ਕੇ ਠਹਾਕਾ ਮਾਰਿਆ ਅਤੇ ਟੋਕ ਲਾ ਕੇ ਬੋਲਿਆ, "ਵਾਹ ਓਏ ਰੁਸਤਮ ਭਲਵਾਨ ! ਹੁਣੇ ਤਾਂ ਤੂੰ ਸਲਿਮ ਉਤੇ ਰੋਹਬ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੈਂ, ਪਰ ਉਥੇ ਤੇਰੀ ਪੇਸ਼ ਨਹੀਂ ਚੱਲੀ । ਸਗੋਂ ਸਲਿਮ ਤੇਰੇ ਉਤੇ ਭਾਰੂ ਹੋ ਗਿਆ । ਸੀਸ਼ੇ ਵਿਚ ਬੂਥਾ ਤਾਂ ਤੱਕ, ਡੱਡੂ ਦੇ ਢਿੱਡ ਵਾਂਗ ਪੀਲਾ ਭੂਕ ਹੋ ਗਿਆ ਹੈ ਅਤੇ ਹੁਣ ਮੇਰੇ ਉਤੇ ਲੱਤ ਰੱਖਣੀ ਚਾਹੁੰਦਾ ਹੈਂ । ਮੈਨੂੰ ਇਸ ਗੱਲ ਦੀ ਰਤਾ ਮਾਸਾ ਵੀ ਪਰਵਾਹ ਨਹੀਂ ਕਿ ਤੂੰ ਇਸ ਥਾਂ ਦਾ ਸਭ ਤੋਂ ਵੱਧ ਲੜਾਕਾ ਵਿਅਕਤੀ ਹੈਂ । ਜੇਕਰ ਤੂੰ ਮੇਰੇ ਨਾਲ ਟੱਕਰ ਲਵੇਂਗਾ ਤਾਂ ਮੈਂ ਤੇਰੀ ਖੋਪੜੀ ਭੰਨ ਦਿਆਂਗਾ, ਸਮਝ ਗਿਆ ਹੈਂ ?"

ਕੈਂਡੀ ਵੀ ਆਪਣੀ ਖੁਸ਼ੀ ਲਈ ਕਾਰਲਸਨ ਵੱਲੋਂ ਦਿੱਤੀ ਝਾੜ ਝੰਭ ਵਿਚ ਭਾਈਵਾਲ ਬਣ ਗਿਆ, "ਵੈਸਲੀਨ ਨਾਲ ਭਰਿਆ ਦਸਤਾਨਾ" ਉਸ ਨੇ ਬੜੇ ਵਿਅੰਗ ਨਾਲ ਇਹ ਸ਼ਬਦ ਉਚਾਰੇ ਅਤੇ ਹੌਲੀ ਜਿਹੀ ਹੱਸ ਵੀ ਪਿਆ।

ਕਰਲੀ ਨੇ ਉਸ ਵੱਲ ਘੂਰ ਕੇ ਵੇਖਿਆ। ਫਿਰ ਉਸ ਦੀਆਂ ਅੱਖਾਂ ਉਸ ਤੋਂ ਲੰਘ ਕੇ ਲੈਨੀ ਉਤੇ ਜਾ ਟਿੱਕੀਆਂ । ਲੈਨੀ ਹਾਲੀ ਤੱਕ ਵੀ ਆਪਣੇ ਸਹਿਆਂ ਬਾਰੇ ਸੋਚ ਵਿਚ ਡੁੱਬਾ ਦੰਦ ਕੱਢ ਕੇ ਮੁਸਕਰਾ ਰਿਹਾ ਸੀ।

ਕਰਲੀ ਟੈਰੀਅਰ ਕੁੱਤੇ ਵਾਂਗ ਲੈਨੀ ਉਤੇ ਟੁੱਟ ਪਿਆ। "ਹਰਾਮੀ, ਤੂੰ ਕਿਉਂ ਹੱਸ ਰਿਹਾ ਹੈਂ ?"

ਕਮਰੇ ਵਿਚ ਕੀ ਵਾਪਰ ਰਿਹਾ ਹੈ-ਲੈਨੀ ਨੇ ਕੁਝ ਨਹੀਂ ਸੀ ਵੇਖਿਆ। ਕਰਲੀ ਦੇ ਸਵਾਲ ਉਤੇ ਉਸ ਨੇ ਹੈਰਾਨਗੀ ਨਾਲ ਉਸ ਵਲ ਵੇਖਿਆ ਅਤੇ ਉਸ ਦੇ ਕਥਨ ਦੀ ਪ੍ਰੋੜਤਾ ਲੈਣ ਲਈ "ਹਾਂ?" ਕਰ ਦਿੱਤੀ।

ਕਰਲੀ ਇਕ ਦੰਮ ਗੁੱਸੇ ਨਾਲ ਭੜਕ ਗਿਆ। "ਓਏ ਲੰਬੂ ਹਰਾਮਜ਼ਾਦੇ, ਇੱਧਰ ਤਾਂ ਹੋ। ਉੱਠ ਖੜੋ ਆਪਣੀ ਥਾਂ ਤੋਂ। ਸੂਰ ਦਾ ਪੁੱਤਰ, ਭਾਵੇਂ ਕੋਈ ਕਿੰਨਾ ਵੀ ਲੰਮਾ ਅਤੇ ਤਕੜਾ ਕਿਉਂ ਨਾ ਹੋਵੇ, ਮੇਰੀ ਗੱਲ ਉਤੇ ਹੱਸਣ ਦਾ ਹੌਸਲਾ ਨਹੀਂ ਕਰ ਸਕਦਾ।"

ਲੈਨੀ ਨੇ ਬੜੀ ਬੇਵਸੀ ਨਾਲ ਜਾਰਜ ਵੱਲ ਵੇਖਿਆ ਅਤੇ ਉਹ ਉੱਠ ਕੇ ਪਿਛਾਂਹ ਹੋ ਗਿਆ ਕਰਲੀ ਕਿਸੇ ਨਿਪੰਨ ਮੁੱਕਾਬਾਜ ਵਾਂਗ ਮੁੱਕਾ ਕੱਸੀ ਲਈ ਤਿਆਰ ਖੜੋਤਾ ਸੀ। ਉਸ ਨੇ ਆਪਣੇ ਖੱਬੇ ਘਸੁੰਨ ਲਾਲ ਲੈਨੀ ਤੇ ਹੱਲਾ ਕੀਤਾ। ਫਿਰ ਉਸ ਨੇ ਸੱਜੇ ਘਸੁੰਨ ਨਾਲ ਲੈਨੀ ਦੀ ਨੱਕ ਤੋੜ ਦਿੱਤੀ। ਲੈਨੀ ਭੈ-ਭੀਤ ਹੋ ਕੇ ਚੀਕਣ ਲੱਗ ਪਿਆ। ਉਸ ਦੇ ਨੱਕ ਵਿਚੋਂ ਲਹੂ ਦੀ ਤਤੀਰੀ ਫੁੱਟ ਪਈ। ਉਸਨੇ ਚੀਕ ਕੇ ਕਿਹਾ, "ਜਾਰਜ, ਇਸ ਨੂੰ ਕਹੋ, ਕਿ ਮੈਨੂੰ ਛੱਡ ਦੇਵੇ। ਜਾਰਜ।" ਉਹ ਪਿਛਾਂਹ ਹੁੰਦਾ ਹੁੰਦਾ ਕੰਧ ਨਾਲ ਜਾ ਲੱਗਾ। ਕਰਲੀ ਉਸ ਨੂੰ ਮਾਰਦਾ ਮਾਰਦਾ ਉਸ ਦੇ ਮਗਰ ਮਗਰ ਅੱਗੇ ਅੱਗੇ ਵਧਦਾ ਗਿਆ। ਲੈਨੀ ਨੇ ਹੱਥ ਹਾਲੇ ਤੱਕ ਪਾਸਿਆਂ ਵੱਲ ਹੀ ਕੀਤੇ ਹੋਏ ਸਨ, ਉਹ ਇੰਨਾਂ ਡਰ ਗਿਆ ਸੀ ਕਿ ਆਪਣੇ ਆਪ ਨੂੰ ਬਚਾਉਣਾ ਵੀ ਭੁੱਲ ਗਿਆ ਸੀ।

ਉਸੇ ਵੇਲੇ ਜਾਰਜ ਉੱਠਿਆ ਅਤੇ ਚੀਕ ਕੇ ਬੋਲਿਆ, "ਲੈਨੀ, ਇਸ ਨੂੰ ਫੜ ਲੈ ਅਤੇ ਮਾਰ ਇਸ ਨੂੰ ਹੋਰ ਵਾਰ ਨਾ ਕਰਨ ਦੇ, ਲੈਨੀ, ਜੜ ਦੇ ਇਸ ਦੇ ਇਕ।"

ਲੈਨੀ ਨੇ ਆਪਣੇ ਵੱਡੇ ਵੱਡੇ ਪੰਜਿਆਂ ਨਾਲ ਆਪਣਾ ਮੂੰਹ ਕੱਜ ਲਿਆ ਅਤੇ ਡਰ ਨਾਲ ਹਟਕੋਰੇ ਲੈਣ ਲੱਗ ਪਿਆ। ਲੈਨੀ ਨੇ ਫਿਰ ਚੀਕ ਮਾਰੀ, "ਜਾਰਜ, ਇਸ ਨੂੰ ਰੋਕੋ।"

ਕਰਲੀ ਨੇ ਉਸ ਦੇ ਢਿੱਡ ਵਿਚ ਘਸੁੰਨ ਜੜ ਦਿੱਤਾ, ਜਿਸ ਨਾਲ ਲੈਨੀ ਦਾ ਸਾਹ ਰੁਕਣ ਲੱਗ ਪਿਆ।

ਸਲਿਮ ਛਾਲ ਮਾਰ ਕੇ ਉਠਿਆ ਅਤੇ ਉਚੀ ਸਾਰੀ ਬੋਲਿਆ, " ਕੁੱਤਾ, ਕਮੀਨਾ ਕਿਥੋਂ ਦਾ, ਮੈਂ ਆਪ ਹੀ ਇਸ ਨੂੰ ਸੁਆਦ ਚਖਾਉਂਦਾ ਹਾਂ। '

ਜਾਰਜ ਨੇ ਹੱਥ ਵਧਾ ਕੇ ਸਲਿਮ ਨੂੰ ਫੜ ਲਿਆ ਅਤੇ ਉੱਚੀ ਸਾਰੀ ਬੋਲਿਆ, "ਰਤਾ ਕੁ ਠਹਿਰੋ। " ਉਸ ਨੇ ਆਪਣੇ ਦੋਵੇਂ ਹੱਥਾਂ ਨੂੰ ਮੂੰਹ ਨੇੜੇ ਕਰਕੇ ਜੋਰ ਨਾਲ ਆਖਿਆ, "ਲੈਨੀ, ਮਾਰ ਇਸ ਕੁੱਤੇ ਨੂੰ।

ਲੈਨੀ ਨੇ ਆਪਣੇ ਮੂੰਹ ਤੋਂ ਹੱਥ ਚੁੱਕ ਕੇ ਜਾਰਜ ਵੱਲ ਵੇਖਿਆ ਅਤੇ ਕਰਲੀ ਨੇ ਇਕ ਹੋਰ ਮੁੱਕਾ ਉਸ ਦੀ ਅੱਖ ਉਤੇ ਠੋਕ ਦਿੱਤਾ। ਜਾਰਜ ਨੇ ਫਿਰ ਉੱਚੀ ਸਾਰੀ ਕਿਹਾ, "ਮੈਂ ਕਹਿੰਦਾ ਹਾਂ, ਫੜ ਲੈ, ਉਸ ਨੂੰ।" ਤਦ ਲੈਨੀ ਨੇ ਹੱਥ ਅੱਗੇ ਵਧਾਏ, ਕਰਲੀ ਉਸ ਨੂੰ ਹੋਰ ਮਾਰਨ ਲਈ ਮੁੱਕਾ ਘੁਮਾ ਰਿਹਾ ਸੀ, ਉਸੇ ਵੇਲੇ ਲੈਨੀ ਨੇ ਉਸ ਦੀ ਬੰਦ ਮੁੱਠੀ ਆਪਣੇ ਵੱਡੇ ਸਾਰੇ ਪੰਜੇ ਵਿਚ ਜਕੜ ਲਈ। ਅਗਲੇ ਖਿਣ ਹੀ ਕਰਲੀ ਉਸ ਮੱਛੀ ਵਾਂਗ ਤੜਪਣ ਲੱਗ ਪਿਆ, ਜਿਸ ਦੇ ਸੰਘ ਵਿਚ ਕੰਡਾ ਚੁੱਭ ਗਿਆ ਹੋਵੇ। ਉਸ ਦੀ ਬੰਦ ਮੁੱਠੀ ਲੈਨੀ ਦੇ ਵੱਡੇ ਸਾਰੇ ਹੱਥ ਵਿਚ ਲੋਪ ਹੋ ਗਈ ਸੀ। ਜਾਰਜ ਕਮਰੇ ਦੇ ਦੂਜੇ ਕੋਨੇ ਤੋਂ ਲੈਨੀ ਵੱਲ ਦੌੜਿਆ, "ਲੈਨੀ, ਇਸ ਨੂੰ ਛੱਡ ਦੇ, ਛੱਡ ਦੇ ਇਸ ਨੂੰ ਹੁਣ। "

ਪਰ ਭੈ-ਭੀਤ ਹੋਇਆ ਲੈਨੀ ਉਸ ਗਿਠਮੁਠੀਏ ਜਿਹੇ ਮਨੁੱਖ ਨੂੰ ਆਪਣੇ ਹੱਥ ਨਾਲ ਲਟਕਦਾ ਅਤੇ ਜ਼ਮੀਨ ਉਤੇ ਤੜਫਦਾ ਵੇਖ ਰਿਹਾ ਸੀ। ਉਸ ਦੇ ਚਿਹਰੇ ਤੋਂ ਲਹੂ ਵਗ ਰਿਹਾ ਸੀ।

ਉਸ ਦੀ ਇਕ ਅੱਖ ਜ਼ਖਮ ਹੋਣ ਕਾਰਣ ਬੰਦ ਸੀ ਪਰ ਉਹ ਕਰਲੀ ਨੂੰ ਛੱਡ ਨਹੀਂ ਸੀ ਰਿਹਾ। ਜਾਰਜ ਉਸ ਦੇ ਮੂੰਹ ਉਤੇ ਬਾਰ ਬਾਰ ਚਪੇੜਾਂ ਮਾਰ ਰਿਹਾ ਸੀ ਪਰ ਉਸ ਦੀ ਮੁੱਠੀ - ਲੈਨੀ ਦੇ ਪੰਜੇ ਵਿਚ ਗੁੰਮ ਹੋਈ ਪਈ ਸੀ।

ਜਾਰਜ ਮੁੜ ਮੁੜ ਇਹੀ ਗੱਲ ਚੀਕੀ ਜਾ ਰਿਹਾ ਸੀ, "ਲੈਨੀ, ਛੱਡ ਦੇ ਇਸ ਦਾ ਹੱਥ ਛੱਡ ਵੀ ਦੇ।" ਫਿਰ ਉਹ ਉਚੇ ਸੁਰ ਵਿਚ ਬੋਲਿਆ, "ਸਲਿਮ ਤੂੰ ਆ ਕੇ ਜਰਾ ਮਦਦ ਕਰ ਮੇਰੀ, ਆ ਜਾ ਰਤਾ ਕੁ ਮਦਦ ਕਰ, ਨਹੀਂ ਤਾਂ ਇਸ ਦੇ ਹੱਥ ਦਾ ਉੱਕਾ ਹੀ ਕਚੂਮਰ ਨਿੱਕਲ ਜਾਏਗਾ। "

ਫਿਰ ਇਕ ਦੰਮ ਲੈਨੀ ਨੇ ਕਰਲੀ ਦਾ ਹੱਥ ਛੱਡ ਦਿੱਤਾ ਅਤੇ ਉਹ ਕੰਧ ਦਾ ਆਸਰਾ ਲੈ ਕੇ ਸੁੰਗੜ ਕੇ ਬੈਠ ਗਿਆ। ਲੈਨੀ ਬੜੇ ਦੁੱਖ ਨਾਲ ਬੋਲਿਆ, " ਤੁਸਾਂ ਨੇ ਹੀ ਤਾਂ ਮੈਨੂੰ ਕਿਹਾ ਸੀ ਨਾ, ਜਾਰਜ ?

ਕਰਲੀ ਜ਼ਮੀਨ ਉਤੇ ਬੈਠ ਗਿਆ । ਉਹ ਆਪਣੇ ਕਚੂਮਰ ਨਿੱਕਲੇ ਹੱਥ ਵੱਲ ਹੈਰਾਨ ਹੋਇਆ ਵੇਖੀ ਜਾ ਰਿਹਾ ਸੀ। ਸਲਿਮ ਅਤੇ ਕਾਰਲਸਨ ਉਸ ਦੇ ਉਤੇ ਝੁਕੇ । ਫਿਰ ਸਲਿਮ ਨੇ ਸਿੱਧਾ ਖੜੋ ਕੇ ਲੈਨੀ ਵੱਲ ਬੜੇ ਅਚੰਬੇ ਨਾਲ ਵੇਖਿਆ। ਉਸ ਨੇ ਕਿਹਾ, "ਇਸ ਨੂੰ ਕਿਸੇ ਡਾਕਟਰ ਕੋਲ ਲਿਜਾਣਾ ਪਵੇਗਾ, ਮੈਨੂੰ ਲੱਗਦਾ ਹੈ ਕਿ ਇਸ ਦੇ ਹੱਥ ਦੀ ਇਕ ਇਕ ਹੱਡੀ ਟੁੱਟ ਗਈ ਹੈ।"

ਲੈਨੀ ਨੇ ਕਿਹਾ, "ਮੈਂ ਤਾਂ ਨਹੀਂ ਚਾਹੁੰਦਾ ਸਾਂ, ਮੈਂ ਉਸ ਨੂੰ ਕੋਈ ਸੱਟ ਨਹੀਂ ਮਾਰਨੀ ਚਾਹੁੰਦਾ ਸਾਂ।"

ਸਲਿਮ ਨੇ ਕਿਹਾ, "ਕਾਰਲਸਨ, ਤੁਸੀਂ ਜ਼ਰਾ ਗੱਡੀ ਜੋੜ ਦਿਉ। ਇਸ ਨੂੰ ਸੌਲੇਦਾਦ ਲਿਜਾ ਕੇ ਇਲਾਜ ਕਰਾਉਣਾ ਪਵੇਗਾ । "ਕਾਰਲਸਨ ਛੇਤੀ ਨਾਲ ਬਾਹਰ ਚਲਾ ਗਿਆ । ਸਲਿਮ ਲੈਨੀ ਵਲ ਮੁੜਿਆ, ਜੋ ਇਹ ਸਭ ਕੁਝ ਵੇਖ ਕੇ ਸਿਸਕਣ ਲੱਗ ਪਿਆ ਸੀ। "ਤੇਰਾ ਇਸ ਵਿਚ ਕੋਈ ਕਸੂਰ ਨਹੀਂ" ਉਸ ਨੇ ਕਿਹਾ, ਇਸ ਭਲਵਾਨ ਨੂੰ ਇਕ ਨਾ ਇਕ ਦਿਨ ਇਹ ਕੁਝ ਭੁਗਤਣਾ ਹੀ ਪੈਣਾ ਸੀ । ਪਰ ਸਹੁੰ ਖਾਂਦਾ ਹਾਂ ਕਿ ਇਸ ਦਾ ਹੱਥ ਉੱਕਾ ਹੀ ਦਰੜਿਆ ਗਿਆ ਹੈ । "ਸਲਿਮ ਛੇਤੀ ਨਾਲ ਬਾਹਰ ਚਲਿਆ ਗਿਆ ਅਤੇ ਖਿਣ ਭਰ ਵਿਚ ਹੀ ਟੀਨ ਦੇ ਕੱਪ ਵਿਚ ਕੁਝ ਪਾਣੀ ਲੈ ਕੇ ਪਰਤ ਆਇਆ। ਉਸ ਨੇ ਕੱਪ ਕਰਲੀ ਦੇ ਮੂੰਹ ਨਾਲ ਲਾ ਦਿੱਤਾ।

ਜਾਰਜ ਨੇ ਕਿਹਾ, "ਸਲਿਮ, ਕੀ ਹੁਣ ਸਾਨੂੰ ਇਥੋਂ ਕੱਢ ਦੇਣਗੇ ? ਸਾਨੂੰ ਤਾਂ ਕੁਝ ਪੈਸਿਆਂ ਦੀ ਸਖਤ ਲੋੜ ਹੈ। ਕੀ ਹੁਣ ਕਰਲੀ ਦਾ ਪਿਉ ਸਾਨੂੰ ਜਵਾਬ ਦੇ ਦੇਵੇਗਾ ? "

ਸਲਿਮ ਮੂੰਹ ਡਿੰਗਾਂ ਕਰਕੇ ਹੱਸਿਆ। ਉਹ ਕਰਲੀ ਦੇ ਉਤੇ ਝੁਕ ਗਿਆ । ਉਸ ਨੇ ਕਰਲੀ ਨੂੰ ਪੁੱਛਿਆ, "ਮੇਰੀ ਗੱਲ ਸੁਣ ਲਈ ਤੇਰਾ ਦਿਮਾਗ਼ ਰੁਖ਼ ਸਿਰ ਹੈ ਕਿ ਨਹੀਂ ?.. ਕਰਲੀ ਨੇ ਹਾਂ ਵਿਚ ਸਿਰ ਹਿਲਾ ਦਿੱਤਾ । ਸਲਿਮ ਬੋਲਿਆ, "ਤਾਂ ਫਿਰ ਸੁਣ, ਤੇਰਾ ਹੱਥ ਮਸ਼ੀਨ ਵਿਚ ਆ ਗਿਆ। ਸੀ । ਇਹੀ ਗੱਲ ਕਹਿਣੀ ਹੈ ਤੂੰ । ਜੇਕਰ ਤੂੰ ਕਿਸੇ ਨੂੰ ਹੋਰ ਕੁਝ

ਨਹੀਂ ਕਹੇਂਗਾ ਤਾਂ ਅਸੀਂ ਵੀ ਕਿਸੇ ਨੂੰ ਕੁਝ ਨਹੀਂ ਕਹਾਂਗੇ। ਪਰ ਜੇਕਰ ਤੂੰ ਰਤਾ ਵੀ ਇਧਰ ਉਧਰ ਦੀ ਗੱਲ ਕੀਤੀ ਅਤੇ ਇਸ ਆਦਮੀ ਨੂੰ ਕਢਵਾਉਣ ਦੀ ਕੋਸ਼ਿਸ਼ ਕੀਤੀ, ਤਾਂ ਅਸੀਂ ਫਿਰ ਸਾਰਿਆਂ ਨੂੰ ਅਸਲ ਗੱਲ ਦੱਸ ਦਿਆਂਗੇ ਅਤੇ ਫਿਰ ਸਾਰੀ ਦੁਨੀਆਂ ਤੇਰੇ ਉਤੇ ਹੱਸੇਗੀ। "

ਕਰਲੀ ਨੇ ਲੈਨੀ ਕੋਲੋਂ ਅੱਖਾਂ ਚੁਰਾ ਕੇ ਕਿਹਾ, "ਮੈਂ ਕਿਸੇ ਨੂੰ ਵੀ ਨਹੀਂ ਦੱਸਾਂਗਾ "

ਬਾਹਰੋਂ ਗੱਡੀ ਦੇ ਪਹੀਆਂ ਦੀ ਆਵਾਜ਼ ਸੁਣਾਈ ਦਿੱਤੀ। ਸਲਿਮ ਨੇ ਸਹਾਰਾ ਦੇ ਕੇ ਕਰਲੀ ਨੂੰ ਉਠਾਇਆ। ਉਸ ਨੇ ਕਿਹਾ, "ਹੁਣ ਚੱਲ, ਕਾਰਲਸਨ ਤੈਨੂੰ ਡਾਕਟਰ ਦੇ ਕੋਲ ਲੈ ਜਾਵੇਗਾ। ਉਹ ਕਰਲੀ ਦੀ ਬਾਂਹ ਫੜ ਕੇ ਬੂਹੇ ਤੋਂ ਬਾਹਰ ਲੈ ਗਿਆ। ਪਹੀਆਂ ਦੀ ਆਵਾਜ਼ ਦੂਰ ਚਲੀ ਗਈ ਝੱਟ ਕੁ ਮਗਰੋਂ ਸਲਿਮ ਮੁੜ ਅੰਦਰ ਆ ਗਿਆ। ਉਸ ਨੇ ਲੈਨੀ ਵੱਲ ਤੱਕਿਆ। ਉਹ ਹਾਲੇ ਵੀ ਡਰ ਦੇ ਮਾਰੇ ਕੰਧ ਨਾਲ ਦੁਬਕਿਆ ਹੋਇਆ ਸੀ। ਉਸ ਨੇ ਕਿਹਾ, "ਤੁਹਾਡੇ ਹੱਥ ਵੇਖਣੇ ਹਨ।

ਲੈਨੀ ਨੇ ਆਪਣੇ ਹੱਥ ਅੱਗੇ ਵਧਾ ਦਿੱਤੇ।

ਸਲਿਮ ਨੇ ਕਿਹਾ, "ਓਹ ਮੇਰਿਆ ਰੱਬਾ। ਰੱਬ ਕਦੇ ਇਹ ਨਾ ਕਰੇ ਕਿ ਤੁਹਾਨੂੰ ਮੇਰੇ ਉਤੇ ਗੁੱਸਾ ਆ ਜਾਵੇ।"

ਜਾਰਜ ਵਿਚੋਂ ਹੀ ਬੋਲ ਪਿਆ, ਉਸ ਨੇ ਸਫ਼ਾਈ ਦਿੰਦਿਆਂ ਕਿਹਾ; ' ਲੈਨੀ ਬੇਹੱਦ ਡਰ ਗਿਆ ਸੀ। ਉਸ ਨੂੰ ਤਾਂ ਪਹਿਲਾਂ ਸਮਝ ਵਿਚ ਹੀ ਨਹੀਂ ਆਇਆ ਕਿ ਕੀ ਕਰੇ। ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਸੀ ਨਾ ਕਿ ਉਸ ਨਾਲ ਕਿਸੇ ਨੂੰ ਲੜਨਾ ਨਹੀਂ ਚਾਹੀਦਾ ਨਹੀਂ, ਇਹ ਗੱਲ ਤਾਂ ਸ਼ਾਇਦ ਮੈਂ ਕੈਂਡੀ ਨੂੰ ਕਹੀ ਸੀ।"

ਕੈਂਡੀ ਨੇ ਗੰਭੀਰਤਾ-ਪੂਰਬਕ ਸਿਰ ਹਿਲਾ ਕੇ ਕਿਹਾ, “ਹਾਂ, ਕਿਹਾ ਸੀ; ਤੁਸੀਂ। ਅੱਜ ਸਵੇਰੇ ਜਦੋਂ ਕਰਲੀ ਨੇ ਪਹਿਲਾਂ ਪਹਿਲ ਤੁਹਾਡੇ ਮਿੱਤਰ ਨੂੰ ਡਾਂਟਿਆ ਸੀ। ਉਸ ਵੇਲੇ ਤੁਸੀਂ ਇਹ ਗੱਲ ਆਖੀ ਸੀ- ਜੇਕਰ ਆਪਣਾ ਭਲਾ ਲੋੜਦਾ ਹੈਂ, ਤਾਂ ਲੈਨੀ ਨਾਲ ਨਾ ਖਹਿਬੜ, ਐਨ ਇਹੀ ਸ਼ਬਦ ਤੁਸੀਂ ਕਹੇ ਸਨ।"

ਜਾਰਜ ਨੇ ਲੈਨੀ ਵੱਲ ਮੂੰਹ ਭੁਆ ਕੇ ਕਿਹਾ, “ਤੇਰਾ ਕੋਈ ਕਸੂਰ ਨਹੀਂ ਹੈ । ਅਤੇ ਤੈਨੂੰ ਡਰਨ ਦੀ ਵੀ ਕੋਈ ਲੋੜ ਨਹੀਂ। ਜੋ ਕੁਝ ਮੈਂ ਤੈਨੂੰ ਕਿਹਾ ਸੀ, ਤੂੰ ਤਾਂ ਉਹ ਹੀ ਕੀਤਾ ਹੈ। ਹੁਣ ਜਾ ਕੇ ਤੂੰ ਮੂੰਹ ਹੱਥ ਧੋ ਲੈ । ਬੜੀ ਡਰਾਉਣੀ ਸ਼ਕਲ ਬਣੀ ਹੋਈ ਹੈ, ਤੇਰੀ ।”

ਲੈਨੀ ਲਹੂ ਨਾਲ ਲੱਬ ਪੱਬ ਹੋਏ ਫੱਟੜ ਮੂੰਹ ਨਾਲ ਹੀ ਮੁਸਕਰਾਇਆ "ਮੈਂ ਕਿਸੇ ਨਾਲ ਵੀ ਲੜਨਾ ਨਹੀਂ ਚਾਹੁੰਦਾ । ਕਿਸੇ ਨੂੰ ਵੀ ਦੁੱਖ ਨਹੀਂ ਦੇਣਾ ਚਾਹੁੰਦਾ ।" ਉਹ ਬੋਲਿਆ। ਫਿਰ ਉਹ ਬੂਹੇ ਵੱਲ ਅੱਗੇ ਵਧਿਆ। ਪਰ ਬੂਹੇ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਹ ਅਚਾਨਕ ਪਰਤ ਆਇਆ, "ਜਾਰਜ" ?

"ਕੀ ਗੱਲ ਹੈ ?""

"ਮੈਨੂੰ ਸਹਿਆਂ ਦੀ ਦੇਖ-ਰੇਖ ਤਾਂ ਕਰਨ ਦਿਓਗੇ ਨਾ ? "

“ਅਵੱਸ਼, ਅਵੱਸ਼, ਤੂੰ ਕੋਈ ਕਸੂਰ ਨਹੀਂ ਕੀਤਾ ਹੈ । ”

"ਮੈਂ ਉਸ ਨੂੰ ਕੋਈ ਸੱਟ-ਫੇਟ ਨਹੀਂ ਮਾਰਨਾ ਚਾਹੁੰਦਾ ਸਾਂ, ਜਾਰਜ । *

‘‘ਚੰਗਾ, ਚੰਗਾ, ਹੁਣ ਤੂੰ ਜਾ ਕੇ ਪਹਿਲਾਂ ਮੂੰਹ-ਹੱਥ ਧੋ ਆ ।"

ਕਰੁਕਸ ਇਕ ਨੀਗਰੋ ਸਾਈਸ ਸੀ ਅਤੇ ਉਸ ਦਾ ਫੱਟਾ ਘੋੜੇ ਦੇ ਸ਼ਾਜ-ਸਮਾਨ ਵਾਲੇ ਕਮਰੇ ਵਿਚ ਹੀ ਸੀ । ਇਹ ਢਾਰੇ ਦੀ ਕੰਧ ਦੇ ਸਹਾਰੇ ਇਕ ਨਿੱਕਾ ਜਿਹਾ ਛੱਪਰ ਪਾ ਕੇ ਬਣਾਇਆ ਹੋਇਆ ਸੀ । ਇਸ ਨਿੱਕੇ ਜਿਹੇ ਕਮਰੇ ਦੇ ਇਕ ਪਾਸੇ ਚਾਰ ਸ਼ੀਸ਼ਿਆਂ ਵਾਲੀ ਇਕ ਚੌਕੋਰ ਖਿੜਕੀ ਸੀ ਅਤੇ ਦੂਜੇ ਪਾਸੇ ਫੱਟਿਆਂ ਦਾ ਬਣਿਆ ਹੋਇਆ ਇਕ ਸੌੜਾ ਜਿਹਾ ਬੂਹਾ ਸੀ ਜਿਹੜਾ ਢਾਰੇ ਵਿਚ ਖੁਲ੍ਹਦਾ ਸੀ। ਇਕ ਲੰਮੇ ਸਾਰੇ ਬਕਸੇ ਦੇ ਵਿਚ ਘਾਹ ਫੂਸ ਭਰਕੇ ਕਰੁਕਸ ਦੇ ਲੇਟਣ ਲਈ ਫੱਟਾ ਬਣਾ ਦਿੱਤਾ ਗਿਆ ਸੀ ਅਤੇ ਇਸ ਉਤੇ ਉਸ ਦੇ ਕੰਬਲ ਆਦਿ ਵਿਛੇ ਹੋਏ ਸਨ। ਖਿੜਕੀ ਦੇ ਕੋਲ ਕੰਧ ਉਤੇ ਕਿੱਲੀਆਂ ਲੱਗੀਆਂ ਸਨ, ਜਿੰਨ੍ਹਾਂ ਉੱਤੇ ਟੁੱਟਿਆ ਹੋਇਆ ਸਾਜ਼- ਸਾਮਾਨ ਮੁਰੰਮਤ ਦੀ ਉਡੀਕ ਵਿਚ ਲਟਕਿਆ ਹੋਇਆ ਸੀ। ਇੱਕ ਪਾਸੇ ਨਵੇਂ ਚਮੜੇ ਦੀਆਂ ਪੱਟੀਆਂ ਟੰਗੀਆਂ ਹੋਈਆਂ ਸਨ । ਖਿੜਕੀ ਦੇ ਐਨ ਥੱਲੇ ਇਕ ਬੈਂਚ ਵੀ ਪਿਆ ਸੀ, ਜਿਸ ਉਤੇ ਚਮੜੇ ਦਾ ਕੰਮ ਕਰਨ ਦੇ ਔਜ਼ਾਰ ਪਏ ਹੋਏ ਸਨ । ਮੁੜੇ ਹੋਏ ਚਾਕੂ, ਸੂਈਆਂ, ਡੋਰੇ ਦੇ ਗੋਲੇ ਅਤੇ ਰਿਵਟ ਲਾਉਣ ਦਾ ਇਕ ਹੋਰ ਨਿੱਕਾ ਔਜ਼ਾਰ, ਆਦਿ, ਆਦਿ। ਕਿੱਲੀਆਂ ਉਤੇ ਸਾਜ਼ ਦੇ ਕੁਝ ਵੱਖੋ ਵੱਖਰੇ ਹਿੱਸੇ ਵੀ ਟੰਗੇ ਹੋਏ

ਸਨ-ਫੱਟਿਆ ਹੋਇਆ ਗਲੇ ਦਾ ਪੱਟਾ, ਜਿਸ ਦੇ ਅੰਦਰ ਭਰੇ ਹੋਏ ਘੋੜਿਆਂ ਦੇ ਵਾਲ ਬਾਹਰ ਨਿੱਕਲੇ ਹੋਏ ਸਨ । ਟੁੱਟੇ ਹੋਏ ਮੁੜਵੇਂ ਕੁਲਾਬਿਆਂ ਦੀ ਇਕ ਜੋੜੀ ਅਤੇ ਜੋਤ, ਜਿਸ ਉਤੇ ਚੜਿਆ ਹੋਇਆ ਚਮੜਾ ਪਾਟ ਗਿਆ ਸੀ । ਕਰੁਕਸ ਦਾ ਬਕਸਾ ਉਸ ਦੇ ਫੱਟੇ ਦੇ ਉਪਰ ਸੀ । ਬਕਸੇ ਦੇ ਵਿਚ ਦਵਾਈਆਂ ਦਾ ਇੱਕ ਡੱਬਾ ਸੀ । ਇਸ ਡੱਬੇ ਦੇ ਵਿਚ ਉਸ ਦੀਆਂ ਆਪਣੀਆਂ ਅਤੇ ਘੋੜਿਆਂ-ਦੋਹਾਂ ਦੀਆਂ ਦਵਾਈਆਂ ਸਨ । ਇਸ ਤੋਂ ਇਲਾਵਾ ਗੱਦੀ ਧੋਣ ਲਈ ਸਾਬਣ ਦੇ ਡੱਬੇ ਸਨ । ਅਤੇ ਤਾਰਕੋਲ ਦਾ ਵੀ ਇਕ ਡੱਬਾ ਸੀ । ਤਾਰਕੋਲ ਵਾਲੇ ਡੱਬੇ ਦੇ ਕਿਨਾਰੇ ਵੱਲੋਂ ਇਕ ਬਰੁਸ਼ ਵੀ ਬਾਹਰ ਨਿਕਲਿਆ ਵਿਖਾਈ ਦਿੰਦਾ ਸੀ । ਜਿਸ ਨਾਲ ਤਾਰਕੋਲ ਲਾਉਂਦੇ ਸਨ । ਜ਼ਮੀਨ ਉਤੇ ਚਾਰੇ ਪਾਸੇ ਬਹੁਤ ਸਾਰੀਆਂ ਨਿੱਜੀ ਲੋੜਾਂ ਦੀਆਂ ਚੀਜ਼ਾਂ ਵੀ ਖਿੱਲਰੀਆਂ ਪਈਆਂ ਸਨ । ਕਿਉਂਕਿ ਕਰੁਕਸ ਇਸ ਕਮਰੇ ਵਿਚ ਇਕੱਲਾ ਹੀ ਸੀ, ਇਸ ਲਈ ਉਚ ਨਿਸ਼ੰਗ ਹੋ ਕੇ ਆਪਣੀਆਂ ਚੀਜ਼ਾਂ ਵਸਤਾਂ ਨੂੰ ਖਿੱਲਰੀਆਂ ਹੀ ਛੱਡ ਦਿੰਦਾ ਸੀ । ਸਾਈਸ ਅਤੇ ਉਹ ਵੀ ਲੰਗੜਾ-ਸਾਈਸ ਇਸੇ ਕਾਰਨ ਹੀ ਉਹ ਹੋਰਨਾਂ ਲੋਕਾਂ ਦੇ ਮੁਕਾਬਲੇ ਵਿਚ ਵਧੇਰੇ ਸਥਾਈ ਟਿੱਕਿਆ ਹੋਇਆ ਸੀ ।

ਉਸ ਨੇ ਇੰਨਾਂ ਨਿੱਕ ਸ਼ੱਕ ਇਕੱਠਾ ਕਰ ਲਿਆ ਹੋਇਆ ਸੀ ਕਿ ਸਾਰੇ ਸਾਮਾਨ ਨੂੰ ਉਹ ਆਪਣੀ ਪਿੱਠ ਉਤੇ ਚੁੱਕ ਕੇ ਕਿਧਰੇ ਵੀ ਨਹੀਂ ਲਿਜਾ ਸਕਦਾ ਸੀ ।

ਕਰੁਕਸ ਕੋਲ ਜੁੱਤੀਆਂ ਬੂਟਾਂ ਦੇ ਵੀ ਕਈ ਜੋੜੇ ਸਨ। ਉਨ੍ਹਾਂ ਵਿਚੋਂ ਇਕ ਜੋੜਾ ਰਬੜ ਦੇ ਬੂਟਾਂ ਦਾ ਵੀ ਸੀ । ਉਸ ਕੋਲ ਇਕ ਵੱਡੀ ਸਾਰੀ ਅਲਾਰਮ ਵਾਲੀ ਘੜੀ ਅਤੇ ਇਕ ਨਾਲੀ ਬੰਦੂਕ ਸੀ । ਇੰਨ੍ਹਾਂ ਚੀਜ਼ਾਂ ਤੋਂ ਇਲਾਵਾ ਉਸ ਦੇ ਪਾਸ ਪੁਸਤਕਾਂ ਵੀ ਸਨ। ਇਕ ਫਟੀ ਪੁਰਾਣੀ ਡਿਕਸ਼ਨਰੀ ਅਤੇ ਸੰਨ 1905 ਦੇ ਕੈਲੀਫ਼ੋਰਨੀਆਂ ਦੇ ਦੀਵਾਨੀ ਕਾਨੂੰਨ ਦੀ ਇਕ ਖਸਤਾ ਜਿਹੀ ਕਾਪੀ । ਪੁਰਾਣੇ ਰਸਾਲੇ ਤੇ ਮੈਗਜ਼ੀਨ ਅਤੇ ਕੁਝ ਇਕ ਮੈਲੀਆਂ ਕੁਚੈਲੀਆਂ ਪੁਸਤਕਾਂ ਉਸ ਦੀ ਅਲਮਾਰੀ ਵਿਚ ਪਈਆਂ ਸਨ, ਜਿਹੜੀ ਉਸ ਦੇ ਫੱਟੇ ਦੇ ਉੱਪਰਵਾਰ ਸੀ । ਉਸ ਦੇ ਬਿਸਤਰੇ ਦੇ ਐਨ ਉਤੇ ਕੰਧ ਵਿਚ ਲੱਗੀ ਇਕ ਕਿੱਲੀ ਦੇ ਉਤੇ ਇਕ ਵੱਡੀ ਸਾਰੀ ਸੁਨਹਿਰੇ ਫਰੇਮ ਵਾਲੀ ਐਨਕ ਵੀ ਟੰਗੀ ਹੋਈ ਸੀ।

ਉਂਜ ਇਹ ਕਮਰਾ ਕਾਫ਼ੀ ਸਾਫ-ਸੁਥਰਾ ਲੱਗਦਾ ਸੀ । ਸ਼ਾਇਦ ਇਸ ਦਾ ਕਾਰਣ ਇਹ ਸੀ ਕਿ ਕਰੁਕਸ ਨਵੇਕਲਾ ਰਹਿਣਾ ਪਸੰਦ ਕਰਦਾ ਸੀ ਅਤੇ ਸਵੈ-ਮਾਨ ਬਣਾ ਕੇ ਰੱਖਣ ਦਾ ਆਦੀ ਸੀ । ਉਹ ਲੋਕਾਂ ਤੋਂ ਦੂਰ ਦੂਰ ਰਹਿੰਦਾ ਸੀ ਅਤੇ ਇਹ ਵੀ ਚਾਹੁੰਦਾ ਸੀ ਕਿ ਹੋਰ ਲੋਕ ਵੀ ਉਸ ਤੋਂ ਦੂਰ ਹੀ ਰਹਿਣ ਅਤੇ ਉਸ ਦੇ ਇਸ ਆਦਰਸ਼ ਵਿਚ ਸਹਾਇਕ ਹੋਣ। ਉਸ ਦੀ ਰੀੜ ਦੀ ਹੱਡੀ ਡਿੰਗੀ ਹੋਈ ਸੀ, ਜਿਸ ਕਾਰਣ ਉਸ ਦਾ ਸਰੀਰ ਰਤਾ ਕੁ ਖੱਬੇ ਪਾਸੇ ਵੱਲ ਝੁਕਿਆ ਰਹਿੰਦਾ ਸੀ । ਉਸ ਦੀਆਂ ਅੱਖਾਂ ਉਸ ਦੇ ਸਿਰ ਦੇ ਵਿਚ ਬਹੁਤ ਡੂੰਘੀਆਂ ਖੁਭੀਆਂ ਹੋਈਆਂ ਸਨ ਅਤੇ ਸ਼ਾਇਦ ਇਸੇ ਡੂੰਘਾਈ ਕਾਰਣ ਹੀ ਤੇਜ਼ ਚਮਕਦੀਆਂ ਪ੍ਰਤੀਤ ਹੁੰਦੀਆਂ ਸਨ । ਉਸ ਦੇ ਪਤਲੇ ਜਿਹੇ ਮੂੰਹ ਉਤੇ ਡੂੰਘੀਆਂ ਕਾਲੀਆਂ ਝੁਰੜੀਆਂ ਪਈਆਂ ਹੋਈਆਂ ਸਨ । ਉਸ ਦੇ ਬੁੱਲ੍ਹ ਤਾਂ ਪਤਲੇ ਹੀ ਸਨ ਪਰ ਦਰਦ ਕਾਰਣ ਆਕੜੇ ਹੋਏ ਲੱਗਦੇ ਸਨ । ਉਸ ਦੇ ਬੁੱਲ੍ਹ ਉਸ ਦੇ ਸਮੁੱਚੇ ਚਿਹਰੇ ਦੀ ਤੁਲਨਾ ਵਿਚ ਵਧੇਰੇ ਹੌਲੇ ਪ੍ਰਤੀਤ ਹੁੰਦੇ ਸਨ ।

ਸ਼ਨਿੱਚਰਵਾਰ ਦੀ ਰਾਤ ਸੀ। ਢਾਰੇ ਵਿਚ ਖੁਲ੍ਹਦੇ ਬੂਹੇ ਦੇ ਵਿਚੋਂ ਬਾਹਰ ਘਾਹ ਚਰਦੇ ਘੋੜਿਆਂ, ਉਨ੍ਹਾਂ ਦੇ ਹਿਲਦੇ ਜੁਲਦੇ ਪੈਰਾਂ, ਘਾਹ ਨੂੰ ਟੁਕਦੇ ਚਿੱਥਦੇ ਉਨ੍ਹਾਂ ਦੇ ਦੰਦਾਂ ਅਤੇ ਹਿਲਦੀਆਂ ਜੰਜੀਰਾਂ ਦੀ ਛਣਕਾਰ ਦੀਆਂ ਆਵਾਜ਼ਾਂ ਆ ਰਹੀਆਂ ਸਨ । ਉਸ ਦੇ ਕਮਰੇ ਵਿਚ ਇਕ ਛੋਟੇ ਜਿਹੇ ਬਿਜਲੀ ਦੇ ਬਲਬ ਤੋਂ ਹਲਕਾ ਹਲਕਾ ਪੀਲਾ ਚਾਨਣ ਆ ਰਿਹਾ ਸੀ।

ਕਰੁਕਸ ਆਪਣੇ ਬਿਸਤਰੇ ਉਤੇ ਬੈਠਾ ਹੋਇਆ ਸੀ। ਉਸ ਦੀ ਕਮੀਜ਼ ਪਿੱਠ ਵਾਲੇ ਪਾਸਿਉਂ ਉਸ ਦੀ ਪਤਲੂਨ ਵਿਚੋਂ ਬਾਹਰ ਨਿਕਲੀ ਹੋਈ ਸੀ । ਉਸ ਦੇ ਇਕ ਹੱਥ ਦੇ ਵਿਚ ਲਿਨਾਂਮੈਂਟ ਦੀ ਇਕ ਸ਼ੀਸ਼ੀ ਸੀ ਅਤੇ ਉਹ ਆਪਣੇ ਦੂਜੇ ਹੱਥ ਦੇ ਨਾਲ ਆਪਣੀ ਰੀੜ੍ਹ ਦੀ ਹੱਡੀ ਦੀ ਮਾਲਿਸ਼ ਕਰ ਰਿਹਾ ਸੀ । ਕਦੇ ਕਦੇ ਉਹ ਆਪਣੀ ਤਲੀ ਉਤੇ ਲਿਨਾਂਮੈਂਟ ਦੀਆਂ ਕੁਝ ਬੂੰਦਾਂ ਪਾ ਲੈਂਦਾ ਅਤੇ ਆਪਣੀ ਕਮੀਜ਼ ਦੇ ਥੱਲਿਓਂ ਹੱਥ ਵਾੜ ਕੇ ਫਿਰ ਮਾਲਿਸ਼ ਕਰਨ ਲੱਗ ਪੈਂਦਾ । ਫਿਰ ਉਹ ਆਪਣੇ ਪੱਠਿਆਂ ਨੂੰ ਕਮਰ ਵੱਲ ਘੁਟਦਾ ਅਤੇ ਪੀੜ ਨਾਲ ਕੰਬ ਜਾਂਦਾ ।

ਲੈਨੀ ਬਿਨਾਂ ਕਿਸੇ ਤਰ੍ਹਾਂ ਦਾ ਖੜਾਕ ਕੀਤੇ ਐਨ ਚੁੱਪ ਸਾਧੀ ਆ ਕੇ ਖੁੱਲ੍ਹੇ ਹੋਏ ਬੂਹੇ ਦੇ ਵਿਚ ਖੜੋ ਗਿਆ। ਉਸ ਦਾ ਸਰੀਰ ਇੰਨਾਂ ਭਾਰਾ ਸੀ ਕਿ ਉਹ ਮਸਾਂ ਮਸਾਂ ਹੀ ਬੂਹੇ ਵਿਚ ਆਉਂਦਾ ਸੀ । ਕੁਝ ਚਿਰ ਤਾਂ ਕਰੁਕਸ ਦੀ ਨਜ਼ਰ ਉਸ ਤੇ ਨਾ ਪਈ ਪਰ ਫਿਰ ਨਜ਼ਰ ਪੈਂਦਿਆਂ ਸਾਰ ਹੀ ਉਹ ਇਕ ਦਮ ਆਕੜ ਗਿਆ ਅਤੇ ਉਸ ਨੇ ਤਿਊੜੀਆਂ ਵੱਟ ਲਈਆਂ। ਉਸ ਨੇ ਆਪਣਾ ਹੱਥ ਵੀ ਕਮੀਜ਼ ਵਿਚੋਂ ਬਾਹਰ ਕੱਢ ਲਿਆ।

ਮਿੱਤਰ-ਭਾਵਨਾ ਨੂੰ ਪਕੇਰਿਆਂ ਕਰਨ ਦੀ ਕੋਸ਼ਿਸ਼ ਵਿਚ ਲੈਨੀ ਔਖਿਆਂ ਸੋਖਿਆਂ ਰਤਾ ਕੁ ਮੁਸਕਰਾਇਆ ।

ਕਰੁਕਸ ਨੇ ਅਤਿਅੰਤ ਰੁੱਖਾ ਹੋ ਕੇ ਕਿਹਾ, "ਤੈਨੂੰ ਇਸ ਕਮਰੇ ਵਿਚ ਆਉਣ ਦੀ ਆਗਿਆ ਕਿਸ ਨੇ ਦਿੱਤੀ ਹੈ ? ਇਹ ਕਮਰਾ ਮੇਰਾ ਹੈ। ਇਸ ਕਮਰੇ ਵਿਚ ਮੇਰੇ ਤੋਂ ਸਿਵਾ ਹੋਰ ਕਿਸੇ ਨੂੰ ਆਉਣ ਦਾ ਹੱਕ ਹਾਸਿਲ ਨਹੀਂ ਹੈ ।"

ਲੈਨੀ ਨੇ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਪਰ ਕਹਿ ਨਾ ਸਕਿਆ ਅਤੇ ਉਸ ਦਾ ਮੂੰਹ ਭਿਚ ਜਿਹਾ ਗਿਆ ਅਤੇ ਮੂੰਹ ਵਿਚਲੀ ਬੁੱਕ ਅੰਦਰ ਹੀ ਲੰਘ ਗਈ । ਉਸ ਦੇ ਚਿਹਰੇ ਉਤੇ ਆਈ ਮੁਸਕਣੀ ਵੀ ਖੇਰੂੰ ਖੇਰੂੰ ਹੋ ਗਈ । "ਮੈਂ ਕੁਝ ਵੀ ਨਹੀਂ ਕਰ ਰਿਹਾ ਇਥੇ ਉਸ ਨੇ ਔਖ ਨਾਲ ਕਿਹਾ। "ਮੈਂ ਤਾਂ ਆਪਣੇ ਕਤੂਰੇ ਨੂੰ ਵੇਖਣ ਲਈ ਗਿਆ ਸਾਂ, ਜਦੋਂ ਮੈਂ ਤੁਹਾਡੇ ਕਮਰੇ ਦੇ ਵਿਚ ਚਾਨਣ ਵੇਖਿਆ" ਉਸ ਨੇ ਆਪਣਾ ਪੱਖ ਸਪੱਸ਼ਟ ਕਰਨ ਲਈ ਕਿਹਾ ।

"ਚਾਨਣ ਕਰਨ ਤੋਂ ਮੈਨੂੰ ਕੌਣ ਰੋਕ ਸਕਦਾ ਹੈ ।" ਕਰੁਕਸ ਵਧੇਰੇ ਰੁੱਖਾ ਹੋ ਕੇ ਬੋਲਿਆ, "ਤੂੰ ਮੇਰੇ ਕਮਰੇ ਵਿਚੋਂ ਇਕ ਦਮ ਚਲਾ ਜਾ । ਤੁਸੀਂ ਲੋਕ ਆਪਣੇ ਕਮਰੇ ਵਿਚ ਵਿਚ ਮੇਰਾ ਆਉਣਾ ਪਸੰਦ ਨਹੀਂ ਕਰਦੇ । ਮੈਂ ਵੀ ਆਪਣੇ ਕਮਰੇ ਵਿਚ ਤੁਹਾਡਾ ਆਉਣਾ ਪਸੰਦ ਨਹੀਂ ਕਰਦਾ।"

ਲੈਨੀ ਨੇ ਆਪਣੇ ਕੁਦਰਤੀ ਭੋਲੇਪਣ ਨਾਲ ਪੁੱਛਿਆ, "ਉਹ ਆਪਣੇ ਕਮਰੇ ਦੇ ਵਿਚ ਤੁਹਾਡਾ ਆਉਣਾ ਪਸੰਦ ਕਿਉਂ ਨਹੀਂ ਕਰਦੇ? "

ਇਸ ਲਈ ਕਿ ਮੇਰਾ ਰੰਗ ਕਾਲਾ ਹੈ। ਉਥੇ ਲੋਕੀਂ ਤਾਸ਼ ਖੇਡਦੇ ਹਨ ਪਰ ਮੈਂ ਉਨ੍ਹਾਂ ਨਾਲ ਤਾਸ਼ ਨਹੀਂ ਖੇਡ ਸਕਦਾ, ਕਿਉਂਕਿ ਮੈਂ ਕਾਲਾ ਹਾਂ । ਉਹ ਇਹ ਵੀ ਕਹਿੰਦੇ ਹਨ ਕਿ

ਮੇਰੇ ਸਰੀਰ ਵਿਚੋਂ ਬਦਬੂ ਆਉਂਦੀ ਹੈ । ਮੈਂ ਕਹਿੰਦਾ ਹਾਂ ਕਿ ਮੈਨੂੰ ਤੁਹਾਡੇ ਸਾਰਿਆਂ ਦੇ ਸਰੀਰਾਂ ਵਿਚੋਂ ਬਦਬੂ ਆਉਂਦੀ ਹੈ।"

ਲੈਨੀ ਨੇ ਆਪਣੇ ਵੱਡੇ ਵੱਡੇ ਹੱਥ ਅਤਿਅੰਤ ਬੇਵਸੀ ਵਿਚ ਜ਼ੋਰ ਜ਼ੋਰ ਨਾਲ ਹਿਲਾਏ। ਉਹ ਬੋਲਿਆ, "ਸਾਰੇ ਲੋਕੀਂ ਸ਼ਹਿਰ ਚਲੇ ਗਏ ਹਨ। ਸਲਿਮ, ਜਾਰਜ ਅਤੇ ਹੋਰ ਸਾਰੇ । ਜਾਰਜ ਨੇ ਮੈਨੂੰ ਇਥੇ ਹੀ ਰਹਿਣ ਲਈ ਕਿਹਾ ਸੀ । ਉਸ ਨੇ ਇਹ ਵੀ ਆਖਿਆ ਸੀ ਕਿ ਮੈਂ ਕੋਈ ਨਵਾਂ ਝੰਜਟ ਨਾ ਪਾ ਦਿਆਂ । ਮੈਂ ਤੁਹਾਡੇ ਕਮਰੇ ਵਿਚ ਚਾਨਣ ਵੇਖ ਕੇ ਆ ਗਿਆ ਸਾਂ ।"

" ਚੰਗਾ, ਤਾਂ ਤੂੰ ਚਾਹੁੰਦਾ ਕੀ ਹੈਂ ?"

"ਕੁਝ ਵੀ ਨਹੀਂ, ਮੈਂ ਕਮਰੇ ਵਿਚ ਚਾਨਣ ਵੇਖਿਆ। ਮੈਂ ਸੋਚਿਆ, ਜਾ ਕੇ ਰਤਾ ਕੁ ਬੈਠਾਂਗਾ।"

ਕਰੁਕਸ ਨੀਝ ਲਾ ਕੇ ਲੈਨੀ ਨੂੰ ਵੇਖਣ ਲੱਗ ਪਿਆ। ਫਿਰ ਉਹ ਉਠਿਆ ਅਤੇ ਲੈਨੀ ਦੇ ਨੇੜੇ ਚਲਾ ਗਿਆ । ਉਸ ਨੇ ਕਿੱਲੀ ਤੋਂ ਆਪਣੀ ਐਨਕ ਲਾਹ ਕੇ ਆਪਣੀ ਨੱਕ ਉਤੇ ਰੱਖ ਲਈ ਅਤੇ ਐਨਕ ਦੀਆਂ ਕਮਾਨੀਆਂ ਨੂੰ ਆਪਣੇ ਕੰਨਾਂ ਉਤੇ ਚੰਗੀ ਤਰ੍ਹਾਂ ਫਸਾ ਲਿਆ। ਇਸ ਤੋਂ ਬਾਦ ਉਹ ਲੈਨੀ ਨੂੰ ਹੋਰ ਵੀ ਧਿਆਨ ਨਾਲ ਵੇਖਣ ਲੱਗ ਪਿਆ। "ਪਰ ਤੂੰ ਢਾਰੇ ਵਿਚ ਕੀ ਕਰਦਾ ਪਿਆ ਸੈਂ ?" ਕਰਕਸ ਨੇ ਇਹ ਗੱਲ ਢੁੱਚਰ ਵਜੋਂ ਆਖੀ "ਤੁਸੀਂ ਤਾਂ ਅਨਾਜ ਕੁੱਟਣ ਜਾਂ ਅਨਾਜ ਤੋਂ ਛਿਲਕੇ ਲਾਹੁਣ ਵਾਲੇ ਕਾਮੇ ਹੋ । ਤੁਹਾਡਾ ਕੰਮ ਤਾਂ ਕੇਵਲ ਜੌਂ ਢੋਣਾ ਹੈ ਅਤੇ ਅਨਾਜ ਢੋਣ ਵਾਲੇ ਕਾਮਿਆਂ ਦਾ ਢਾਰੇ ਵਿਚ ਆਉਣ ਦਾ ਕੋਈ ਮਤਲਬ ਨਹੀਂ । ਤੁਸੀਂ ਤਾਂ ਅਨਾਜ ਕੁੱਟਣ ਵਾਲੇ ਨਹੀਂ ਹੋ । ਇਸ ਤਰ੍ਹਾਂ ਤੁਹਾਡਾ ਘੋੜਿਆਂ ਨਾਲ ਵੀ ਕੋਈ ਸਰੋਕਾਰ ਨਹੀਂ ਹੈ ।"

"ਕਤੂਰਾ ਹੈ ਮੇਰਾ ।" ਲੈਨੀ ਨੇ ਮੁੜ ਉਹੀ ਗੱਲ ਆਖੀ ।" ਮੈਂ ਆਪਣੇ ਕਤੂਰੇ ਨੂੰ ਵੇਖਣ ਲਈ ਆਇਆ ਸਾਂ ।"

"ਤਾਂ ਫਿਰ ਜਾ ਅਤੇ ਵੇਖ ਆਪਣੇ ਕਤੂਰੇ ਨੂੰ । ਜਿੱਥੇ ਤੇਰੀ ਲੋੜ ਨਹੀਂ, ਉਥੇ ਐਵੇਂ ਮੂੰਹ ਚੁੱਕੀ ਕਿਉਂ ਵੜਿਆ ਆਉਂਦਾ ਹੈ ? "

ਲੈਨੀ ਦੀ ਮੁਸਕਣੀ ਉਸ ਦੇ ਵੱਡੇ ਵੱਡੇ ਬੁਲ੍ਹਾਂ ਉਤੋਂ ਉਡ ਗਈ। ਉਹ ਇਕ ਕਦਮ ਅੱਗੇ ਵਧਿਆ, ਫਿਰ ਕੁਝ ਹੋਰ ਗੱਲ ਯਾਦ ਆਉਣ ਕਰਕੇ ਪਿਛਾਂਹ ਪਰਤ ਗਿਆ। “ਮੈਂ ਥੋੜਾ ਕੁ ਉਨ੍ਹਾਂ ਕਤੂਰਿਆਂ ਨੂੰ ਵੇਖ ਰਿਹਾ ਸਾਂ । ਸਲਿਮ ਨੇ ਮੈਨੂੰ ਕਿਹਾ ਹੈ ਕਿ ਮੈਂ ਉਨ੍ਹਾਂ ਨੂੰ ਜ਼ਿਆਦਾ ਨਾ ਪਲੋਸਾਂ ।"

"ਤੁਸੀਂ ਉਨ੍ਹਾਂ ਕਤੂਰਿਆਂ ਨੂੰ ਬਾਰ ਬਾਰ ਬਾਹਰ ਕਢਦੇ ਹੋ। ਇਸ ਡਰ ਮਾਰੇ ਉਨ੍ਹਾਂ ਦੀ ਮਾਂ ਕਤੂਰਿਆਂ ਨੂੰ ਲੈ ਕੇ ਕਿਧਰੇ ਹੋਰ ਚਲੀ ਜਾਵੇਗੀ ।”

ਉਹ ਤਾਂ ਕੋਈ ਬੁਰਾ ਨਹੀਂ ਮਨਾਉਂਦੀ । ਮੈਂ ਤਾਂ ਉਸ ਦੇ ਸਾਹਮਣੇ ਬੈਠ ਕੇ ਵੀ ਉਨ੍ਹਾਂ ਨੂੰ ਪਲੋਸਦਾ ਹਾਂ ਅਤੇ ਉਹ ਰਤਾ ਵੀ ਨਹੀਂ ਖਿੱਝਦੀ ।”

ਕਰੂਕਸ ਨੇ ਤਿਉੜੀਆਂ ਵੱਟ ਲਈਆਂ ਪਰ ਲੈਨੀ ਦੀ ਬੱਚਿਆਂ ਵਰਗੀ ਮੁਸਕਣੀ ਅੱਗੇ ਹਾਰ ਗਿਆ । "ਆ ਜਾਓ, ਕੁਝ ਦੇਰ ਲਈ ਬੈਠੋ।” ਉਸ ਦੇ ਇਨ੍ਹਾਂ ਬੋਲਾਂ ਵਿਚ ਕੁਝ ਵਧੇਰੇ ਹੀ ਅਪਣੱਤ ਸੀ। “ਹੈਂ? ਸਾਰੇ ਲੋਕੀਂ ਸ਼ਹਿਰ ਚਲੇ ਗਏ ਹਨ ।”

“ਕੈਂਡੀ ਨੂੰ ਛੱਡ ਕੇ ਸਾਰੇ ਹੀ । ਕੇਵਲ ਉਹ ਹੀ ਆਪਣੇ ਫੱਟੇ ਉਤੇ ਬੈਠਾ ਆਪਣੀ ਪੈਨਸਿਲ ਘੜ ਰਿਹਾ ਹੈ ਅਤੇ ਕੁਝ ਹਿਸਾਬ ਕਿਤਾਬ ਕਰ ਰਿਹਾ ਹੈ। ”

ਕਰੂਕਸ ਨੇ ਆਪਣੀ ਐਨਕ ਮੁੜ ਠੀਕ ਤਰ੍ਹਾਂ ਟਿਕਾਈ । “ਹਿਸਾਬ ਕਿਤਾਬ ਕਰ ਰਿਹਾ ਹੈ ? ਕੈਂਡੀ ਕਿਹੜੇ ਹਿਸਾਬਾਂ ਵਿਚ ਰੁੱਝਾ ਹੋਇਆ ਹੈ ? " .

ਲੈਨੀ ਵਿਚ ਜੋਸ਼ ਭਰ ਗਿਆ। ਉਸ ਨੇ ਉਚੇ ਸੁਰ ਵਿਚ ਕਿਹਾ, "ਸਹਿਆਂ ਬਾਰੇ ।”

ਕਰੂਕਸ ਨੇ ਆਪਣੇ ਸਿਰ ਨੂੰ ਹੱਥ ਲਾਇਆ ਅਤੇ ਫਿਰ ਹੱਥ ਨੂੰ ਹਵਾ ਵਿਚ ਹਲਾਉਂਦਿਆਂ ਹੋਇਆ ਬੋਲਿਆ, “ਤੂੰ ਪਾਗਲ ਹੈਂ । ਤੂੰ ਤਾਂ ਉੱਕਾ ਹੀ ਪਾਗਲ ਹੈਂ । ਕਿਹੜੇ ਸਹਿਆਂ ਦੀ ਗੱਲ ਕਰ ਰਿਹਾ ਹੈਂ, ਤੂੰ ?”

"ਉਹ ਹੀ ਸਹੇ, ਜਿਹੜੇ ਅਸੀਂ ਪਾਲਾਂਗੇ, ਜਿਨ੍ਹਾਂ ਦੀ ਸਾਂਭ ਸੰਭਾਲ ਮੈਂ ਕਰਿਆ ਕਰਾਂਗਾ, ਜਿਨ੍ਹਾਂ ਲਈ ਮੈਂ ਆਪ ਘਾਹ ਵੱਢ ਕੇ ਲਿਆਇਆ ਕਰਾਂਗਾ, ਜਿਨ੍ਹਾਂ ਨੂੰ ਮੈਂ ਪਾਣੀ ਪਿਲਾਇਆ ਕਰਾਂਗਾ, ਜਿਨ੍ਹਾਂ ਨੂੰ ਮੈਂ ਪਲੋਸਿਆ ਵੀ ਕਰਾਂਗਾ। "

ਕਰੁਕਸ ਨੇ ਕਿਹਾ, "ਤੂੰ ਤਾਂ ਨਿਰਾ ਭੌਂਦੂ ਹੈਂ । ਤੂੰ ਜਿਸ ਆਦਮੀ ਦੇ ਸੰਗ-ਸਾਥ ਵਿਚ ਰਹਿੰਦਾ ਹੈ, ਜੇਕਰ ਉਹ ਤੈਨੂੰ ਆਪਣੇ ਤੋਂ ਪਰੇ ਪਰੇ ਰੱਖਦਾ ਹੈ, ਤਾਂ ਇਸ ਵਿਚ ਉਸ ਦਾ ਕੋਈ ਕਸੂਰ ਨਹੀਂ ।"

ਲੈਨੀ ਨੇ ਐਨੇ ਠੰਢੇ ਦਿਲ ਨਾਲ ਆਖਿਆ, "ਮੇਰੀ ਗੱਲ ਵਿਚ ਰਤਾ ਵੀ ਝੂਠ ਨਹੀਂ । ਅਸੀਂ ਇਹ ਸਭ ਕੰਮ ਕਰਾਂਗੇ । ਅਸੀਂ ਭੋਂ ਖਰੀਦ ਲੈਣੀ ਹੈ ਅਤੇ ਫਿਰ ਉਥੇ ਜਾ ਕੇ ਰਿਹਾ ਕਰਾਂਗੇ ।"

ਕਰੁਕਸ ਭੇਤ ਲੈਣ ਲਈ ਹੋਰ ਵੀ ਨਿੱਸਲ ਹੋ ਕੇ ਆਪਣੇ ਬਿਸਤਰੇ ਉਤੇ ਡਟ ਗਿਆ ਉਸ ਨੇ ਲੈਨੀ ਨੂੰ ਕਿਹਾ, "ਬੈਠ ਜਾਓ, ਕਿੱਲਾਂ ਵਾਲੇ ਉਸ ਡੱਬੇ ਉਤੇ ਬੈਠ ਜਾਓ ।"

ਲੈਨੀ ਉਸ ਨਿੱਕੇ ਜਿਹੇ ਡੱਬੇ ਉਤੇ ਕੁੱਬਾ ਜਿਹਾ ਹੋ ਕੇ ਬੈਠ ਗਿਆ । "ਤੁਸੀਂ ਸੋਚਦੇ ਹੋ ਕਿ ਇਹ ਝੂਠ ਹੈ? " ਉਹ ਬੋਲਿਆ, "ਪਰ ਇਨ੍ਹਾਂ ਗੱਲਾਂ ਵਿਚ ਰਤਾ ਮਾਸਾ ਵੀ ਝੂਠ ਨਹੀਂ। ਅੱਖਰ ਅੱਖਰ ਸੱਚ ਹੈ । ਤੁਸੀਂ ਬੇਸ਼ਕ ਜਾਰਜ ਤੋਂ ਪੁੱਛ ਲੈਣਾ ।"

ਕਰੁਕਸ ਨੇ ਆਪਣੀ ਕਾਲੀ ਸਿਆਹ ਠੋਡੀ ਆਪਣੀ ਤਲੀ ਉਤੇ ਟਿਕਾ ਲਈ । "ਤੁਸੀ ਹਰ ਇਕ ਥਾਂ ਜਾਰਜ ਦੇ ਨਾਲ ਨਾਲ ਹੀ ਜਾਂਦੇ ਹੋ ਨਾ ?"

"ਹਾਂ, ਹਾਂ, ਅਵੱਸ, ਮੈਂ ਅਤੇ ਜਾਰਜ ਹਰ ਥਾਂ ਇਕੱਠੇ ਹੀ ਜਾਂਦੇ ਹਾਂ ।

ਕਰੁਕਸ ਬੋਲਦਾ ਗਿਆ, "ਕਦੇ ਕਦੇ ਅਜਿਹਾ ਹੁੰਦਾ ਹੈ ਨਾ ਕਿ ਉਹ ਗੱਲਾਂ ਕਰਨ ਲੱਗ ਪੈਂਦਾ ਹੈ । ਪਰ ਤੁਹਾਡੀ ਸਮਝ ਵਿਚ ਨਹੀਂ ਆਉਂਦਾ ਕਿ ਉਹ ਕੀ ਬਕੀ ਜਾ ਰਿਹਾ ਹੈ। ਹੁੰਦਾ ਹੈ ਨਾ ਇੰਜ ?" ਉਹ ਅੱਗੇ ਨੂੰ ਝੁਕ ਗਿਆ । ਉਸਦੀਆਂ ਡੂੰਘੀਆਂ ਅੱਖਾਂ ਜਿਵੇਂ ਲੈਨੀ ਦੇ ਧੁਰ ਅੰਦਰ ਵੜੀਆਂ ਜਾ ਰਹੀਆਂ ਸਨ । "ਇੰਜ ਹੀ ਹੈ ਨਾ ?"

"ਹਾਂ..... ਕਦੀ-ਕਦੀ"

"ਉਹ ਗੱਲਾਂ ਕਰੀ ਜਾਂਦਾ ਹੈ ਅਤੇ ਤੁਹਾਡੇ ਕੁਝ ਪੱਲੇ ਹੀ ਨਹੀਂ ਪੈਂਦਾ ਕਿ ਉਹ ਕੀ ਕੁਝ ਕਹੀ ਜਾ ਰਿਹਾ ਹੈ ।"

" ਆਹੋ.... ਕਦੇ-ਕਦੇ । ਪਰ ਸਦਾ ਨਹੀਂ । "

ਕਰੁਕਸ ਆਪਣੇ ਬਿਸਤਰੇ ਦੇ ਸਿਰੇ ਉਤੇ ਆ ਗਿਆ ਅਤੇ ਅੱਗੇ ਝੁਕ ਗਿਆ, ਉਸ ਨੇ ਕਿਹਾ, “ਮੈਂ ਦੱਖਣ ਦਾ ਨੀਗਰੋ ਨਹੀਂ ਹਾਂ, ਮੈਂ ਇਥੇ ਕੈਲੀਫੋਰਨੀਆਂ ਵਿਚ ਹੀ ਜੰਮਿਆ ਸਾਂ । ਮੇਰੇ ਪਿਉ ਦਾ ਕੁੱਕੜੀਆਂ ਦਾ ਵਾੜਾ ਸੀ, ਹੋਵੇਗਾ ਕੋਈ ਦਸਾਂ ਕੁ ਏਕੜਾਂ ਦਾ। ਗੋਰਿਆਂ ਦੇ ਬੱਚੇ ਸਾਡੇ ਵਾੜੇ ਵਿਚ ਖੇਡਣ ਆਉਂਦੇ ਹੁੰਦੇ ਸਨ । ਕਦੇ ਕਦਾਈਂ ਮੈਂ ਵੀ ਉਨ੍ਹਾਂ ਦੇ ਨਾਲ ਖੇਡਣ ਲਈ ਚਲਾ ਜਾਂਦਾ ਸਾਂ । ਉਨ੍ਹਾਂ ਵਿਚੋਂ ਕੁਝ ਕੁ ਤਾਂ ਬਹੁਤ ਚੰਗੇ ਸਨ । ਪਰ ਮੇਰੇ ਪਿਉ ਨੂੰ ਇਹ ਗੱਲ ਠੀਕ ਨਹੀਂ ਸੀ ਲੱਗਦੀ । ਕਈ ਚਿਰਾਂ ਤਕ ਮੈਨੂੰ ਸਮਝ ਨਾ ਪਈ ਕਿ ਮੇਰੇ ਪਿਉ ਨੂੰ ਮੇਰਾ ਉਨ੍ਹਾਂ ਨਾਲ ਖੇਡਣਾ ਕਿਉਂ ਚੰਗਾ ਨਹੀਂ ਲੱਗਦਾ । ਪਰ ਹੁਣ ਮੈਨੂੰ ਪਤਾ ਲੱਗ ਗਿਆ ਹੈ। “ਉਹ ਰਤਾ ਕੁ ਚੁਪ ਹੋ ਗਿਆ ਅਤੇ ਜਦੋਂ ਉਸ ਨੇ ਫਿਰ ਬੋਲਣਾ ਸ਼ੁਰੂ ਕੀਤਾ ਤਾਂ ਉਸ ਦੀ ਆਵਾਜ਼ ਹੋਰ ਵੀ ਹੌਲੀ ਸੀ । "ਸਾਡੇ ਆਲੇ ਦੁਆਲੇ ਕਈ ਮੀਲਾਂ ਤੱਕ ਹੋਰ ਕੋਈ ਦੂਜਾ ਨੀਗਰੋ ਘਰ ਨਹੀਂ ਸੀ । ਅਤੇ ਹੁਣ ਇਸ ਵਾੜੇ ਵਿਚ ਵੀ ਕੋਈ ਕਾਲਾ ਆਦਮੀ ਨਹੀਂ ਸੀ । ਸੌਲੇਦਾਦ ਵਿਚ ਵੀ ਕੇਵਲ ਇਕੋ ਹੀ ਘਰ ਨੀਗਰੋਆਂ ਦਾ ਹੈ। “ਉਹ ਹੱਸਿਆ। "ਜੇਕਰ ਮੈਂ ਕੁਝ ਕਹਾਂ, ਤਾਂ ਉਹ ਬਸ ਇਕੋ ਹੀ ਨੀਗਰੋ ਦੀ ਗੱਲ ਹੈ ।”

ਲੈਨੀ ਨੇ ਪੁੱਛਿਆ, "ਤੁਹਾਡਾ ਕੀ ਖਿਆਲ ਹੈ ਕਿ ਕਿੰਨੇ ਕੁ ਦਿਨਾਂ ਤਕ ਉਹ ਕਤੂਰੇ ਪਲੋਸਣ ਲਾਇਕ ਹੋ ਜਾਣਗੇ ?"

ਕਰੁਕਸ ਫਿਰ ਹੱਸਿਆ । "ਤੇਰੇ ਨਾਲ ਕੋਈ ਗੱਲ ਕੀਤੀ ਜਾਵੇ ਤਾਂ ਇਹ ਭਰੋਸਾ ਨਹੀਂ ਹੁੰਦਾ ਕਿ ਤੂੰ ਅੱਗੇ ਗੱਲ ਨਹੀਂ ਕਰੇਂਗਾ । ਬੱਸ ਦੋ ਕੁ ਹਫਤਿਆਂ ਤੱਕ ਇਹ ਕਤੂਰੇ ਪਲ੍ਹਰ ਪੈਣਗੇ । ਜਾਰਜ ਦੀ ਅਸਲ ਲੋੜ ਕੀ ਹੈ, ਇਸ ਦਾ ਉਸ ਨੂੰ ਭਲੀ ਭਾਂਤ ਪਤਾ ਹੈ । ਉਹ ਤਾਂ ਗੱਲਾਂ ਕਰਦਾ ਰਹਿੰਦਾ ਹੈ ਅਤੇ ਤੈਨੂੰ ਇਕ ਅੱਖਰ ਵੀ ਪੱਲੇ ਨਹੀਂ ਪੈਂਦਾ । “ਉਹ ਜੋਸ਼ ਵਿਚ ਆ ਕੇ ਹੋਰ ਅੱਗੇ ਵੱਲ ਝੁਕ ਗਿਆ। “ਮੇਰੀ ਤਾਂ ਗੱਲ ਹੀ ਛੱਡ ਦਿਉ । ਮੈਂ ਇਕ ਨੀਗਰੋ ਜੋ ਹਾਂ ਅਤੇ ਉਹ ਵੀ ਕੁੱਬਾ ਅਤੇ ਲੰਗੜਾ । ਇਸ ਲਈ ਮੇਰੀ ਗੱਲ ਦਾ ਤਾਂ ਕੁਝ ਵੀ ਮੁੱਲ ਨਹੀਂ, ਠੀਕ ਹੈ ਨਾ ? ਅਤੇ ਤੈਨੂੰ ਤਾਂ ਗੱਲ ਉਦਾਂ ਹੀ ਯਾਦ ਨਹੀਂ ਰਹਿੰਦੀ । ਮੈਂ ਅਨੇਕਾਂ ਵਾਰ ਵੇਖਿਆ ਹੈ ਕਿ ਮਨੁੱਖ ਹਮੇਸ਼ਾ ਗੱਲਾਂ ਕਰਨੀਆਂ ਚਾਹੁੰਦਾ ਹੈ । ਇਸੇ ਲਈ ਤਾਂ ਉਹ ਗੱਲਾਂ ਕਰਦਾ ਹੈ । ਦੂਜਾ ਭਾਵੇਂ ਸੁਣੇ ਅਤੇ ਸਮਝੇ ਜਾਂ ਨਾ, ਇਸ ਗੱਲ ਦਾ ਉਸ ਤੇ ਕੋਈ ਅਸਰ ਨਹੀਂ ਹੁੰਦਾ । ਚੁੱਪ ਕਰਕੇ ਬੈਠੇ ਰਹਿਣ ਨਾਲੋਂ ਕਿਸੇ ਨਾਲ ਗੱਲ ਕਰਨੀ ਕਿਧਰੇ ਚੰਗੀ

ਹੁੰਦੀ ਹੈ। ਉਹ ਹੁਣ ਲੋੜ ਤੋਂ ਵਧ ਭੜਕ ਗਿਆ ਸੀ ਅਤੇ ਗੱਲਾਂ ਕਰਦੇ ਕਰਦੇ ਆਪਣੇ ਗੋਡੇ ਉਤੇ ਮੁੱਕੇ ਮਾਰ ਰਿਹਾ ਸੀ। "ਜਾਰਜ ਤੇਰੇ ਨਾਲ ਹਰ ਤਰ੍ਹਾਂ ਦੀ ਸਿੱਧੀ-ਪੁੱਠੀ ਗੱਲ ਕਰ ਸਕਦਾ ਹੈ । ਤੂੰ ਸਮਝ ਜਾਵੇਂ ਜਾਂ ਨਾ ਸਮਝ ਜਾਵੇਂ । ਉਹਦਾ ਤਾਂ ਘਰ ਪੂਰਾ ਹੋ ਜਾਂਦਾ ਹੈ- ਗੱਲ ਕਰਕੇ । ਇਕ ਹੋਰ ਮਨੁੱਖ ਦਾ ਸਾਥ ਤਾਂ ਉਸ ਨੂੰ ਮਿਲ ਹੀ ਜਾਂਦਾ ਹੈ। ਕੀ ਇਹ ਘੱਟ ਪ੍ਰਾਪਤੀ ਹੈ ?"

ਉਹ ਰਤਾ ਕੁ ਰੁਕ ਗਿਆ । ਫਿਰ ਉਸ ਦੇ ਬੋਲ ਹੋਰ ਵੀ ਹੋਲੇ ਹੋ ਗਏ, ਜਿਵੇਂ ਕਿ ਕੁਝ ਭਾਂਪ ਰਿਹਾ ਹੋਵੇ, "ਚੰਗਾ, ਮੰਨ ਲਵੋ ਕਿ ਜਾਰਜ ਹੁਣ ਵਾਪਸ ਨਹੀਂ ਆਉਂਦਾ । ਹੋ ਸਕਦਾ ਹੈ ਕਿ ਉਹ ਕੁਝ ਖਾ ਲਵੇ ਅਤੇ ਵਾਪਸ ਨਾ ਪਰਤੇ। ਫਿਰ ਦੱਸ ਤੂੰ ਕੀ ਕਰੇਂਗਾ ?"

ਲੱਗਦਾ ਸੀ ਕਿ ਇਹ ਗੱਲ ਵਰਮੇ ਵਾਂਗ ਹੌਲੀ ਹੌਲੀ ਉਸ ਦੇ ਬੁੱਗ ਖੱਪੜੇ ਵਿਚ ਵੀ ਵੜ ਗਈ। ਉਹ ਰਤਾ ਕੁ ਸਮਝ ਗਿਆ ਕਿ ਕਰੁਕਸ ਕੀ ਕਹੀ ਜਾ ਰਿਹਾ ਹੈ । ਉਸ ਨੇ ਪ੍ਰੋੜਤਾ ਵਲੋਂ ਪੁੱਛਿਆ, "ਕੀ?"

ਮੈਂ ਕਿਹਾ ਸੀ ਕਿ ਜਾਰਜ ਅੱਜ ਸ਼ਹਿਰ ਗਿਆ ਹੈ। ਫਰਜ਼ ਕਰ ਲਵੋ ਕਿ ਤੈਨੂੰ ਉਸ ਬਾਰੇ ਹੁਣ ਕੋਈ ਪਤਾ ਨਾ ਚੱਲੇ । "ਕਰੁਕਸ ਨੇ ਆਪਣਾ ਪੂਰਾ ਜ਼ੋਰ ਲਾ ਕੇ ਆਪਣਾ ਪੱਖ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਜਿਵੇਂ ਕਿਤੇ ਉਸ ਨੇ ਕਿਸੇ ਨੂੰ ਜਿੱਤਣਾ ਹੋਵੇ । ਉਸ ਨੇ ਮੁੜ ਕਿਹਾ, "ਥੋੜੀ ਦੇਰ ਲਈ ਇਹ ਫ਼ਰਜ਼ ਕਰ ਲਵੋ ।"

ਲੈਨੀ ਨੇ ਚੀਕ ਕੇ ਕਿਹਾ, "ਜਾਰਜ ਇੰਜ ਨਹੀਂ ਕਰ ਸਕਦਾ । ਉਹ ਕਿਸੇ ਹਾਲਤ ਵਿਚ ਵੀ ਇਸ ਤਰ੍ਹਾਂ ਨਹੀਂ ਕਰੇਗਾ। ਮੈਂ ਬੜੀ ਮੁੱਦਤ ਤੋਂ ਉਸ ਦੇ ਨਾਲ ਰਹਿ ਰਿਹਾ ਹਾਂ । ਉਹ ਅੱਜ ਰਾਤ ਨੂੰ ਜਰੂਰ ਪਰਤ ਆਵੇਗਾ । " ਪਰ ਲੈਨੀ ਲਈ ਇਸ ਨੀਗਰੋ ਵਲੋਂ ਉਠਾਈ ਗਈ ਸ਼ੰਕਾ ਵੀ ਅਸਹਿ ਸੀ । "ਕੀ ਤੁਸੀਂ ਸੱਚਮੁਚ ਸੋਚਦੇ ਹੋ ਕਿ ਜਾਰਜ ਵਾਪਸ ਨਹੀਂ ਆਵੇਗਾ।"

ਕਰੁਕਸ ਨੂੰ ਇਹ ਸੁਣ ਕੇ ਕੁਝ ਅਜਬ ਜਿਹੀ ਖੁਸ਼ੀ ਮਿਲ ਗਈ । ਉਹ ਇਹੀ ਤਾਂ ਚਾਹੁੰਦਾ ਸੀ ਕਿ ਲੈਨੀ ਅਸਮੰਜਸ ਵਿਚ ਪੈਕੇ ਦੁਖੀ ਹੋਵੇ । ਉਸ ਦਾ ਚਿਹਰਾ ਖੁਸ਼ੀ ਨਾਲ ਦਮਕ ਪਿਆ । ਉਸ ਨੇ ਬਹੁਤ ਪਕਿਆਈ ਨਾਲ ਕਿਹਾ, " ਕੌਣ ਕਹਿ ਸਕਦਾ ਹੈ ਕਿ ਕੋਈ ਮਨੁੱਖ ਕੀ ਕਰ ਦੇਵੇਗਾ? ਇਹ ਵੀ ਹੋ ਸਕਦਾ ਹੈ ਕਿ ਉਹ ਆਉਣਾ ਤਾਂ ਚਾਹੇ, ਪਰ ਆ ਨਾ

ਸਕੇ । ਮਨ ਲਵੋ ਕੋਈ ਉਸ ਨੂੰ ਮਾਰ ਹੀ ਦਿੰਦਾ ਹੈ, ਜਾਂ ਉਸ ਨੂੰ ਗੰਭੀਰ ਸੱਟ ਫੇਟ ਲੱਗ ਜਾਂਦੀ ਹੈ ਅਤੇ ਉਹ ਨਹੀਂ ਪਰਤਦਾ ।"

ਲੈਨੀ ਨੇ ਗੱਲ ਦੀ ਡੂੰਘਾਈ ਵੱਲ ਜਾਣ ਅਤੇ ਅੰਤਰੀਵ ਭਾਵ ਸਮਝਣ ਦੀ ਕੋਸ਼ਿਸ਼ ਕੀਤੀ । "ਜਾਰਜ ਅਜਿਹਾ ਕੋਈ ਕੰਮ ਨਹੀਂ ਕਰੇਗਾ ।" ਉਸ ਨੇ ਮੁੜ ਆਪਣੀ ਗੱਲ ਉਤੇ ਜੋਰ ਦਿੱਤਾ, "ਜਾਰਜ ਤਾਂ ਬਹੁਤ ਸਿਆਣਾ ਆਦਮੀ ਹੈ । ਉਸ ਨੂੰ ਕੋਈ ਸੱਟ ਫੇਟ ਨਹੀਂ ਲੱਗ ਸਕਦੀ । ਉਸ ਨੂੰ ਅੱਜ ਤੱਕ ਕਦੀ ਵੀ ਸੱਟ ਫੇਟ ਨਹੀਂ ਲੱਗੀ । ਉਹ ਤਾਂ ਬਹੁਤ ਹੀ ਹੁਸ਼ਿਆਰ ਅਤੇ ਚੁਕੰਨਾ ਰਹਿਣ ਵਾਲਾ ਮਨੁੱਖ ਹੈ ।"

"ਪਰ ਫਰਜ਼ ਕਰ ਲਵੋ, ਮਿੰਟ ਦੇ ਮਿੰਟ, ਇਹ ਮੰਨ ਹੀ ਲਵੋ ਕਿ ਜਾਰਜ ਸ਼ਹਿਰ ਤੋਂ ਵਾਪਸ ਨਹੀਂ ਆਉਂਦਾ । ਦੱਸ ਫਿਰ ਤੂੰ ਕੀ ਕਰੇਂਗਾ ?"

ਲੈਨੀ ਨੇ ਇਹ ਗੱਲ ਸੁਣੀ ਤਾਂ ਉਸ ਦੇ ਚਿਹਰੇ ਮੁਹਰੇ ਉਤੇ ਸ਼ੱਕ ਦੇ ਆਸਾਰ ਉਭਰ ਆਏ। "ਮੈਂ ਤਾਂ ਕੁਝ ਨਹੀਂ ਕਹਿ ਸਕਦਾ ਕਿ ਮੈਂ ਕੀ ਕਰਾਂਗਾ ਪਰ ਇਸ ਗੱਲ ਤੋਂ ਤੁਹਾਡਾ ਅਸਲ ਭਾਵ ਕੀ ਹੈ ?" ਉਸ ਨੇ ਤੇਜ਼ ਆਵਾਜ਼ ਵਿਚ ਕਿਹਾ, "ਇਹ ਗੱਲ ਨਿਰੀ ਝੂਠੀ ਹੈ। ਜਾਰਜ ਨੂੰ ਕੋਈ ਸੱਟ ਫੇਟ ਨਹੀਂ ਲੱਗੀ। "

ਕਰੁਕਸ ਨੇ ਆਪਣੀ ਕਰੂਰ ਮਸਖ਼ਰੀ ਦਾ ਵਰਮਾ ਹੋਰ ਘੁੱਟ ਕੇ ਘੁਮਾਇਆ, "ਮੈਂ ਦੱਸਦਾ ਹਾਂ, ਤੇਰੇ ਨਾਲ ਕੀ ਹੋਵੇਗਾ? ਉਹ ਤੈਨੂੰ ਫੜ ਕੇ ਕਿਸੇ ਪਾਗਲਖਾਨੇ ਵਿਚ ਲੈ ਜਾਣਗੇ । ਉਹ ਤੇਰੇ ਪਟਾ ਪਾ ਦੇਣਗੇ ਜਿਵੇਂ ਕੁੱਤੇ ਨੂੰ ਪਾਉਂਦੇ ਹਨ ।"

ਲੈਨੀ ਦੀਆਂ ਅੱਖਾਂ ਇਕਦਮ ਕਿਸੇ ਬਿੰਦੂ ਉਤੇ ਕੇਂਦਰਿਤ ਹੋ ਗਈਆਂ ਅਤੇ ਉਸ ਦੀ ਨਜ਼ਰ ਉਸੇ ਥਾਂ ਤੇ ਹੀ ਟਿਕੀ ਰਹੀ।" ਫਿਰ ਉਸ ਦੀਆਂ ਅੱਖਾਂ ਵਿਚ ਕਹਿਰਾਂ ਦਾ ਗੁੱਸਾ ਉਮੜ ਪਿਆ। ਉਹ ਆਪਣੀ ਥਾਂ ਤੋਂ ਉਠਿਆ ਅਤੇ ਬੜੇ ਭਿਅੰਕਰ ਅੰਦਾਜ਼ ਵਿਚ ਕਰੁਕਸ ਵੱਲ ਵੇਖਿਆ, "ਕਿਸ ਨੇ ਮੇਰੇ ਜਾਰਜ ਨੂੰ ਸੱਟ ਮਾਰੀ ਹੈ ? " ਉਹ ਚੀਕ ਕੇ ਬੋਲਿਆ।

ਹੁਣ ਕਰੁਕਸ ਨੂੰ ਆਪਣੇ ਸਿਰ ਉਤੇ ਸਵਾਰ ਹੋਈ ਮੌਤ ਦਿੱਸ ਪਈ। ਉਹ ਆਪਣੇ ਫੱਟੇ ਉਤੇ ਪਿਛਾਂਹ ਨੂੰ ਹੋ ਗਿਆ ਤਾਂ ਜੋ ਪਰ੍ਹਾਂ ਹੋ ਜਾਵੇ । "ਭਰਾਵਾ, ਮੈਂ' ਤਾਂ ਕੇਵਲ ਇਹ ਕਿਹਾ ਸੀ ਕਿ ਫ਼ਰਜ਼ ਕਰੋ ਕਿ ਇੰਜ ਹੋ ਜਾਵੇ । "ਉਸ ਨੇ ਕਿਹਾ, "ਜਾਰਜ ਨੂੰ ਸਹੀ ਅਰਥਾਂ

ਵਿਚ ਤਾਂ ਸੱਟ ਨਹੀਂ ਲੱਗੀ। ਉਹ ਤਾਂ ਬਿਲਕੁਲ ਠੀਕ-ਠਾਕ ਹੈ ਅਤੇ ਰਾਤ ਨੂੰ ਵਾਪਸ ਆ ਜਾਵੇਗਾ । ”

ਪਰ ਲੈਨੀ ਭੂਤ ਵਾਂਗ ਉਸ ਦੇ ਸਿਰ ਉਤੇ ਸਵਾਰ ਸੀ । "ਤੁਸੀਂ ਇਹ ਸਾਰੀਆਂ ਗੱਲਾਂ ਕਿਉਂ ਫ਼ਰਜ਼ ਕਰਦੇ ਹੋ ? ਕਿਸੇ ਨੂੰ ਅਜਿਹੀ ਭੈੜੀ ਗੱਲ ਸੋਚਣ ਦਾ ਕੋਈ ਹੱਕ ਨਹੀਂ । ਮੇਰੇ ਜੀਉਂਦੇ ਜੀ ਕੋਈ ਇਹ ਗੱਲ ਨਹੀਂ ਸੋਚ ਸਕਦਾ ਕਿ ਜਾਰਜ ਨੂੰ ਸੱਟ ਵੱਜ ਗਈ ਹੈ ।"

ਕਰੁਕਸ ਨੇ ਆਪਣੀ ਐਨਕ ਲਾਹ ਕੇ ਉਂਗਲੀਆਂ ਦੇ ਪੋਟਿਆਂ ਨਾਲ ਆਪਣੀਆਂ ਅੱਖਾਂ ਨੂੰ ਪੂੰਝਿਆ ਅਤੇ ਬੋਲਿਆ, “ਬੈਠ ਜਾਓ, ਜਾਰਜ ਨੂੰ ਕੋਈ ਸੱਟ ਫੇਟ ਨਹੀਂ ਲੱਗੀ ।”

ਲੈਨੀ ਫਿਰ ਹੌਲੀ ਹੌਲੀ ਜਾ ਕੇ ਉਸੇ ਡੱਬੇ ਉਤੇ ਜਾ ਬੈਠਿਆ। ਉਹ ਫਿਰ ਬੋਲਿਆ “ਜਾਰਜ ਨੂੰ ਸੱਟ ਫੇਟ ਲਗਣ ਦੀ ਝੂਠੀ ਗੱਲ ਕੋਈ ਨਹੀਂ ਕਰ ਸਕਦਾ ।”

ਕਰੁਕਸ ਨੇ ਹੌਲੇ ਜਿਹੇ ਕਿਹਾ, “ਸ਼ਾਇਦ ਹੁਣ ਤੁਸੀਂ ਸਮਝ ਸਕੋ । ਤੁਹਾਡੇ ਕੋਲ ਤਾਂ ਜਾਰਜ ਹੈ । ਤੁਹਾਨੂੰ ਪੂਰਾ ਭਰੋਸਾ ਹੈ ਕਿ ਉਹ ਵਾਪਿਸ ਮੁੜ ਆਵੇਗਾ। ਪਰ ਮੰਨ ਲਵੋ ਕਿ ਤੁਹਾਡਾ ਕੋਈ ਸੰਗੀ-ਸਾਥੀ ਨਾ ਹੁੰਦਾ । ਇਹ ਵੀ ਫਰਜ਼ ਕਰੋ ਕਿ ਤੁਸੀਂ ਕਾਲੇ ਆਦਮੀ ਹੁੰਦੇ ਅਤੇ ਇਸ ਕਰਕੇ ਤੁਸੀਂ ਹੋਰਨਾਂ ਲੋਕਾਂ ਦੇ ਨਾਲ ਬਹਿ ਕੇ ਤਾਸ਼ ਨਾ ਖੇਡ ਸਕਦੇ । ਅਜਿਹੀ ਹਾਲਤ ਵਿਚ ਤੁਹਾਨੂੰ ਕਿੰਝ ਲੱਗਦਾ ? ਮੰਨ ਲਵੋ ਕਿ ਤੁਹਾਨੂੰ ਵੀ ਇਥੇ ਇਕੱਲੇ ਬੈਠਿਆਂ ਪੁਸਤਕਾਂ ਨਾਲ ਮੱਥਾ ਮਾਰਨਾ ਪੈਂਦਾ । ਇਹ ਤਾਂ ਹੋ ਸਕਦਾ ਹੈ ਕਿ ਤ੍ਰਿਕਾਲਾਂ ਤੋਂ ਲੈ ਕੇ ਕਾਫ਼ੀ ਹਨੇਰਾ ਹੋਣ ਤੱਕ ਤੁਸੀਂ ਜੂਆ ਖੇਡ ਸਕਦੇ ਸੀ । ਪਰ ਉਸ ਤੋਂ ਮਗਰੋਂ ਤਾਂ ਤੁਹਾਨੂੰ ਪੁਸਤਕਾਂ ਨਾਲ ਹੀ ਵਾਹ ਪਾਉਣਾ ਪੈਂਦਾ । ਇਕ ਨਜ਼ਰੀਏ ਤੋਂ ਪੁਸਤਕਾਂ ਵਿਅਰਥ ਹੁੰਦੀਆਂ ਹਨ । ਮਨੁੱਖ ਨੂੰ ਤਾਂ ਆਪਣੇ ਕੋਲ ਹੋਰ ਮਨੁੱਖ ਹੀ ਚਾਹੀਦਾ ਹੁੰਦਾ ਹੈ ।” ਉਸ ਨੇ ਇਹ ਗੱਲ ਅੰਦਰੋਂ ਉਠਦੇ ਹੌਕੇ ਵਜੋਂ ਪ੍ਰਗਟਾਈ।” ਜੇਕਰ ਤੁਹਾਡੇ ਨਾਲ ਗੱਲ ਕਰਨ ਲਈ ਕੋਈ ਸੰਗੀ-ਸਾਥੀ ਨਾ ਹੋਵੇ, ਤਾਂ ਆਦਮੀ ਨਿਸ਼ਚੇ ਹੀ ਪਾਗਲ ਹੋ ਜਾਵੇ । ਬਹੁਤਾ ਫ਼ਰਕ ਇਸ ਗੱਲ ਨਾਲ ਨਹੀਂ ਪੈਂਦਾ ਕਿ ਜਿਹੜਾ ਮਨੁੱਖ ਆਪਣੇ ਕੋਲ ਹੈ ਬਸ ਉਹ ਕੋਲ ਰਹੇ, ਇੰਨਾਂ ਹੀ ਕਾਫ਼ੀ ਹੈ। “ਮੈਂ ਕਹਿੰਦਾ ਹਾਂ,” ਉਹ ਲਗਭਗ ਚੀਕ ਪਿਆ, ‘ਮੈਂ ਕਹਿੰਦਾ ਹਾਂ ਕਿ ਜੇਕਰ ਕੋਈ ਮਨੁੱਖ ਬਿਲਕੁਲ ਹੀ ਇਕੱਲਾ ਹੋਵੇ, ਤਾਂ ਨਿਸ਼ਚੇ ਹੀ ਉਹ ਆਪਣੇ ਜੀਵਨ ਤੋਂ ਤੰਗ ਆ ਜਾਂਦਾ ਹੈ ।

ਲੈਨੀ ਇਨ੍ਹਾਂ ਗੱਲਾਂ ਤੋਂ ਡਰਿਆ ਹੋਇਆ ਸੀ । ਉਸ ਨੇ ਆਪਣੇ ਅੰਦਰਲੇ ਨੂੰ ਵਿਸ਼ਵਾਸ਼ ਦੁਆਉਣ ਲਈ ਕਿਹਾ, “ਜਾਰਜ ਅਵੱਸ਼ ਵਾਪਿਸ ਆ ਜਾਏਗਾ । ਹੋ ਸਕਦਾ ਹੈ, ਜਾਰਜ ਆ ਹੀ ਗਿਆ ਹੋਵੇ । ਜੇਕਰ ਮੈਂ ਜਾ ਕੇ ਵੇਖ ਆਵਾਂ ਤਾਂ ਠੀਕ ਹੋਵੇਗਾ ।"

ਕਰੁਕਸ ਬੋਲਿਆ, “ਮੈਂ ਤੁਹਾਨੂੰ ਡਰਾਉਣਾ ਨਹੀਂ ਚਾਹੁੰਦਾ ਸਾਂ। ਉਹ ਅਵੱਸ਼ ਵਾਪਸ ਆ ਜਾਏਗਾ । ਮੈਂ ਤਾਂ ਆਪਣੇ ਸਬੰਧ ਵਿਚ ਹੀ ਕਹਿ ਰਿਹਾ ਸਾਂ, ਮੇਰੇ ਵਰਗਾ ਮਨੁੱਖ ਰਾਤ ਵੇਲੇ ਬਿਲਕੁਲ ਇਕੱਲਾ ਇਕੱਲਾ ਮਹਿਸੂਸ ਕਰਦਾ ਹੈ । ਉਹ ਭਾਵੇਂ ਲੱਖ ਪੁਸਤਕਾਂ ਪੜ੍ਹਦਾ ਹੋਵੇ ਜਾਂ ਇਧਰ ਉਧਰ ਦੀਆਂ ਮਨ ਪਰਚਾਵੇ ਦੀਆਂ ਗੱਲਾਂ ਕਰਦਾ ਜਾਂ ਸੋਚਦਾ ਹੋਵੇ। ਕਦੇ ਕਦੇ ਮਨੁੱਖ ਅਤਿਅੰਤ ਡੂੰਘੀ ਸੋਚ ਵਿਚ ਡੁੱਬ ਜਾਂਦਾ ਹੈ ਅਤੇ ਉਸ ਦੇ ਨੇੜੇ ਕੋਈ ਅਜਿਹਾ ਹਿਤੂ ਨਹੀਂ ਹੁੰਦਾ ਜੋ ਉਸ ਨੂੰ ਦੱਸ ਸਕੇ ਕਿ ਅਸਲ ਵਿਚ ਗੱਲ ਇੰਜ ਹੈ ਜਾਂ ਇੰਜ ਨਹੀਂ ਹੈ । ਉਹ ਆਪ ਹੀ ਸੋਚ ਸਾਚ ਕੇ ਕਿਸੇ ਸਿੱਟੇ ਉਤੇ ਪੁੱਜਦਾ ਹੈ । ਪਰ ਉਹ ਸਹੀ ਸਿੱਟੇ ਉਤੇ ਪੁੱਜਾ ਹੈ ਜਾਂ ਗ਼ਲਤ ਸਿੱਟੇ ਉਤੇ, ਇਹ ਨਿਰਣਾ ਉਸ ਨੂੰ ਕੋਈ ਨਹੀਂ ਦੱਸ ਸਕਦਾ ਉਹ ਨਿਸ਼ਚੇ ਨਾਲ ਕੁਝ ਵੀ ਨਹੀਂ ਕਹਿ ਸਕਦਾ, ਕਿਉਂਕਿ ਉਸ ਦੇ ਕੋਲ ਸਹੀ ਜਾਂ ਗ਼ਲਤ ਨੂੰ ਟੈਸਟ ਕਰਨ ਲਈ ਕੋਈ ਮਾਪ ਦੰਡ ਨਹੀਂ ਹੁੰਦਾ । ਕਈ ਵਾਰ ਇੰਜ ਹੁੰਦਾ ਹੈ ਕਿ ਮੈਨੂੰ ਭਾਂਤ ਭਾਂਤ ਦੀਆਂ ਚੀਜ਼ਾਂ ਦਿੱਸ ਪੈਂਦੀਆਂ ਹਨ । ਮੈਂ ਕੋਈ ਗਰੂਦਗੀ ਵਿਚ ਤਾਂ ਹੁੰਦਾ ਸੀ। ਪਰ ਮੈਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਮੈਂ ਸੁੱਤਾ ਹੋਇਆ ਹੁੰਦਾ ਕਿ ਜਾਂ ਜਾਗਦਾ । ਜੇਕਰ ਕੋਈ ਹੋਰ ਸਾਥੀ ਮੇਰੇ ਕੋਲ ਹੋਵੇ ਤਾਂ ਉਹ ਮੈਨੂੰ ਦੱਸ ਦੇਵੇ ਮੈਂ ਵਾਸਤਵ ਵਿਚ ਸੁੱਤਾ ਪਿਆ ਸਾਂ ਅਤੇ ਮੈਂ ਕੇਵਲ ਸੁਪਨਾ ਹੀ ਵੇਖਿਆ ਸੀ। ਇੰਜ ਹੋਵੇ ਤਾਂ ਮੈਂ ਬੇਚਿੰਤ ਹੋ ਜਾਵਾਂ ਪਰ ਹੁਣ ਮੈਨੂੰ ਇਹ ਪਤਾ ਨਹੀਂ ਲੱਗ ਸਕਦਾ । "ਕਰਕਸ ਕਮਰੇ ਦੇ ਪਰਲੇ ਪਾਸੇ ਵਲ ਦੀ ਖਿੜਕੀ ਵੱਲ ਵੇਖ ਰਿਹਾ ਸੀ।

ਲੈਨੀ ਨੇ ਬਹੁਤ ਬੇਵੱਸੀ ਦੀ ਭਾਵਨਾ ਨਾਲ ਕਿਹਾ, “ਜਾਰਜ ਮੈਨੂੰ ਛੱਡ ਕੇ ਨਹੀਂ ਜਾਏਗਾ। ਜਾਰਜ ਕਦੇ ਵੀ ਇੰਜ ਨਹੀਂ ਕਰੇਗਾ ।”

ਘੁੜਸਾਲ ਵਾਲਾ ਜਿਵੇਂ ਸੁਪਨੇ ਵਿਚ ਹੀ ਬੁੜਬੜਾਈ ਜਾ ਰਿਹਾ ਸੀ, "ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਮੈਂ ਆਪਣੇ ਪਿਉ ਦੇ ਵਾੜੇ ਵਿਚ ਹਾਲੀ ਬੱਚਾ ਹੀ ਸਾਂ ਮੇਰੇ ਹੋਰ ਵੀ ਦੋ ਭਰਾ ਸਨ । ਉਹ ਹਮੇਸ਼ਾ ਹੀ ਮੇਰੇ ਕੋਲ ਰਹਿੰਦੇ ਸਨ, ਮੇਰੇ ਕਮਰੇ ਵਿਚ ਹੀ ਸੌਂਦੇ ਸਨ । ਮੇਰੇ ਹੀ ਬਿਸਤਰੇ ਉਤੇ, ਤਿੰਨੋ ਇਕੱਠੇ ਹੀ। ਸਾਡੇ ਖੇਤ ਵਿਚ ਸਕਾਬਰੀਆਂ ਦਾ ਇਕ ਕਿਆਰਾ ਸੀ, ਘਾਹ ਦਾ ਵੀ ਇਕ ਪਲਾਟ ਸੀ । ਜਿਸ ਦਿਨ ਸਵੇਰੇ ਧੁੱਪ ਨਿਕਲਦੀ ਉਸ ਦਿਨ ਮੈਂ ਚੂਚਿਆਂ ਨੂੰ ਘਾਹ ਦੇ ਪਲਾਟ ਵਿਚ ਛੱਡ ਦਿੰਦਾ । ਮੇਰੇ ਭਰਾ ਉਥੇ ਬੈਠ ਕੇ ਚੂਚਿਆਂ ਨੂੰ ਵੇਖਦੇ ਰਹਿੰਦੇ-ਨਿੱਕੇ ਨਿੱਕੇ ਚਿੱਟੇ ਚਿੱਟੇ ਪਿਆਰੇ ਚੂਚੇ......।

ਹੌਲੀ ਹੌਲੀ ਲੈਨੀ ਸਮਝਣ ਲੱਗਾ ਕਿ ਕਰੁਕਸ ਕੀ ਕਹਿ ਰਿਹਾ ਹੈ। ਉਸ ਦੀਆਂ ਅੱਖਾਂ ਵਿਚ ਚਮਕ ਆ ਗਈ ਅਤੇ ਉਹ ਬੋਲਿਆ, "ਜਾਰਜ ਕਹਿੰਦਾ ਹੈ ਕਿ ਅਸੀਂ ਵੀ ਸਹਿਆਂ ਵਾਸਤੇ ਘਾਹ ਦਾ ਇਕ ਪਲਾਟ ਤਿਆਰ ਕਰਾਂਗੇ । "

"ਕਿਹੜੇ ਸਹੇ ?"

" ਅਸੀਂ ਸਹੇ ਪਾਲਾਂਗੇ ਅਤੇ ਇਕ ਹਿੱਸੇ ਵਿਚ ਬੇਰੀਆਂ ਵੀ ਲਾਵਾਂਗੇ ।"

" ਤੁਸੀਂ ਪਾਗਲ ਹੋ ।"

" ਸੱਚੀ, ਸੱਚੀ, ਲਵਾਂਗੇ । ਤੁਸੀਂ ਬੇਸ਼ੱਕ ਜਾਰਜ ਤੋਂ ਪੁੱਛ ਲੈਣਾ ।"

"ਤੁਸੀਂ ਤਾਂ ਉੱਕਾ ਹੀ ਪਾਗਲ ਹੋ।" ਉਸ ਨੇ ਆਪਣੇ ਸਿਰ ਨੂੰ ਹੱਥ ਲਾਇਆ ਅਤੇ ਹੱਥ ਨੂੰ ਹਵਾ ਵਿਚ ਘੁਮਾ ਦਿਤਾ ਕਿ ਲੈਨੀ ਦੇ ਖੱਪੜੇ ਵਿਚ ਰੱਤੀ ਭਰ ਵੀ ਅਕਲ ਨਹੀਂ ਹੈ । ਮੈਂ ਸੜਕਾਂ ਉਤੇ ਅਤੇ ਵਾੜਿਆਂ ਦੇ ਵਿਚ ਸੈਂਕੜੇ ਅਜਿਹੇ ਕਾਮਿਆਂ ਨੂੰ ਆਪਣਾ ਸਾਮਾਨ ਮੋਢਿਆਂ ਉਤੇ ਚੁੱਕੀ ਆਉਂਦੇ ਜਾਂਦੇ ਵੇਖਿਆ ਹੈ । ਸਾਰਿਆਂ ਉੱਲੂਆਂ ਦੇ ਸਿਰਾਂ ਵਿਚ ਇਹੀ ਇਕ ਗੱਲ ਵੜੀ ਹੁੰਦੀ ਹੈ ਕਿ ਆਪਣੀ ਥੋੜੀ ਕੁ ਭੌਂ ਹੋਵੇ । ਕਰੁਕਸ ਨੇ ਡੂੰਗੀ ਟਕੋਰ ਮਾਰਦਿਆਂ ਕਿਹਾ, ਉਹ ਆਉਂਦੇ ਹਨ, ਕੁਝ ਦਿਨ ਇਕ ਥਾਂ ਝੱਖ ਮਾਰਦੇ ਹਨ ਅਤੇ ਫਿਰ ਕਿਸੇ ਹੋਰ ਵਾੜੇ ਵਿਚ ਚਲੇ ਜਾਂਦੇ ਹਨ । ਉਨ੍ਹਾਂ ਸਾਰਿਆਂ ਦੀਆਂ ਖੋਪੜੀਆਂ ਵਿਚ ਹੀ ਇਹ ਥੋੜੀ ਕੁ ਭੌਂ ਵੜੀ ਰਹਿੰਦੀ ਹੈ । ਉਹ ਆਪਣੀ ਖੇਤੀ, ਆਪਣੀਆਂ ਗਊਆਂ, ਬੱਕਰੀਆਂ ਅਤੇ ਸੂਰਾਂ ਦੀ ਧੁਨ ਅਲਾਪਦੇ ਰਹਿੰਦੇ ਹਨ। ਸਾਰਿਆਂ ਦੇ ਸਿਰਾਂ ਉਤੇ ਇਹ ਇਕੋ ਹੀ ਭੂਤ ਸਵਾਰ ਹੁੰਦਾ ਹੈ। ਪਰ ਉਨ੍ਹਾਂ ਵਿਚੋਂ ਕਿਸੇ ਇਕ ਭੌਂਦੂ ਨੂੰ ਵੀ ਕਦੀ ਕੋਈ ਭੌਂ ਨਹੀਂ ਮਿਲਦੀ । ਸੁਰਗਾਂ

ਦੀ ਇੱਛਾ ਵਾਂਗ ਹੀ ਹਰ ਮਨੁੱਖ ਥੋੜੀ ਕੁ ਭੌਂ ਲੱਭਦਾ ਰਹਿੰਦਾ ਹੈ । ਮੈਂ ਇਥੇ ਬਹੁਤ ਸਾਰੀਆਂ ਪੁਸਤਕਾਂ ਪੜ੍ਹੀਆਂ ਹਨ । ਕਦੇ ਵੀ ਕਿਸੀ ਨੂੰ ਸੁਰਗ ਨਹੀਂ ਮਿਲਦਾ ਅਤੇ ਨਾ ਹੀ ਕਦੇ ਕਿਸੇ ਨੂੰ ਭੌਂ ਦੀ ਪ੍ਰਾਪਤੀ ਹੁੰਦੀ ਹੈ । ਇਸ ਤਰ੍ਹਾਂ ਦੇ ਸਾਰੇ ਹੀ ਭੂਮੀ-ਹੀਨ ਕਾਮੇ ਰਾਤ ਦਿਨ ਇਹੀ ਧੁਨ ਅਲਾਪਦੇ ਰਹਿੰਦੇ ਹਨ। ਚੱਵੀ ਘੰਟੇ ਕੇਵਲ ਇਸੇ ਗੱਲ ਦੀ ਚਰਚਾ ਰਹਿੰਦੀ ਹੈ ।" ਉਹ ਰਤਾ ਕੁ ਰੁਕ ਗਿਆ ਅਤੇ ਉਸ ਨੇ ਖੁੱਲ੍ਹੇ ਹੋਏ ਬੂਹੇ ਵੱਲ ਵੇਖਿਆ, ਘੋੜੇ ਬੇਚੈਨੀ ਨਾਲ ਇਧਰ ਉਧਰ ਪੈਰ ਮਾਰ ਰਹੇ ਸਨ । ਅਤੇ ਉਨ੍ਹਾਂ ਦੀਆਂ ਸੰਗਲੀਆਂ ਵਿਚੋਂ ਛਣਕਾਰ ਦੀ ਆਵਾਜ਼ ਆ ਰਹੀ ਸੀ । ਇਕ ਘੋੜਾ ਹਿਣਕਿਆ।

ਕਰੁਕਸ ਨੇ ਕਿਹਾ, "ਸ਼ਾਇਦ ਬਾਹਰ ਕੋਈ ਆਇਆ ਹੈ। ਹੋ ਸਕਦਾ ਹੈ ਸਲਿਮ ਹੀ ਆਇਆ ਹੋਵੇ । ਕਦੀ ਕਦੀ ਸਲਿਮ ਰਾਤ ਵਿਚ ਦੋ-ਤਿੰਨ ਵਾਰੀ ਵੀ ਚੱਕਰ ਮਾਰ ਜਾਂਦਾ ਹੈ । ਸਲਿਮ ਕਾਰੀਗਰ ਸਕਿੱਨਰ ਹੈ । ਉਸ ਨੂੰ ਆਪਣੀ ਟੀਮ ਦੀ ਬੜੀ ਚਿੰਤਾ ਰਹਿੰਦੀ ਹੈ ।" ਉਹ ਬੜੀ ਔਖ ਨਾਲ ਸਿੱਧਾ ਹੋ ਕੇ ਖੜੋਤਾ ਅਤੇ ਬੂਹੇ ਵੱਲ ਨੂੰ ਵਧਿਆ, "ਤੁਸੀਂ ਹੋ ਸਲਿਮ ?" ਉਸ ਨੇ ਆਵਾਜ਼ ਮਾਰ ਕੇ ਕਿਹਾ।

ਜਵਾਬ ਵਿਚ ਕੈਂਡੀ ਦੀ ਆਵਾਜ਼ ਸੁਣਾਈ ਦਿੱਤੀ, "ਸਲਿਮ ਤਾਂ ਸ਼ਹਿਰ ਗਿਆ ਹੈ। ਓਏ, ਕੀ ਤੂੰ ਲੈਨੀ ਨੂੰ ਵੇਖਿਆ ਹੈ ?"

"ਤੁਹਾਡਾ ਭਾਵ ਜਾਰਜ ਦੇ ਉਸ ਲੰਮੇ ਸਲੰਮੇ ਅਤੇ ਤਕੜੇ ਸਾਥੀ ਤੋਂ ਹੈ ?"

"ਹਾਂ, ਤੁਸੀਂ ਉਸ ਨੂੰ ਇਧਰ ਕਿਤੇ ਵੇਖਿਆ ਹੈ ?"

"ਉਹ ਇਥੇ ਹੀ ਬੈਠਾ ਹੈ।" ਕਰੁਕਸ ਨੇ ਸੰਖੇਪ ਜਿਹਾ ਉੱਤਰ ਦਿੱਤਾ ਅਤੇ ਫਿਰ ਵਾਪਸ ਪਰਤ ਕੇ ਆਪਣੇ ਫੱਟੇ ਉਤੇ ਲੇਟ ਗਿਆ।

ਕੈਂਡੀ ਆਪਣੀ ਟੁੰਡੀ ਬਾਂਹ ਨੂੰ ਖੁਰਕਦਾ ਹੋਇਆ ਬੂਹੇ ਵਿਚ ਆ ਖੜੋਤਾ। ਉਹ ਇਸ ਸਾਫ਼ ਅਤੇ ਸੁੰਦਰ ਕਮਰੇ ਦੇ ਅੰਦਰ ਅੰਨ੍ਹਿਆਂ ਵਾਂਗ ਝਾਕ ਰਿਹਾ ਸੀ । ਪਰ ਉਸ ਨੇ ਅੰਦਰ ਵੜਨ ਦਾ ਹੀਆ ਨਾ ਕੀਤਾ। "ਮੇਰੀ ਗੱਲ ਸੁਣੋ, ਲੈਨੀ। ਮੈਂ ਉਨ੍ਹਾਂ ਸਹਿਆਂ ਬਾਰੇ ਹਿਸਾਬ ਕਿਤਾਬ ਲਾ ਰਿਹਾ ਸਾਂ ।"

ਕਰਕਸ ਨੇ ਖਿਝ ਕੇ ਆਖਿਆ, "ਚਾਹੁੰਦੇ ਹੋ ਤਾਂ ਅੰਦਰ ਆ ਸਕਦੇ ਹੋ।"

ਲੱਗਦਾ ਸੀ ਕਿ ਕੈਂਡੀ ਕੁਝ ਗਮਗੀਨ ਹੈ । “ਪਤਾ ਨਹੀਂ ਜੇਕਰ ਤੁਸੀਂ ਕਹੋਗੇ ਤਾਂ ਮੈਂ ਅੰਦਰ ਆ ਜਾਵਾਂਗਾ ।"

“ਆ ਜਾਓ ਅੰਦਰ, ਜਦੋਂ ਸਾਰੇ ਲੋਕੀਂ ਹੀ ਆ ਜਾਂਦੇ ਹਨ, ਤਾਂ ਤੁਸੀਂ ਵੀ ਆ ਸਕਦੇ ਹੋ ।" ਕਰੁਕਸ ਦੀ ਖੁਸ਼ੀ ਇਸ ਬਣਾਉਟੀ ਗੁੱਸੇ ਦੀ ਆੜ ਵਿਚ ਛਿਪਦੀ ਨਹੀਂ ਸੀ ਪਈ ।

ਕੈਂਡੀ ਅੰਦਰ ਤਾਂ ਆ ਗਿਆ । ਪਰ ਉਹ ਹਾਲੀ ਵੀ ਕੁਝ ਕੁਝ ਝਿਜਕ ਹੀ ਰਿਹਾ ਸੀ। "ਤੁਹਾਡੀ ਇਹ ਨਿੱਕੀ ਜਿਹੀ ਥਾਂ ਤਾਂ ਬਹੁਤ ਚੰਗੀ ਅਤੇ ਸੁਖਦਾਈ ਹੈ ” ਉਸ ਨੇ ਕਰੁਕਸ ਨੂੰ ਕਿਹਾ । “ਤੁਹਾਨੂੰ ਆਪਣਾ ਵੱਖਰਾ ਕਮਰਾ ਹੋਣ ਨਾਲ ਬਹੁਤ ਪ੍ਰਸੰਨਤਾ ਹੁੰਦੀ ਹੋਵੇਗੀ ।"

"ਹਾਂ, ਅਵੱਸ਼ " ਕਰੁਕਸ ਨੇ ਕਿਹਾ, ਅਤੇ ਖਿੜਕੀ ਦੇ ਹੇਠਾਂ ਕੂੜੇ ਕਰਕਟ (ਰੂੜੀ) ਦਾ ਢੇਰ ਵੀ ਅਵੱਸ਼ ਬੜਾ ਚੰਗਾ ਲੱਗਦਾ ਹੈ ।”

ਲੈਨੀ ਵਿਚੋਂ ਹੀ ਬੋਲ ਪਿਆ, "ਤੁਸੀਂ ਸਹਿਆਂ ਬਾਰੇ ਕੁਝ ਕਹਿ ਰਹੇ ਸੀ ?"

ਕੈਂਡੀ ਟੁੱਟੇ ਹੋਏ ਪੱਟੇ ਦੇ ਲਾਗੇ ਕੰਧ ਨਾਲ ਟੇਕ ਲਾਈ ਆਪਣੇ ਹੱਥ ਦੇ ਟੁੰਡ ਨੂੰ ਖੁਰਕਦਾ ਪਿਆ ਸੀ ਅਤੇ ਇੰਜ ਹੀ ਖਲੋਤਾ ਰਿਹਾ। ਉਸ ਨੇ ਕਿਹਾ, "ਮੈਨੂੰ ਇਥੇ ਬਹੁਤ ਦਿਨ ਹੋ ਗਏ ਹਨ ਅਤੇ ਕਰੁਕਸ ਨੂੰ ਵੀ ਇਥੇ ਬਹੁਤ ਸਮਾਂ ਹੋ ਗਿਆ ਹੈ। ਮੈਂ ਅੱਜ ਪਹਿਲੀ ਵਾਰ ਕਰਕਸ ਦੇ ਕਮਰੇ ਵਿਚ ਆਇਆ ਹਾਂ ।"

ਕਰਕਸ ਨੇ ਬੜੇ ਕਾਟਵੇਂ ਵਿਅੰਗਮਈ ਸਵਰ ਵਿਚ ਕਿਹਾ, “ਕਾਲੇ ਆਦਮੀ ਦੇ ਜੋ ਕਮਰੇ ਵਿਚ ਲੋਕ ਬਹੁਤਾ ਨਹੀਂ ਆਉਂਦੇ । ਸਲਿਮ ਨੂੰ ਅਤੇ ਮਾਲਕ ਨੂੰ ਛੱਡ ਕੇ ਇਥੇ ਕੋਈ ਵੀ ਨਹੀਂ ਆਉਂਦਾ ।”

ਕੈਂਡੀ ਨੇ ਫੁਰਤੀ ਨਾਲ ਗੱਲਾਂ ਦਾ ਰੁਖ ਮੋੜ ਦਿੱਤਾ, "ਸਲਿਮ ਵਰਗਾ ਪ੍ਰਬੀਨ ਸਕਿੱਨਰ ਮੈਂ ਕਦੇ ਨਹੀਂ ਵੇਖਿਆ।"

ਲੈਨੀ ਕੈਂਡੀ ਵੱਲ ਝੁਕ ਗਿਆ. “ਉਨ੍ਹਾਂ ਸਹਿਆਂ ਦੀ ਗੱਲ ਦੱਸੋ।” ਉਸਨੇ ਅੜੀ ਕਰਦੇ ਹੋਏ ਕਿਹਾ।

ਕੈਂਡੀ ਰਤਾ ਕੁ ਮੁਸਕਰਾਇਆ, "ਮੈਂ ਹਿਸਾਬ ਲਾ ਲਿਆ ਹੈ। ਜੇਕਰ ਅਸੀਂ ਰੁਖ ਸਿਰ ਕੰਮ ਕਰੀਏ, ਤਾਂ ਉਨਾਂ ਸਹਿਆਂ ਤੋਂ ਵੀ ਸਾਨੂੰ ਕੁਝ ਆਮਦਨ ਹੋ ਸਕਦੀ ਹੈ ।"

“ਪਰ ਉਨ੍ਹਾਂ ਦੀ ਦੇਖ ਰੇਖ ਮੈਂ ਕਰਿਆ ਕਰਾਂਗਾ । "ਲੈਨੀ ਵਿਚੋਂ ਹੀ ਬੋਲ ਪਿਆ । "ਜਾਰਜ ਨੇ ਕਿਹਾ ਹੈ ਕਿ ਮੈਂ ਹੀ ਉਨ੍ਹਾਂ ਦੀ ਦੇਖ-ਰੇਖ ਕਰਿਆ ਕਰਾਂਗਾ । ਜਾਰਨ ਨੇ ਮੇਰੇ ਨਾਲ ਪੱਕਾ ਇਕਰਾਰ ਕੀਤਾ ਹੋਇਆ ਹੈ ।”

ਕਰਕਸ ਨੇ ਉਨ੍ਹਾਂ ਦੀ ਗੱਲ ਨੂੰ ਵਿਚੋਂ ਹੀ ਟੋਕ ਦਿੱਤਾ ਅਤੇ ਬੜੇ ਨਿਰਦਈ ਸਵੱਰ ਵਿਚ ਬੋਲਿਆ, "ਤੁਹਾਡੇ ਲੋਕਾਂ ਦੀ ਬੇਵਕੂਫੀ ਦਾ ਕੋਈ ਆਰ ਪਾਰ ਨਹੀਂ । ਤੁਸੀਂ ਆਪਣੇ ਆਪ ਨੂੰ ਭਾਵੇਂ ਕਿੰਨੇ ਹੀ ਖਿਆਲੀ ਪੁਲਾਵਾਂ ਵਿਚ ਰੋਲਦੇ ਰਹੋ ਅਤੇ ਭਾਵੇਂ ਕਿੰਨੇ ਵੀ ਸੁਪਨੇ ਵੇਖੋ ਪਰ ਤੁਹਾਨੂੰ ਭੋਂ ਨਹੀਂ ਮਿਲ ਸਕਦੀ । ਤੁਸੀਂ ਇਥੇ ਹੀ ਗੰਦ ਸਾਫ਼ ਕਰਦੇ ਅਤੇ ਸੌਂਦੇ ਰਹੋਗੇ । ਇਹੀ ਕੰਮ ਕਰਦੇ ਰਹੋਗੇ ਜਦੋਂ ਤੱਕ ਤੁਹਾਡਾ ਜਨਾਜ਼ਾ ਇਥੋਂ ਨਹੀਂ ਨਿਕਲਦਾ । ਮੈਂ ਤੁਹਾਡੇ ਵਰਗੇ ਦਰਜਨਾਂ ਵੇਖੇ ਹਨ । ਮੁਸ਼ਕਿਲ ਨਾਲ ਦੋ ਤਿੰਨ ਹਫਤਿਆਂ ਦੀ ਗੱਲ ਹੈ ਅਤੇ ਲੈਨੀ ਇਥੋਂ ਕੰਮ ਛੱਡ ਛਡਾ ਕੇ ਸੜਕ ਉਤੇ ਅੱਡੀਆਂ ਰਗੜਦਾ ਦਿੱਸ ਪਵੇਗਾ। ਇੰਜ ਲੱਗਦਾ ਹੈ ਕਿ ਹਰ ਇਕ ਕਾਮੇ ਦੇ ਸਿਰ ਉਤੇ ਹੀ ਭੋਂ ਦਾ ਭੂਤ ਸਵਾਰ ਰਹਿੰਦਾ ਹੈ।

ਕੈਂਡੀ ਅਤਿਅੰਤ ਗੁੱਸੇ ਵਿਚ ਆ ਗਿਆ । ਤੁਸੀਂ ਭਾਵੇਂ ਜਿੱਦਾਂ ਵੀ ਚਾਹੋ, ਕਹੀ ਜਾਵੋ, ਅਸੀਂ ਲੋਕ ਹੁਣ ਇਹ ਸਭ ਕੰਮ ਜਰੂਰ ਕਰਾਂਗੇ । ਸਾਡੇ ਕੋਲ ਮਾਇਆ ਵੀ ਤਿਆਰ ਹੈ ।”

“ਅੱਛਾ ?” ਕਰੁਕਸ ਨੇ ਕਿਹਾ, "ਅਤੇ ਹੁਣ ਜਾਰਜ ਕਿੱਥੇ ਹੈ, ਸ਼ਹਿਰ ਵਿਚ ਕਿਸੇ ਕੰਜਰੀ ਦੇ ਨਾਲ ਬਗਲੀਗੀਰ ਹੋਇਆ ਹੈ ਨਾ ?" । ਤੁਹਾਡੀ ਮਾਇਆ ਉਥੇ ਚਲੀ ਜਾਵੇਗੀ। ਰੱਬ ਦੀ ਸਹੁੰ ਮੈਂ ਕਈ ਵਾਰ ਇੰਜ ਹੀ ਹੁੰਦਿਆਂ ਵੇਖਿਆ ਅਤੇ ਸੁਣਿਆ ਹੈ। ਮੈਂ ਅਜਿਹੇ ਅਣਗਿਣਤ ਮਨੁੱਖ ਵੇਖ ਚੁੱਕਾ ਹਾਂ ਜਿਨ੍ਹਾਂ ਦੇ ਸਿਰ ਉਤੇ ਭੋਂ ਦਾ ਭੂਤ ਸਵਾਰ ਹੁੰਦਾ ਹੈ। ਪਰ ਇਹ ਭੋਂ ਉਨ੍ਹਾਂ ਦੀ ਪਕੜ ਵਿਚ ਕਦੀ ਵੀ ਨਹੀਂ ਆਉਂਦੀ ।”

ਕੈਂਡੀ ਨੇ ਅਤਿਅੰਤ ਉਚੇ ਸਵਰ ਵਿਚ ਕਿਹਾ, “ਚੰਗਾ ਚੁੱਪ ਕਰ ਸਾਡੇ ਸਾਰਿਆਂ ਸਿਰ ਉਤੇ ਭੋਂ ਦਾ ਭੂਤ ਹੀ ਸਵਾਰ ਸਹੀ। ਦੁਨੀਆ ਵਿਚ ਹਰ ਮਨੁੱਖ ਲਈ ਥੋੜੀ ਕੁ ਜ਼ਮੀਨ ਅਵੱਸ ਚਾਹੀਦੀ ਹੁੰਦੀ ਹੈ, ਜਿਸ ਦੀ ਉਹ ਲਾਲਸਾ ਕਰਦਾ ਹੈ। ਬਹੁਤੀ ਨਹੀਂ ਬੱਸ ਇੰਨੀ ਕੁ

ਜਿਸ ਨੂੰ ਉਹ ਆਪੂੰ ਹੀ ਵਾਹ ਸਕੇ ਅਤੇ ਬੀਜ ਬਿਜਾਈ ਕਰ ਸਕੇ । ਜਿਸ ਨਾਲ ਉਸ ਦਾ ਆਪਣਾ ਗੁਜ਼ਾਰਾ ਖੁੱਲ੍ਹਾ ਹੋ ਸਕੇ ਜਿਸ ਦਾ ਕਿ ਉਹ ਆਪ ਮਾਲਕ ਹੋਵੇ। ਜਿਸ ਜ਼ਮੀਨ ਤੋਂ ਕੋਈ ਦੂਜਾ ਉਸ ਨੂੰ ਬਾਹਰ ਨਾ ਕੱਢ ਸਕੇ । ਮੇਰੀ ਆਪਣੀ ਕਦੇ ਵੀ ਕੋਈ ਜ਼ਮੀਨ ਨਹੀਂ ਸੀ। ਇਸ ਪ੍ਰਾਂਤ ਵਿਚ ਮੈਂ ਲਗਭਗ ਹਰ ਇਕ ਲਈ ਹੀ ਫਸਲਾਂ ਬੀਜੀਆਂ ਹਨ ਪਰ ਉਨ੍ਹਾਂ ਫ਼ਸਲਾਂ ਉਤੇ ਕਦੀ ਵੀ ਮੇਰੀ ਮਲਕੀਅਤ ਨਹੀਂ ਹੋਈ। ਜਿਵੇਂ ਹੀ ਫ਼ਸਲ ਪੱਕ ਕੇ ਕੱਟੀ ਗਈ, ਉਹ ਤੁਰੰਤ ਹੋਰਨਾਂ ਦੀਆਂ ਕੋਠੀਆਂ ਵਿਚ ਭਰੀ ਗਈ। ਇੰਨੇ ਲੰਮੇ ਅਰਸੇ ਬਾਦ ਹੁਣ ਅਸੀਂ ਕਿਤੇ ਆਪਣੀ ਲਾਲਸਾ ਨੂੰ ਪੂਰਾ ਹੁੰਦਿਆਂ ਵੇਖਣ ਵਾਲੇ ਹਾਂ । ਤੁਸੀਂ ਇਸ ਨੂੰ ਝੂਠ ਮੂਠ ਨਾ ਸਮਝੋ । ਧਨ ਜਾਰਜ ਦੇ ਕੋਲ ਸ਼ਹਿਰ ਦੇ ਵਿਚ ਨਹੀਂ ਹੈ । ਪੈਸਾ ਤਾਂ ਬੈਂਕ ਵਿਚ ਜਮ੍ਹਾਂ ਹੈ । ਮੈਂ ਲੈਨੀ ਅਤੇ ਜਾਰਜ ਤਿੰਨੇ ਇਕੱਠੇ ਜਾਵਾਂਗੇ । ਸਾਡੇ ਤਿੰਨਾਂ ਦੇ ਆਪਣੇ ਆਪਣੇ ਵੱਖੋ ਵੱਖਰੇ ਕਮਰੇ ਹੋਣਗੇ । ਅਸੀਂ ਇਕ ਕੁੱਤਾ ਪਾਲਾਂਗੇ । ਅਸੀਂ ਸਹੇ ਤੇ ਕੁਕੜੀਆਂ ਵੀ ਰੱਖਾਂਗੇ । ਸਾਡੀਆਂ ਹਰੀਆਂ ਭਰੀਆਂ ਭਰਪੂਰ ਫ਼ਸਲਾਂ ਹੋਣਗੀਆਂ। ਜਿੰਨ੍ਹਾਂ ਵਿਚੋਂ ਚੋਖਾ ਅਨਾਜ ਨਿਕਲੇਗਾ । ਜੇਕਰ ਸੰਭਵ ਹੋਇਆ ਤਾਂ ਅਸੀਂ ਕੋਈ ਗਾਂ ਜਾਂ ਬੱਕਰੀ ਵੀ ਪਾਲ ਸਕਾਂਗੇ ।" ਉਹ ਆਪਣੀ ਕਲਪਨਾ ਵਿਚ ਬਣਾਏ ਮਹਿਲਾਂ ਨਾਲ ਗਦ ਗਦ ਹੋ ਗਿਆ ਅਤੇ ਫਿਰ ਚੁੱਪ ਕਰ ਗਿਆ।

ਕਰੁਕਸ ਨੇ ਪੁੱਛਿਆ, "ਤੁਸੀਂ ਕਿਹਾ ਸੀ ਕਿ ਤੁਹਾਡੇ ਕੋਲ ਮਾਇਆ ਹੈ ।" "ਆਹ, ਅਵੱਸ਼ ਹੈ । ਲਗਭਗ ਜਿੰਨੀ ਚਾਹੀਦੀ ਹੈ, ਉਨ੍ਹੀ ਹੀ ਹੈ । ਬੱਸ ਥੋੜੇ ਜਿਹੇ ਪੈਸੇ ਹੀ ਥੁੜਦੇ ਹਨ। ਮਹੀਨੇ ਕੁ ਵਿਚ ਉਹ ਵੀ ਪੂਰੇ ਹੋ ਜਾਣਗੇ । ਜਾਰਜ ਨੇ ਤਾਂ ਜ਼ਮੀਨ ਵੀ ਵੇਖ ਚਾਖ ਕੇ ਟਿੱਕੀ ਹੋਈ ਹੈ ।"

ਕਰੁਕਸ ਨੇ ਆਪਣਾ ਹੱਥ ਪਿੱਠ ਵੱਲ ਮੋੜ ਕੇ ਆਪਣੀ ਰੀੜ੍ਹ ਦੀ ਹੱਡੀ ਟਟੋਲਣ ਦੀ ਕੋਸ਼ਿਸ਼ ਕੀਤੀ। ਉਹ ਬੋਲਿਆ, "ਮੈਂ ਅੱਜ ਤਕ ਕਿਸੇ ਦੇ ਸੁਪਨੇ ਪੂਰੇ ਹੁੰਦੇ ਨਹੀਂ ਵੇਖੇ । ਮੈਂ ਅਜਿਹੇ ਮਨੁੱਖ ਵੀ ਵੇਖੇ ਹਨ ਜਿਹੜੇ ਜ਼ਮੀਨ ਲੈਣ ਲਈ ਪਾਗਲ ਹੋਏ ਹੁੰਦੇ ਹਨ, ਪਰ ਹਰ ਵਾਰ ਉਨ੍ਹਾਂ ਦਾ ਹਿਸਾਬ-ਕਿਤਾਬ ਜਾਂ ਤਾਂ ਕਿਸੇ ਕੰਜਰੀ ਦੇ ਅੱਡੇ ਜੋ ਤੇ ਪੂਰਾ ਹੋ ਜਾਂਦਾ ਹੈ ਅਤੇ ਜਾਂ ਫਿਰ ਜੂਏ ਦੀਆਂ ਬਾਜ਼ੀਆਂ ਲਾਉਣ ਵਿਚ ਮੁੱਕ ਜਾਂਦਾ ਹੈ । "ਦਿਲ ਦੀ ਕੁਝ ਗੱਲ ਕਹਿਣ ਵਿਚ ਉਸ ਨੂੰ ਮਾੜੀ ਜਿਹੀ ਝਿਜਕ ਆ ਰਹੀ ਸੀ ।" ਜੇਕਰ......ਜੇਕਰ ਤੁਹਾਨੂੰ

ਕਿਸੇ ਕਾਮੇ ਦੀ ਲੋੜ ਹੋਵੇ, ਤਾਂ ਮੈਂ ਕੇਵਲ ਰੋਟੀ ਅਤੇ ਰਿਹਾਇਸ਼ ਉਤੇ ਤੁਹਾਡੇ ਕੋਲ ਆਉਣ ਨੂੰ ਤਿਆਰ ਹਾਂ । ਤੁਹਾਨੂੰ ਪਤਾ ਹੀ ਹੈ ਕਿ ਮੈਂ ਬਿਲਕੁਲ ਨਿਕੰਮਾ ਨਹੀਂ ਹਾਂ। ਜੇਕਰ ਚਾਹਵਾਂ ਤਾਂ ਮੈਂ ਜਾਨ ਮਾਰ ਕੇ ਮਿਹਨਤ ਕਰ ਸਕਦਾ ਹਾਂ ।"

"ਤੁਹਾਡੇ ਵਿਚੋਂ ਕਿਸੇ ਨੇ ਕਰਲੀ ਨੂੰ ਵੇਖਿਆ ਹੈ ?"

ਉਹ ਸਾਰੇ ਚੌਂਕ ਗਏ। ਇਕ ਦੰਮ ਉਨ੍ਹਾਂ ਦੇ ਸਿਰ ਬੂਹੇ ਵਲ ਮੁੜ ਗਏ । ਕਰਲੀ ਦੀ ਵਹੁਟੀ ਅੰਦਰ ਝਾਕਦੀ ਪਈ ਸੀ । ਉਸ ਦੇ ਮੁਖੜੇ ਉਤੇ ਪਾਊਡਰ ਦੱਬ ਕੇ ਥੱਪਿਆ ਹੋਇਆ ਸੀ । ਉਸ ਦੇ ਬੁਲ੍ਹ ਰਤਾ ਖੁਲ੍ਹੇ ਸਨ । ਉਹ ਕਾਹਲੀ ਕਾਹਲੀ ਸਾਹ ਲੈ ਰਹੀ ਸੀ । ਜਿਵੇਂ ਕਿ ਭੱਜਦੀ ਭੱਜਦੀ ਆਈ ਹੋਵੇ ।

ਕੈਂਡੀ ਨੇ ਤੀਰ ਵਾਂਗ ਕਿਹਾ, "ਇਥੇ ਕਰਲੀ ਕੁਰਲੀ ਕੋਈ ਨਹੀਂ ਆਇਆ।

ਪਰ ਉਹ ਫਿਰ ਵੀ ਬੂਹੇ ਵਿਚ ਖੜੋਤੀ ਉਨ੍ਹਾਂ ਵੱਲ ਵੇਖ ਕੇ ਮੁਸਕਰਾਉਂਦੀ ਪਈ ਸੀ ਅਤੇ ਇਕ ਹੱਥ ਦੀ ਪਹਿਲੀ ਉਂਗਲ ਅਤੇ ਅੰਗੂਠੇ ਦੇ ਨਾਲ ਦੂਜੇ ਹੱਥ ਦੇ ਨਹੁੰਆਂ ਨੂੰ ਖੁਰਚ ਰਹੀ ਸੀ। ਉਸ ਦੀਆਂ ਨਜ਼ਰਾਂ ਇਕ ਦੇ ਚਿਹਰੇ ਤੋਂ ਦੂਜੇ ਦੇ ਚਿਹਰੇ ਵਲ ਮਟਕ ਰਹੀਆਂ ਸਨ । ਆਖਿਰ ਉਸ ਨੇ ਕਹਿ ਹੀ ਦਿੱਤਾ, "ਉਹ ਸਾਰੇ, ਨਮਰਦਾਂ ਨੂੰ ਇਥੇ ਹੀ ਛੱਡ ਗਏ ਹਨ। ਤੁਸੀਂ ਸਮਝਦੇ ਹੋਵੋਗੇ ਕਿ ਮੈਨੂੰ ਇਹ ਨਹੀਂ ਪਤਾ ਕਿ ਉਹ ਕਿੱਥੇ ਗਏ ਹਨ। ਕਰਲੀ ਦੀ ਵੀ ਮੈਨੂੰ ਸੂਹ ਹੈ। ਮੈਨੂੰ ਪਤਾ ਹੈ ਉਹ ਸਾਰੇ ਕਿਥੇ ਗਏ ਹਨ ।"

ਲੈਨੀ ਉਸ ਦੇ ਵੱਲ ਲੱਟੂ ਬਣਿਆ ਵੇਖ ਰਿਹਾ ਸੀ । ਕੈਂਡੀ ਅਤੇ ਕਰੁਕਸ ਭਾਵੇਂ ਉਸ ਵੱਲ ਨਹੀਂ ਵੇਖਦੇ ਸਨ, ਪਰ ਉਨ੍ਹਾਂ ਦੀਆਂ ਤਿਉੜੀਆਂ ਵੱਟੀਆਂ ਹੋਈਆਂ ਸਨ। "ਜੇਕਰ ਤੁਹਾਨੂੰ ਪਤਾ ਹੀ ਹੈ ਤਾਂ ਫਿਰ ਸਾਡੇ ਕੋਲੋਂ ਕੀ ਪੁੱਛਣ ਆਏ ਹੋ ? " ਕੈਂਡੀ ਨੇ ਕਿਹਾ।

ਕੁੜੀ ਨੇ ਉਨ੍ਹਾਂ ਵਲ ਅਤਿਅੰਤ ਸ਼ਰਾਰਤੀ ਨਜ਼ਰਾਂ ਨਾਲ ਵੇਖਿਆ, "ਕਿਹੋ ਜਿਹੀ ਅਜੀਬ ਗੱਲ ਹੈ " ਉਹ ਬੋਲੀ, "ਜਦੋਂ ਵੀ ਮੈਂ ਕਿਸੇ ਇਕੱਲੇ ਆਦਮੀ ਨੂੰ ਮਿਲਦੀ ਹਾਂ, ਤਦ ਤਾਂ ਉਹ ਡਰਦਾ ਨਹੀਂ, ਮੇਰੇ ਨਾਲ ਚਟਖੋਰੇ ਲਾ ਲਾ ਕੇ ਗੱਲਾਂ ਕਰਦਾ ਹੈ। ਪਰ ਜਿਥੇ ਵੀ ਇਕ ਤੋਂ ਦੋ ਹੋ ਜਾਂਦੇ ਹਨ, ਉਨ੍ਹਾਂ ਦੇ ਬੁਲ੍ਹ ਸੀਤੇ ਜਾਂਦੇ ਹਨ । ਉਹ ਐਵੇਂ ਹੀ ਖਹਿਬੜਨ ਲੱਗ ਪੈਂਦੇ ਹਨ ਅਤੇ ਉਨ੍ਹਾਂ ਨੂੰ ਹੋਰ ਕੁਝ ਨਹੀਂ ਅਹੁੜਦਾ ।" ਉਸ ਨੇ ਨਹੁੰ ਖੁਰਚਨੇ ਬੰਦ ਕਰ ਦਿਤੇ ਅਤੇ ਆਪਣੇ ਹੱਥ ਕਮਰ ਉਤੇ ਰੱਖ ਲਏ। " ਸਪੱਸ਼ਟ ਹੈ ਕਿ ਤੁਸੀਂ ਇਕ ਦੂਜੇ ਤੋਂ ਸ਼ਰਮਾਉਂਦੇ

ਹੋ ਅਤੇ ਡਰ ਜਾਂਦੇ ਹੋ । ਹੋਰ ਤਾਂ ਕੋਈ ਗੱਲ ਨਹੀਂ ਹੋ ਸਕਦੀ। ਤੁਹਾਡੇ ਵਿਚੋਂ ਹਰ ਇਕ ਨੂੰ ਇਹੀ ਡਰ ਖਾਂਦਾ ਹੈ ਕਿ ਦੂਜਾ ਕੋਈ ਬਖੇੜਾ ਨਾ ਪੁਆ ਦੇਵੇ ।"

ਕਰੁਕਸ ਰਤਾ ਕੁ ਚੁੱਪ ਰਿਹਾ । ਫਿਰ ਉਸ ਨੇ ਕਿਹਾ, "ਹੁਣ ਜੇਕਰ ਤੁਸੀਂ ਆਪਣੇ ਮਕਾਨ ਵਿਚ ਚਲੇ ਜਾਓ, ਤਾਂ ਚੰਗਾ ਹੋਵੇਗਾ। ਅਸੀਂ ਕਿਸੇ ਪੰਗੇ ਵਿਚ ਨਹੀਂ ਪੈਣਾ ਚਾਹੁੰਦੇ।"

"ਪਰ ਮੈਂ ਤੁਹਾਨੂੰ ਤੰਗ ਨਹੀਂ ਕਰਦੀ । ਕੀ ਤੁਸੀਂ ਇਹ ਸੋਚਦੇ ਹੋ ਕਿ ਮੇਰਾ ਕਦੇ ਕਿਸੇ ਨਾਲ ਗੱਲ ਕਰਨ ਨੂੰ ਚਿੱਤ ਨਹੀਂ ਕਰਦਾ ? ਕੀ ਤੁਹਾਡਾ ਇਹ ਖਿਆਲ ਹੈ ਕਿ ਮੇਰੇ ਲਈ ਇਹ ਚੱਵੀ ਘੰਟੇ ਘਰ ਦੇ ਅੰਦਰ ਡੱਕੇ ਰਹਿਣਾ ਹੀ ਚੰਗੀ ਗੱਲ ਹੈ ?”

ਕੈਂਡੀ ਨੇ ਆਪਣੇ ਟੁੰਡੇ ਹੱਥ ਨੂੰ ਆਪਣੇ ਗੋਡੇ ਉਤੇ ਰੱਖ ਲਿਆ ਅਤੇ ਉਸ ਨੂੰ ਹੌਲੀ ਹੌਲੀ ਦੂਜੇ ਹੱਥ ਨਾਲ ਮਲਣ ਲੱਗ ਪਿਆ। ਉਸ ਨੇ ਰੋਹ ਵਿਚ ਆ ਕੇ ਕਿਹਾ 'ਤੁਹਾਡਾ ਪਤੀ ਕਾਇਮ ਹੈ। ਤੁਹਾਡੇ ਲਈ ਹੋਰਨਾਂ ਮਰਦਾਂ ਦੇ ਆਲੇ ਦੁਆਲੇ ਚੱਕਰ ਕੱਟਣੇ ਅਤੇ ਖਾਹਮਖਾਹ ਝਮੇਲੇ ਖੜ੍ਹੇ ਕਰਨੇ ਚੰਗੀ ਗੱਲ ਨਹੀਂ ਹੈ।"

ਕੁੜੀ ਇਹ ਟਕੋਰ ਸੁਣ ਕੇ ਤੁਰੰਤ ਗੁੱਸੇ ਨਾਲ ਵਰ ਪਈ, “ਆਹੋ, ਮੇਰਾ ਪਤੀ ਹੈ । ਉਹ ਜਿਹੋ ਜਿਹਾ ਹੈ, ਤੁਸੀਂ ਸਾਰੇ ਹੀ ਜਾਣਦੇ ਹੋ । ਤੁਸੀਂ ਸਾਰਿਆਂ ਨੇ ਉਸ ਨੂੰ ਭਲੀ ਭਾਂਤ ਵੇਖਿਆ ਹੋਇਆ ਹੈ। ਕੀ ਕਹਿਣੇ ਉਸ ਦੀ ਜਵਾਨੀ ਦੇ ? ਕਿਉਂ ਠੀਕ ਹੈ ਨਾ । ਸਾਰਾ ਦਿਨ ਉਸ ਦਾ ਕੇਵਲ ਇਹੀ ਕੰਮ ਹੈ ਕਿ ਸ਼ੇਖੀਆਂ ਮਾਰਦਾ ਰਹੇ। ਉਹ ਕਹਿੰਦਾ ਰਹੇਗਾ ਕਿ ਜਿਹੜੇ ਲੋਕੀਂ ਉਸ ਨੂੰ ਪਸੰਦ ਨਹੀਂ, ਉਹ ਉਨ੍ਹਾਂ ਨਾਲ ਇੰਜ ਦਾ ਅਤੇ ਉਂਜ ਦਾ ਸਲੂਕ ਕਰੇਗਾ। ਅਤੇ ਉਸ ਨੂੰ ਪਸੰਦ ਕੌਣ ਹੈ ? ਕੋਈ ਵੀ ਨਹੀਂ । ਤੁਹਾਡਾ ਤਾਂ ਇਹੋ ਹੀ ਖ਼ਿਆਲ ਹੈ ਕਿ ਉਸ ਨਿੱਕੇ ਜਿਹੇ ਕਮਰੇ ਅੰਦਰ ਬੈਠੀ ਮੈਂ ਅੱਠੇ ਪਹਿਰ ਉਸ ਦੀਆਂ ਇਹੋ ਗੱਲਾਂ ਸੁਣਦੀ ਰਹਾਂ ਕਿ ਕਿਸ ਤਰ੍ਹਾਂ ਉਹ ਪਹਿਲਾਂ ਆਪਣੇ ਖੱਬੇ ਹੱਥ ਨਾਲ ਆਪਣੇ ਵਿਰੋਧੀ ਦੀ ਪੁੜਪੜੀ ਗਰਮ ਕਰੇਗਾ ਅਤੇ ਫਿਰ ਕਿਵੇਂ ਸੱਜੇ ਹੱਥ ਨਾਲ ਉਸ ਦੀ ਨੱਕ ਜਾਂ ਅੱਖ ਜਾਂ ਦੰਦ ਤੋੜ ਦੇਵੇਗਾ। ਇਕ, ਦੋ ਅਤੇ ਤਿੰਨ- ਅਤੇ ਉਹ ਵੇਖੋ ਚਾਰੇ ਖਾਨੇ ਚਿੱਤ ਪਿਆ ਹੈ । ਤੁਹਾਡਾ ਖਿਆਲ ਹੈ ਕਿ ਮੇਰਾ ਕੇਵਲ ਇਹੋ ਹੀ ਕੰਮ ਹੈ ਕਿ ਸਾਰਾ ਸਾਰਾ ਦਿਨ ਇਸੇ ਤਰ੍ਹਾਂ ਹੀ ਬਕਵਾਸ ਹੀ ਸੁਣਦੀ ਰਹਾਂ ।”

ਉਹ ਰਤਾ ਕੁ ਠਠੰਬਰ ਗਈ ਅਤੇ ਉਸ ਦੇ ਚਿਹਰੇ ਦੀਆਂ ਤਿਉੜੀਆਂ ਤੋਂ ਗੁੱਸਾ ਵੀ ਕੁਝ ਦੂਰ ਹੋ ਗਿਆ ਫਿਰ ਉਸ ਨੇ ਇਕ ਦੰਮ ਬਹੁਤ ਚਾਹ ਨਾਲ ਪੁੱਛਿਆ, “ਚੰਗਾ, ਕਰਲੀ ਦੇ ਹੱਥਾਂ ਨੂੰ ਕੀ ਹੋਇਆ ਹੈ ?"

ਇਸ ਗੱਲ ਤੇ ਬੜਾ ਅਜੀਬ ਕਿਸਮ ਦਾ ਸਨਾਟਾ ਛਾ ਗਿਆ ਅਤੇ ਸਾਰੇ ਜਣੇ ਕੜਿੱਕੀ ਜਿਹੀ ਵਿਚ ਫਸ ਗਏ। ਕੈਂਡੀ ਨੇ ਦੜ ਵੱਟੀ ਰੱਖੀ ਅਤੇ ਲੈਨੀ ਵੱਲ ਤੱਕਿਆ ਫਿਰ ਉਹ ਖੰਘਿਆ ਅਤੇ ਟੁੱਟਦੀ ਆਵਾਜ਼ ਵਿਚ ਬੋਲਿਆ, ਕਿਉਂ ਕਰਲੀ ਦਾ ਹੱਥ ਮਸ਼ੀਨ ਵਿਚ ਆ ਗਿਆ ਸੀ ।"

ਪਲ ਭਰ ਉਹ ਨਜ਼ਰਾਂ ਗੱਡ ਕੇ ਉਨ੍ਹਾਂ ਵਲ ਵੇਖਦੀ ਰਹੀ। ਫਿਰ ਉਹ ਠਹਾਕਾ ਮਾਰ ਕੇ ਖਿੜਖਿੜਾ ਕੇ ਹੱਸੀ। ਮਸ਼ੀਨ ਵਿਚ ਆ ਗਿਆ ਹੈ ਤੁਹਾਡਾ ਸਿਰ, ਤੁਸੀਂ ਮੈਨੂੰ ਬੁੱਧੂ ਹੀ ਸਮਝਦੇ ਹੋ ? ਕਰਲੀ ਨੇ ਤਾਂ ਕਿਸੇ ਦੇ ਨਾਲ ਆਪਣੀ 'ਇਕ-ਦੋ" ਦੀ ਮਹਾਰਨੀ ਸ਼ੁਰੂ ਕੀਤੀ ਸੀ ਅਤੇ ਅਸਲੀ ਕਹਾਣੀ ਇਹ ਹੈ ਕਿ ਉਹ 'ਤਿੰਨ' ਨਹੀਂ ਕਹਿ ਸਕਿਆ ਅਤੇ ਦੂਜੇ ਨੇ ਉਸ ਨੂੰ ਦਬੋਚ ਲਿਆ। ਮਸ਼ੀਨ ਵਿਚ ਆਇਆ ਸੀ । ਤੁਹਾਡਾ ਸਿਰ । ਜਦੋਂ ਤੋਂ ਉਸ ਦਾ ਹੱਥ ਟੁੱਟ ਗਿਆ ਹੈ, ਉਦੋਂ ਤੋਂ ਉਹ “ਇਕ, ਦੋ, ਤਿੰਨ ਅਤੇ ਔਹ ਮਾਰਿਆ... ਇਹ ਡੀਂਗਾ ਨਹੀਂ ਮਾਰਦਾ। ਕਿਸ ਨੇ ਕੀਤੀ ਉਸ ਦੀ ਝੰਡ ?"

ਕੈਂਡੀ ਨੇ ਅਣਚਾਹੇ ਹੀ ਮੁੜ ਉਹੀ ਵਾਕ ਦੁਹਰਾ ਦਿੱਤਾ, “ ਮਸ਼ੀਨ ਵਿਚ ਆ ਗਿਆ ਸੀ ।"

"ਚੰਗੀ ਗੱਲ ਹੈ ”—ਕੁੜੀ ਨੇ ਅਤਿਅੰਤ ਔਖੇ ਹੋ ਕੇ ਕਿਹਾ, “ ਚੰਗੀ ਗੱਲ ਹੈ । ਜੇਕਰ ਤੁਸੀਂ ਇੰਜ ਹੀ ਚਾਹੁੰਦੇ ਹੋ ਤਾਂ ਪਾਈ ਰੱਖੋ ਪਰਦਾ । ਮੈਨੂੰ ਕੀ ਪਰਵਾਹ ਹੈ ? ਤੁਸੀਂ ਤੇਂਦੂ ਲੋਕ ਪਤਾ ਨਹੀਂ ਆਪਣੇ ਆਪ ਨੂੰ ਕਿੰਨੇ ਸਿਆਣੇ ਸਮਝਦੇ ਹੋ ? ਕੀ ਤੁਸੀਂ ਲੋਕਾਂ ਨੇ ਮੈਨੂੰ ਦੁੱਧ ਪੀਂਦੀ ਬੱਚੀ ਸਮਝ ਲਿਆ ਹੈ ? ਮੈਂ ਕਹਿੰਦੀ ਹਾਂ, ਜੇਕਰ ਮੈਂ ਚਾਹੁੰਦੀ ਤਾਂ ਮੈਂ ਥੀਏਟਰ ਵਿਚ ਚਲੀ ਜਾਂਦੀ । ਇਕ ਦੀ ਤਾਂ ਗੱਲ ਹੀ ਨਹੀਂ, ਮੈਨੂੰ ਤਾਂ ਹਰ ਇਕ ਹੀ ਲੈਣ ਲਈ ਤਰਲੇ ਕਰਦਾ ਸੀ। ਇਕ ਬੰਦੇ ਨੇ ਮੈਨੂੰ ਕਿਹਾ ਸੀ ਕਿ ਉਹ ਮੈਨੂੰ ਸਿਨੇਮਾ ਕੰਪਨੀ ਦੇ ਵਿਚ ਥਾਂ ਦੁਆ ਸਕਦਾ ਹੈ............।" ਅਤਿਅੰਤ ਤੀਬਰ ਗੁੱਸੇ ਕਾਰਣ ਉਸ ਦਾ ਸਾਹ ਵੀ ਤੇਜ ਹੋ ਗਿਆ। “ਸਨਿੱਚਰਵਾਰ ਦੀ ਰਾਤ । ਸਾਰੇ ਜਣੇ ਮੌਜ ਮੇਲਾ ਕਰਨ ਅਤੇ ਮਨ

ਪਰਚਾਉਣ ਲਈ ਚਲੇ ਗਏ । ਸਾਰੇ ਦੇ ਸਾਰੇ । ਅਤੇ ਮੈਂ ਕੀ ਕਰ ਰਹੀ ਹਾਂ ? ਇਥੇ ਖੜ੍ਹੋਤੀ ਕਾਠ ਦੇ ਉੱਲੂਆਂ ਨਾਲ ਗੱਲਾਂ ਕਰ ਰਹੀ ਹਾਂ, ਇਕ ਨੀਗਰੋ ਹੈ, ਇਕ ਜਿੰਨਵਤ ਹੈ ਅਤੇ ਇਕ ਬੁੱਢਾ ਖੁੰਢ ਅਤੇ ਮੈਂ ਇਹ ਸਭ ਕੁਝ ਬਰਦਾਸ਼ਤ ਕਰ ਰਹੀ ਹਾਂ, ਕਿਉਂਕਿ ਹੋਰ ਕੋਈ ਇਥੇ ਹੈ ਹੀ ਨਹੀਂ, ਮੇਰੇ ਵਾਸਤੇ ।"

ਲੈਨੀ ਉਸ ਵੱਲ ਟਿੱਕਟਿਕੀ ਲਾ ਕੇ ਵੇਖੀ ਜਾ ਰਿਹਾ ਸੀ । ਉਸ ਦਾ ਮੂੰਹ ਅੱਧਾ ਖੁੱਲ੍ਹਾ ਹੋਇਆ ਸੀ । ਕਰੁਕਸ ਨੇ ਮੌਕਾ ਤਾੜ ਕੇ ਸਿਆਣਪ ਕੀਤੀ ਅਤੇ ਆਪਣੇ ਆਪ ਨੂੰ ਨੀਗਰੋਪੁਣੇ ਦੇ ਡਰਾਊ ਸਾਂਚੇ ਵਿਚ ਲੁਕੋ ਲਿਆ। ਪਰ ਬੁੱਢੇ ਕੈਂਡੀ ਦੇ ਵਿਚ ਇਕ ਤਬਦੀਲੀ ਪ੍ਰਤੱਖ ਦਿਸ ਪਈ । ਉਹ ਇਕ ਦੱਮ ਉਠਿਆ ਅਤੇ ਆਪਣੇ ਕਿੱਲਾਂ ਦੇ ਡੱਬੇ ਨੂੰ ਪਿਛਾਂਹ ਧੱਕ ਕੇ ਰੋਹ ਨਾਲ ਬੋਲਿਆ, "ਬੱਸ, ਹੁਣ ਬਹੁਤ ਹੋ ਗਈ ਹੈ। ਤੇਰੀ ਇੱਥੇ ਹੁਣ ਕੋਈ ਲੋੜ ਨਹੀਂ। ਇਕ ਵਾਰੀ ਅਸੀਂ ਕਹਿ ਚੁੱਕੇ ਹਾਂ ਕਿ ਇੱਥੇ ਤੇਰਾ ਕੋਈ ਕੰਮ ਨਹੀਂ। ਅਤੇ ਮੈਂ ਫਿਰ ਕਹਿੰਦਾ ਹਾਂ ਸਾਡੇ ਲੋਕਾਂ ਬਾਰੇ ਤੇਰੇ ਬਹੁਤ ਬੇਤੁੱਕੇ ਵਿਚਾਰ ਹਨ। ਰੈਰੀ ਨਿੱਕੀ ਜਿਹੀ ਖੋਪੜੀ ਦੇ ਵਿਚ ਇਨ੍ਹਾਂ ਵੀ ਦਿਮਾਗ ਨਹੀਂ ਕਿ ਤੂੰ ਸਮਝ ਸੱਕੇ ਕਿ ਅਸੀਂ ਕਾਠ ਦੇ ਉੱਲੂ ਨਹੀਂ ਹਾਂ। ਮੰਨ ਲੈ, ਤੂੰ ਸਾਨੂੰ ਇਥੋਂ ਕਢਵਾ ਲਵੇਂਗੀ। ਮਿੰਟ ਦੋ ਮਿੰਟ ਲਈ ਇਹ ਮੰਨ ਲਵੋ । ਤੂੰ ਸੋਚਦੀ ਹੈਂ ਕਿ ਅਸੀਂ ਇਸ ਦੇ ਦੋ ਟਕੇ ਦੀ ਨੌਕਰੀ ਵਾਸਤੇ ਦਰ ਦਰ ਠੋਕਰਾਂ ਖਾਂਦੇ, ਫਿਰਾਂਗੇ । ਤੈਨੂੰ ਕੀ ਪਤਾ ਕਿ ਸਾਡਾ ਆਪਣਾ ਵਾੜਾ ਹੈ ਅਤੇ ਸਾਡਾ ਆਪਣਾ ਘਰ ਵੀ ਹੈ । ਅਸੀਂ ਹੁਣੇ ਇਸੇ ਵੇਲੇ ਇਥੋਂ ਚਲੇ ਜਾਵਾਂਗੇ। ਇੰਜ ਨਾ ਸਮਝੀ ਕਿ ਅਸੀਂ ਮਰ ਕੇ ਹੀ ਇਸ ਥਾਂ ਤੋਂ ਜਾਵਾਂਗੇ । ਸਾਡਾ ਆਪਣਾ ਘਰ ਹੈ, ਕੁਕੜੀਆਂ ਹਨ। ਫਲਾਂ ਦੇ ਬਿਰਛ ਹਨ । ਅਤੇ ਇਹ ਸਭ ਕੁਝ ਇਥੋਂ ਹਜਾਰ ਗੁਣਾ ਵਧੇਰੇ ਚੰਗਾ ਹੈ । ਅਤੇ ਸਾਡੇ ਮਿੱਤਰ ਵੀ ਹਨ। ਸਮਝ ਗਈ ਹੈਂ ? ਹੋ ਸਕਦਾ ਹੈ ਕਿਸੇ ਸਮੇਂ ਸਾਨੂੰ ਇਹ ਡਰ ਹੋਵੇ ਕਿ ਸਾਨੂੰ ਕੱਢ ਦੇਵੋਗੇ। ਪਰ ਹੁਣ ਉਹ ਦਿਨ ਦੂਰ ਚਲੇ ਗਏ ਹਨ । ਸਾਡੀ ਆਪਣੀ ਜ਼ਮੀਨ ਹੈ, ਸਾਡੀ ਆਪਣੀ ਨਿੱਜੀ ਜ਼ਮੀਨ, ਅਸੀਂ ਉਥੇ ਕਿਸੇ ਵੇਲੇ ਵੀ ਜਾ ਸਕਦੇ ਹਾਂ ।"

ਕਰਲੀ ਦੀ ਵਹੁਟੀ ਉਸ ਦੀ ਗੱਲ ਸੁਣ ਕੇ ਖਿੜਖਿੜਾ ਕੇ ਹੱਸ ਪਈ। “ਤੁਹਾਡਾ ਸਿਰ ਹੈ।" ਉਹ ਲੋਟ ਪੋਟ ਹੋ ਗਈ ਅਤੇ ਬੋਲੀ, "ਮੈਂ ਤੁਹਾਡੇ ਵਰਗੇ ਬਹੁਤ ਵੇਖੇ ਹੋਏ ਸਨ । ਜੇਕਰ ਤੁਹਾਡੇ ਕੋਲ ਆਪਣਾ ਨਿੱਜੀ ਇਕ ਤੀਲਾ ਵੀ ਹੁੰਦਾ, ਤਾਂ ਤੁਸੀਂ ਕਿਹੜੇ ਵੇਲੇ ਦੇ

ਖਾਣ-ਪੀਣ ਵਿਚ ਉਡਾ ਕੇ ਮਸਤ-ਮਲੰਗ ਹੋ ਗਏ ਹੁੰਦੇ । ਮੈਂ ਤੁਹਾਡੇ ਵਰਗੇ ਲੋਕਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੀ ਹਾਂ ।"

ਕੈਂਡੀ ਦਾ ਚਿਹਰਾ ਇਕ ਵਾਰ ਤਾਂ ਅੱਗ-ਬਗੂਲਾ ਹੋ ਗਿਆ, ਪਰ ਕਰਲੀ ਦੀ ਵਹੁਟੀ ਦੇ ਬੋਲ ਬੰਦ ਹੋਣ ਤੋਂ ਪਹਿਲਾਂ ਹੀ ਉਸ ਨੇ ਆਪਣੇ ਉਤੇ ਕਾਬੂ ਪਾ ਲਿਆ ਹਾਲੀ ਤੱਕ ਸਮੁੱਚੀ ਸਥਿਤੀ ਕਾਬੂ ਹੇਠ ਹੀ ਸੀ। ਉਹ ਬੋਲਿਆ, "ਤੁਹਾਨੂੰ ਇਹ ਗੱਲਾਂ ਦੱਸਣ ਦਾ ਸਾਨੂੰ ਕੋਈ ਲਾਭ ਨਹੀਂ। ਮੈਨੂੰ ਇਹ ਗੱਲ ਪਹਿਲਾਂ ਹੀ ਸਮਝ ਲੈਣੀ ਚਾਹੀਦੀ ਸੀ । ਫਿਰ ਉਸ ਨੇ ਧੀਰਜ ਨਾਲ ਕਿਹਾ, “ਹੁਣ ਤੁਸੀਂ ਇਥੋਂ ਜਾਓ ਅਤੇ ਆਪਣਾ ਕੰਮ ਕਰੋ । ਅਸੀਂ ਤੁਹਾਨੂੰ ਕੁਝ ਨਹੀਂ ਕਹਿਣਾ ਚਾਹੁੰਦੇ । ਇਸ ਗੱਲ ਦਾ ਸਾਨੂੰ ਪਤਾ ਹੈ ਕਿ ਸਾਡੇ ਪਾਸ ਕੀ ਹੈ। ਤੁਸੀਂ ਇਹ ਗੱਲ ਮੰਨਦੇ ਹੋ ਜਾਂ ਨਹੀਂ ਇਸ ਦੀ ਸਾਨੂੰ ਰੱਤੀ ਭਰ ਵੀ ਪਰਵਾਹ ਨਹੀਂ । ਇਸ ਲਈ ਤੁਸੀਂ ਹੁਣ ਇਥੋਂ ਤਸ਼ਰੀਫ ਲੈ ਜਾਵੋ, ਕਿਉਂਕਿ ਕਰਲੀ ਨੂੰ ਸ਼ਾਇਦ ਇਹ ਗੱਲ ਚੰਗੀ ਨਾ ਲੱਗੇ ਕਿ ਉਸ ਦੀ ਵਹੁਟੀ ਢਾਰੇ ਦੇ ਵਿਚ ਕਾਠ ਦੇ ਉੱਲੂਆਂ ਨਾਲ ਮਗਜ਼ ਖਪਾਈ ਕਰੇ।”

ਕਰਲੀ ਦੀ ਵਹੁਟੀ ਨੇ ਵਾਰੀ ਵਾਰੀ ਤਿੰਨਾਂ ਵੱਲ ਵੇਖਿਆ ਉਹ ਤਿੰਨੇ ਹੀ ਉਸ ਤੋਂ ਔਖੇ ਸਨ । ਦੂਜਿਆਂ ਦੇ ਮੁਕਾਬਲੇ ਵਿਚ ਉਹ ਲੈਨੀ ਵਲ ਜਿਆਦਾ ਦੇਰ ਤੱਕ ਵੇਖਦੀ ਰਹੀ। ਹਾਰ ਕੇ ਲੈਨੀ ਨੇ ਘਬਰਾ ਕੇ ਅੱਖਾਂ ਨੀਵੀਆਂ ਕਰ ਲਈਆਂ । ਤੁਰੰਤ ਕਰਲੀ ਦੀ ਵਹੁਟੀ ਨੇ ਪੁੱਛਿਆ,"ਤੁਹਾਡੇ ਮੂੰਹ ਉਤੇ ਇਹ ਸਾਰੇ ਜ਼ਖ਼ਮ ਕਿਵੇਂ ਹੋ ਗਏ ?"

ਲੈਨੀ ਨੇ ਇਕ ਮੁਜਰਮ ਵਾਂਗ ਅੱਖਾਂ ਚੁੱਕੀਆਂ ਅਤੇ ਪੁੱਛਿਆ, “ਕਿਸ ਦੇ......... ਮੇਰੇ....?"

“ਹਾਂ, ਤੁਹਾਡੇ ।”

ਲੈਨੀ ਮਦਦ ਲਈ ਕੈਂਡੀ ਵੱਲ ਮੁੜਿਆ ਅਤੇ ਫਿਰ ਉਸ ਦੀਆਂ ਨਜ਼ਰਾਂ ਝੁਕ ਗਈਆਂ ਜ਼ਮੀਨ ਵੱਲ ਵੇਖਦਿਆਂ ਹੋਇਆਂ ਉਸ ਨੇ ਕਿਹਾ, “ਉਸ ਦਾ ਹੱਥ ਮਸ਼ੀਨ ਵਿਚ ਆ ਗਿਆ ਸੀ ।"

ਕਰਲੀ ਦੀ ਵਹੁਟੀ ਠਹਾਕਾ ਮਾਰ ਕੇ ਹੱਸ ਪਈ । ‘ਚੰਗਾ, ਚੰਗਾ, ਮਸ਼ੀਨ ਹੀ ਸਹੀ। ਮੈਂ ਤੁਹਾਡੇ ਨਾਲ ਫਿਰ ਗੱਲ ਕਰਾਂਗੀ । ਮੈਨੂੰ ਮਸ਼ੀਨਾਂ ਬਹੁਤ ਚੰਗੀਆਂ ਲਗਦੀਆਂ ਹਨ ।”

ਕੈਂਡੀ ਨੇ ਗੱਲ ਟੁੱਕ ਦਿੱਤੀ ਅਤੇ ਵਿਚੋਂ ਹੀ ਬੋਲ ਪਿਆ, “ਇਸ ਵਿਚਾਰੇ ਉਤੇ ਮਿਹਰਬਾਨੀ ਕਰੋ । ਇਸ ਨਾਲ ਤੁਸੀਂ ਪੇਚੇ ਨਾ ਪਾਓ। ਮੈਂ ਜਾਰਜ ਨੂੰ ਦੱਸ ਦਿਆਂਗਾ ਕਿ ਤੁਸੀਂ ਇਹ ਕੁਝ ਕਹਿ ਰਹੇ ਸੀ । ਜਾਰਜ ਕਦੇ ਵੀ ਤੁਹਾਨੂੰ ਲੰਨੀ ਦੇ ਨਾਲ ਗੜਬੜੀ ਨਹੀਂ ਕਰਨ ਦੇਵੇਗਾ । ”

ਉਸ ਨੇ ਪੁੱਛਿਆ, “ਜਾਰਜ ਕੌਣ ਹੈ ? ਉਹ ਠਿੰਗਣਾ ਜਿਹਾ ਬੰਦਾ ਜਿਸ ਨਾਲ ਤੁਸੀਂ ਆਏ ਹੋ ?"

ਲੈਨੀ ਗੱਦ ਗਦ ਹੋ ਗਿਆ ਅਤੇ ਹੱਸ ਪਿਆ। “ਹਾਂ, ਉਹ ਹੀ।” ਉਸ ਨੇ ਉੱਤਰ ਦਿੱਤਾ ਅਤੇ ਜਾਰਜ ਨੇ ਕਿਹਾ ਹੈ ਕਿ ਉਹ ਮੈਨੂੰ ਸਹਿਆਂ ਦੀ ਦੇਖ ਰੇਖ ਕਰਨ ਦੇਵੇਗਾ।"

“ਚੰਗਾ, ਜੇਕਰ ਤੁਹਾਨੂੰ ਸਹੇ ਹੀ ਚਾਹੀਦੇ ਹਨ, ਤਾਂ ਸਹਿਆਂ ਦਾ ਇਕ ਜੋੜਾ ਤੁਹਾਡੇ ਲਈ ਮੈਂ ਵੀ ਮੰਗਵਾ ਲਵਾਂਗੀ ।',

ਕਰੁਕਸ ਆਪਣੇ ਫੱਟੇ ਤੋਂ ਉੱਠਿਆ ਅਤੇ ਕਰਲੀ ਦੀ ਵਹੁਟੀ ਦੇ ਸਾਹਮਣੇ ਆ ਕੇ ਖੜ੍ਹਾ ਹੋ ਗਿਆ । ਉਸ ਨੇ ਅਤਿਅੰਤ ਰੁੱਖੇ ਲਹਿਜੇ ਵਿਚ ਕਿਹਾ, “ਬੱਸ, ਬਹੁਤ ਹੋ ਗਈ ਹੈ । ਤੈਨੂੰ ਕਿਸੇ ਕਾਲੇ ਆਦਮੀ ਦੇ ਕਮਰੇ ਵਿਚ ਆਉਣ ਦਾ ਕੋਈ ਹੱਕ ਨਹੀਂ ਹੈ । ਹੁਣ ਤੂੰ ਇਥੋਂ ਫੁੱਟ ਜਾ। ਜੇਕਰ ਤੂੰ ਇਥੋਂ ਨਾ ਗਈ ਤਾਂ ਮੈਂ ਮਾਲਕ ਨੂੰ ਕਹਿ ਕੇ ਤੇਰਾ ਢਾਰੇ ਵਿਚ ਆਉਣਾ ਉੱਕਾ ਹੀ ਬੰਦ ਕਰਵਾ ਦਿਆਂਗਾ ।"

ਕਰਲੀ ਦੀ ਵਹੁਟੀ ਅਤਿਅੰਤ ਘਿਰਣਾ ਨਾਲ ਉਸ ਵੱਲ ਮੁੜੀ । “ਸੁਣ ਓਏ ਨੀਗਰੋ, ਸੂਰ ਦੇ ਬੱਚੇ" ਉਸ ਨੇ ਕਿਹਾ, "ਤੂੰ ਸਮਝ ਲੈ, ਜੇਕਰ ਤੂੰ ਆਪਣੀ ਬੂਥੀ ਖੋਲ੍ਹੀ ਤਾਂ ਤੇਰੀ ਕਿਹੋ ਜਿਹੀ ਦੁਰਗਤੀ ਹੋਵੇਗੀ ?"

ਕਰੁਕਸ ਅਤਿਅੰਤ ਡਰ ਨਾਲ ਉਸ ਵਲ ਤੱਕਣ ਲੱਗ ਪਿਆ। ਫਿਰ ਉਹ ਆਪਣੇ ਫੱਟੇ ਉਤੇ ਬੈਠ ਗਿਆ ਅਤੇ ਮੁੜ ਆਪਣੇ ਅੰਦਰ ਹੀ ਅੰਦਰ ਸੁੰਗੜ ਗਿਆ।

ਕਰਲੀ ਦੀ ਵਹੁਟੀ ਨੇ ਦੋ ਹੋਰ ਕਦਮ ਅੱਗੇ ਪੁੱਟੇ, “ਜਾਣਦਾ ਹੈਂ ਮੈਂ ਕੀ ਕਰ ਸਕਦੀ ਹਾਂ ?"

ਕਰੂਕਸ ਹੋਰ ਵੀ ਸੁੰਗੜ ਗਿਆ ਅਤੇ ਬਹੁਤ ਨਿੱਕਾ ਜਿਹਾ ਲੱਗਣ ਲਗ ਪਿਆ। ਉਹ ਐਨ ਕੰਧ ਦੇ ਨਾਲ ਹੀ ਚਿੰਬੜ ਗਿਆ। ਬਹੁਤ ਹੌਲੇ ਸਵੇਰ ਵਿਚ ਉਸ ਨੇ ਕੇਵਲ ਇਹੀ ਆਖਿਆ, "ਜਾਣਦਾ ਹਾਂ, ਸਰਕਾਰ ।"

"ਤਾਂ ਤੂੰ ਆਪਣੇ ਆਪ ਵਿਚ ਹੀ ਰਹੁ, ਨੀਗਰੋ ਦੇ ਬੱਚੇ। ਇਹ ਗੱਲ ਸਮਝ ਲੈ ਕਿ ਮੈਂ ਤੈਨੂੰ ਸੌਖਿਆਂ ਹੀ ਬਿਰਛ ਉਤੇ ਲਟਕਵਾ ਸਕਦੀ ਹਾਂ ।"

ਕਰੂਕਸ ਨੇ ਆਪਣੇ ਆਪ ਨੂੰ ਉੱਕਾ ਹੀ ਹੀਣਾ ਅਤੇ ਨਿਗੁਣਾ ਸਮਝ ਲਿਆ। ਉਸ ਵਿਚ ਨਾਂ-ਮਾਤਰ ਵੀ ਖੁਦਾਰੀ ਨਾ ਰਹੀ, ਸਗੋਂ ਉੱਕਾ ਹੀ ਖਤਮ ਹੋ ਗਈ। ਉਸ ਵਿਚ ਅਜਿਹੀ ਕੋਈ ਗੱਲ ਨਾ ਬਚੀ ਜਿਸ ਨਾਲ ਰੁਚੀ ਜਾਂ ਅਰੁਚੀ ਪੈਦਾ ਹੋ ਸਕੇ । ਜਵਾਬ ਵਿਚ ਉਸਨੇ ਕੇਵਲ ਇਨ੍ਹਾਂ ਹੀ ਕਿਹਾ, “ਜੀ ਸਰਕਾਰ" ਅਤੇ ਉਸ ਦੇ ਮੂੰਹ ਵਿਚੋਂ ਹੋਰ ਕੋਈ ਆਵਾਜ਼ ਨਾ ਨਿਕਲੀ ।

ਕੁਝ ਖਿਣ ਕਰਲੀ ਦੀ ਵਹੁਟੀ ਇਸੇ ਉਡੀਕ ਵਿਚ ਖਲੋਤੀ ਰਹੀ ਕਿ ਕਰੁਕਸ ਮੁੜ ਆਪਣੀ ਬੂਥੀ ਖੋਲ੍ਹੇ ਅਤੇ ਉਹ ਫਿਰ ਉਸ ਦੀ ਲਾਹ-ਪਾਹ ਕਰੇ ਪਰ ਕਰੁਕਸ ਉਕਾ ਹੀ ਨਿਰਜਿੰਦ ਜਿਹਾ ਹੋ ਕੇ ਬੈਠਾ ਰਿਹਾ । ਉਸ ਦੀਆਂ ਅੱਖਾਂ ਕਿਧਰੇ ਹੋਰ ਹੀ ਜੰਮੀਆਂ ਰਹੀਆਂ। ਉਸ ਦੇ ਸਾਰੇ ਹਾਵ-ਭਾਵ ਜਿਨ੍ਹਾਂ ਉਤੇ ਹਮਲਾ-ਹੋ ਸਕਦਾ ਸੀ, ਇਕ ਦੰਮ ਉਸ ਦੇ ਅੰਦਰਲੇ ਵਿਚ ਜਾ ਸੁੰਗੜੇ । ਉਸ ਦਾ ਮੱਕੂ ਠੱਪ ਕੇ ਕਰਲੀ ਦੀ ਵਹੁਟੀ ਬਾਕੀ ਦੇ ਦੋਹਾਂ ਵੱਲ ਮੁੜ ਪਈ ।

ਬੁੱਢਾ ਕੈਂਡੀ ਉਸ ਵੱਲ ਇਕ ਟਿਕ ਵੇਖੀ ਜਾ ਰਿਹਾ ਸੀ । ਜੇਕਰ ਤੁਸੀਂ ਅਜਿਹੀ ਹਰਕਤ ਕਰੋਗੇ ਤਾਂ ਅਸੀਂ ਲੋਕ ਕਹਿ ਦਿਆਂਗੇ । “ਉਸ ਨੇ ਠਰੰਮੇ ਨਾਲ ਕਿਹਾ, "ਅਸੀਂ ਕਹਿ ਦਿਆਂਗੇ ਕਿ ਤੁਸੀਂ ਕਰੁਕਸ ਉਤੇ ਝੂਠਾ ਹੀ ਦੂਸ਼ਣ ਲਾ ਰਹੇ ਹੋ ।”

ਉਹ ਚੀਕ ਕੇ ਬੋਲੀ, “ ਕਹਿ ਦਿਓ, ਮੇਰੀ ਜੁੱਤੀ ਨੂੰ, ਕਿਹੜਾ ਸੁਣੇਗਾ ਤੁਹਾਡੀ ਲੈ ਇਹ ਗੱਲ ?"

ਕੈਂਡੀ ਨੇ ਈਨ ਮੰਨ ਲਈ, “ਨਹੀਂ......।” ਉਸ ਨੇ ਮੁੜ ਹਾਮੀ ਭਰੀ, “ਕੋਈ ਵੀ ਨਹੀਂ ਸੁਣੇਗਾ ।"

ਲੈਨੀ ਨੇ ਹੌਲੀ ਜਿਹੀ ਕਿਹਾ, "ਜੇਕਰ ਇਸ ਸਮੇਂ ਜਾਰਜ ਇਥੇ ਹੁੰਦਾ ਤਾਂ ਚੰਗਾ ਸੀ। ਜਾਰਜ ਇਥੇ ਹੁੰਦਾ ਤਾਂ ਵਧੇਰੇ ਚੰਗਾ ਹੁੰਦਾ ।"

ਕੈਂਡੀ ਲੈਨੀ ਵੱਲ ਝੁਕ ਗਿਆ । ਉਸ ਨੇ ਕਿਹਾ, 'ਤੂੰ ਫਿਕਰ ਨਾ ਕਰ । ਮੈਂ ਹੁਣੇ ਹੁਣ ਲੋਗਾਂ ਦੇ ਆਉਣ ਦੀ ਆਵਾਜ ਸੁਣੀ ਹੈ । ਬੱਸ, ਜਾਰਜ ਆਉਂਦਾ ਹੀ ਪਿਆ ਹੈ, ਮੈਂ ਸ਼ਰਤ ਲਾਉਂਦਾ ਹਾਂ । ਫਿਰ ਉਹ ਕਰਲੀ ਦੀ ਵਹੁਟੀ ਵੱਲ ਮੁੜਿਆ। ਚੰਗਾ ਹੋਵੇਗਾ ਕਿ ਹੁਣ ਤੁਸੀਂ ਚਲੇ ਜਾਓ" ਉਸ ਨੇ ਫਿਰ ਹੋਲੀ ਜਿਹੀ ਆਖਿਆ, "ਜੇਕਰ ਤੁਸੀਂ ਹੁਣ ਹੀ ਚਲੇ ਜਾਓ ਤਾਂ ਅਸੀਂ ਕਰਲੀ ਨੂੰ ਨਹੀਂ ਕਹਾਂਗੇ । ਕਿ ਤੁਸੀਂ ਇਥੋ ਆਏ ਸੀ ।'

ਕਰਲੀ ਦੀ ਵਹੁਟੀ ਨੇ ਨੀਝ ਗੱਡ ਕੇ ਕੈਂਡੀ ਵੱਲ ਵੇਖਿਆ। "ਮੈਂ ਜਾਣਦੀ ਹਾਂ ਜਿੰਨੀ ਆਵਾਜ਼ ਤੈਨੂੰ ਸੁਣਾਈ ਦਿੰਦੀ ਹੈ ।"

ਕੈਂਡੀ ਨੇ ਕਿਹਾ, "ਮਸੀਬਤ ਤੋਂ ਬਚਣਾ ਹੀ ਚੰਗਾ ਹੁੰਦਾ ਹੈ । ਜੇਕਰ ਤੁਹਾਨੂੰ ਮੇਰੀ ਇਸ ਗੱਲ ਉਤੇ ਵੀ ਭਰੋਸਾ ਨਹੀਂ ਕਿ ਮੇਰੀ ਸੁਣ ਸ਼ਕਤੀ ਠੀਕ ਹੈ, ਤਾਂ ਵੀ ਤੁਹਾਨੂੰ ਇਹਤਿਆਤ ਹੀ ਰੱਖਣੀ ਚਾਹੀਦੀ ਹੈ ।"

ਫਿਰ ਉਹ ਲੈਨੀ ਵੱਲ ਮੁੜੀ। "ਮੈਨੂੰ ਅਤਿਅੰਤ ਖੁਸ਼ੀ ਹੋਈ ਹੈ ਕਿ ਤੁਸੀਂ ਕਰਲੀ ਦੀ ਕੁਝ ਖੁੰਬ ਠੱਪ ਦਿੱਤੀ ਹੈ । ਇਹ ਕੁਝ ਤਾਂ ਕਦੇ ਨਾ ਕਦੇ ਹੋ ਕੇ ਹੀ ਰਹਿਣਾ ਸੀ। ਕਈ ਵਾਰ ਤਾਂ ਮੇਰੀ ਵੀ ਇਹ ਇੱਛਾ ਹੋ ਜਾਂਦੀ ਹੈ ਕਿ ਮੈਂ ਰਤਾ ਮਾਸਾ ਉਸ ਦੀ ਤਬੀਅਤ ਸਾਫ਼ ਕਰ ਦਿਆਂ । "ਇੰਨਾ ਕਹਿ ਕੇ ਉਹ ਬੂਹੇ ਵਿਚੋਂ ਪਰ੍ਹਾਂ ਹਟ ਗਈ ਅਤੇ ਹਨ੍ਹੇਰੇ ਢਾਰੇ ਵਿਚ ਅਲੋਪ ਹੋ ਗਈ। ਜਦੋਂ ਉਹ ਢਾਰੇ ਵਿਚੋਂ ਦੀ ਲੰਘੀ ਤਾਂ ਘੋੜਿਆਂ ਦੀਆਂ ਸੰਗਲੀਆਂ ਛਣਕੀਆਂ, ਕੁਝ ਘੋੜੇ ਹਿਣਕਣ ਲੱਗ ਪਏ ਅਤੇ ਹੋਰਨਾਂ ਘੋੜਿਆਂ ਨੇ ਆਪਣੇ ਪੈਰ ਜ਼ਮੀਨ ਉਤੇ ਪਟਕੇ ।

ਹੌਲੀ ਹੌਲੀ ਕਰੁਕਸ ਮੁੜ ਆਪਣੇ ਆਪ ਵਿਚ ਆਉਣ ਲੱਗਾ। ਉਸ ਨੇ ਪੁੱਛਿਆ, "ਕੀ ਤੁਸੀਂ ਸੱਚੀ ਮੁੱਚੀ ਲੋਕਾਂ ਦੇ ਆਉਣ ਦੀਆਂ ਆਵਾਜ਼ਾਂ ਸੁਣੀਆਂ ਸਨ ?"

“ਸੱਚੀ, ਮੈਂ ਸੁਣੀਆਂ ਸਨ ।"

"ਪਰ ਅਸੀਂ ਤਾਂ ਕੁਝ ਵੀ ਨਹੀਂ ਸੁਣਿਆ।"

ਕੈਂਡੀ ਨੇ ਕਿਹਾ, "ਬੂਹਾ ਬੰਦ ਕਰਨ ਦੀ ਆਵਾਜ਼ ਹੋਈ ਸੀ । ਰੱਬ ਦੀ ਸਹੁੰ ਇਹ ਕਰਲੀ ਦੀ ਵਹੁਟੀ ਚੁਪ ਚੁਪੀਤੇ ਰਫੂ-ਚੱਕਰ ਹੋਣ ਵਿਚ ਬਹੁਤ ਪ੍ਰਬੀਨ ਹੈ। ਇਸ ਨੇ ਇਸ ਕੰਮ ਲਈ ਕਾਫ਼ੀ ਅਭਿਆਸ ਕੀਤਾ ਹੋਵੇਗਾ ।"

ਕਰੂਕਸ ਗੱਲ ਬਾਤ ਦਾ ਵਿਸ਼ਾ ਬਦਲਣਾ ਚਾਹੁੰਦਾ ਸੀ । ਉਹ ਬੋਲਿਆ, "ਹੁਣ ਤੁਸੀਂ ਲੋਕ ਚਲੇ ਜਾਓ, ਤਾਂ ਚੰਗਾ ਹੈ। ਮੈਂ ਹੁਣ ਨਵੇਕਲਾ ਹੋ ਕੇ ਰਹਿਣਾ ਚਾਹੁੰਦਾ ਹਾਂ । ਕਾਲੇ ਆਦਮੀ ਨੂੰ ਇਹ ਤਾਂ ਹੱਕ ਹੈ ਹੀ। ਭਾਵੇਂ ਇਕੱਲ ਉਸ ਨੂੰ ਵੀ ਪਸੰਦ ਨਹੀਂ ।”

ਕੈਂਡੀ ਨੇ ਕਿਹਾ. "ਉਸ ਕੁੱਤੀ ਨੂੰ ਉਹ ਗੱਲ ਤੈਨੂੰ ਨਹੀਂ ਕਹਿਣੀ ਚਾਹੀਦੀ ਸੀ ।”

ਕਰੁਕਸ ਨੇ ਅਤਿਅੰਤ ਹੀਣਤਾ ਵਾਲੇ ਭਾਵ ਨਾਲ ਕਿਹਾ, "ਕੋਈ ਖ਼ਾਸ ਗੱਲ ਨਹੀਂ ਉਹ ਤੁਹਾਡੇ ਲੋਕਾਂ ਦੇ ਇਥੇ ਆ ਕੇ ਬੈਠਣ ਕਾਰਣ ਮੈਂ ਭੁੱਲ ਗਿਆ ਸਾਂ । ਜੋ ਕੁਝ ਉਸ ਨੇ ਕਿਹਾ ਉਹ ਸੋਲਾਂ ਆਨੇ ਠੀਕ ਹੈ।”

ਘੁੜਸਾਲ ਦੇ ਵਿਚ ਘੋੜੇ ਫਿਰ ਹਿਣਕੇ ਉਨ੍ਹਾਂ ਦੀਆਂ ਸੰਗਲੀਆਂ ਛਣਕੀਆਂ। ਕਿਸੇ ਨੇ ਆਵਾਜ਼ ਮਾਰੀ "ਲੈਨੀ ਵੇ ਲੈਨੀ ਤੂੰ ਢਾਰੇ ਵਿਚ ਹੀ ਹੈਂ ?"

ਲੈਨੀ ਇਕ ਦੰਮ ਚੀਕ ਪਿਆ, "ਜਾਰਜ ਆ ਗਿਆ ਹੈ। ਉਸ ਨੇ ਜਵਾਬ ਦਿੱਤਾ "ਇਹ ਜਾਰਜ ਹੈ, ਮੈਂ ਇਥੇ ਹੀ ਹਾਂ ।"

ਮਿੰਟ ਕੁ ਮਗਰੋਂ ਹੀ ਜਾਰਜ ਬੂਹੇ ਦੀ ਚੁਗਾਠ ਤੇ ਖੜੋਤਾ ਸੀ । ਉਸ ਨੇ ਰਤਾ ਕੁ ਗੁੱਸੇ ਨਾਲ ਸਾਰੇ ਪਾਸੇ ਵੇਖਿਆ। ਕਰੁਕਸ ਦੇ ਕਮਰੇ ਵਿਚ ਤੂੰ ਕੀ ਕਰ ਰਿਹਾ ਹੈਂ।” ਉਸ ਨੇ ਕਿਹਾ, "ਤੁਹਾਨੂੰ ਇਥੇ ਨਹੀਂ ਆਉਣਾ ਚਾਹੀਦਾ ਸੀ ।"

ਕਰੁਕਸ ਨੇ ਸਿਰ ਹਲਾਇਆ, "ਮੈਂ ਤਾਂ ਇਨ੍ਹਾਂ ਲੋਕਾਂ ਨੂੰ ਕਿਹਾ ਸੀ । ਪਰ ਇਨ੍ਹਾਂ ਨੇ ਮੇਰੀ ਗੱਲ ਨਾ ਸੁਣੀ ।"

"ਤੁਹਾਨੂੰ ਚਾਹੀਦਾ ਸੀ ਕਿ ਇਨ੍ਹਾਂ ਨੂੰ ਜ਼ਬਰਦਸਤੀ ਕਮਰੇ ਵਿਚੋਂ ਬਾਹਰ ਕੱਢ ਦਿੰਦੇ ।" ਕਰੁਕਸ ਨੇ ਕਿਹਾ, "ਇਸ ਦੀ ਤਾਂ ਮੈਂ ਲੋੜ ਨਹੀਂ ਸਮਝੀ। ਲੈਨੀ ਭਲਾ ਮਨੁੱਖ ਹੈ।"

ਕੈਂਡੀ ਜਿਵੇਂ ਇਕ ਦੰਮ ਜਾਗ ਪਿਆ ਹੋਵੇ " ਓ ਜਾਰਜ ਮੈਂ ਚੰਗੀ ਤਰ੍ਹਾਂ ਹਿਸਾਬ ਕਿਤਾਬ ਲਾ ਲਿਆ ਹੈ। ਮੈਂ ਹਿਸਾਬ ਲਾ ਲਿਆ ਹੈ ਕਿ ਸਾਨੂੰ ਉਨ੍ਹਾਂ ਸਹਿਆਂ ਤੋਂ ਵੀ ਕੁਝ ਨਾ ਕੁਝ ਆਮਦਨ ਜ਼ਰੂਰ ਹੋ ਜਾਵੇਗੀ।"

ਜਾਰਜ ਦਾ ਮੱਥਾ ਤਿਉੜੀਆਂ ਨਾਲ ਭਰ ਗਿਆ।" ਮੈਨੂੰ ਯਾਦ ਹੈ ਕਿ ਮੈਂ ਤੁਹਾਨੂੰ ਕਿਹਾ ਸੀ ਕਿ ਇਸ ਗੱਲ ਦਾ ਜ਼ਿਕਰ ਕਿਸੇ ਨਾਲ ਨਾ ਕਰਨਾ।"

ਕੈਂਡੀ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਕਿ ਉਹ ਆਸਮਾਨ ਤੋਂ ਹੇਠਾਂ ਜ਼ਮੀਨ ਤੇ ਡਿੱਗ ਪਿਆ ਹੋਵੇ। "ਕਰੁਕਸ ਤੋਂ ਛੁੱਟ ਮੈਂ ਇਹ ਗੱਲ ਹੋਰ ਕਿਸੇ ਨਾਲ ਵੀ ਨਹੀਂ ਕੀਤੀ।"

ਜਾਰਜ ਨੇ ਅਤਿਅੰਤ ਰੁੱਖੇ ਹੋ ਕੇ ਕਿਹਾ, "ਅੱਛਾ ਬੰਦ ਕਰੋ। ਹੁਣ ਤੁਸੀਂ ਲੋਕ ਇਥੋਂ ਤੁਰ ਜਾਓ"। ਫਿਰ ਉਹ ਜਿਵੇਂ ਮਨਵਚਨੀ ਕਰ ਰਿਹਾ ਹੋਵੇ, "ਹੇ ਮੇਰੇ ਰੱਬਾ, ਲੱਗਦਾ ਹੈ ਮੈਂ ਇਕ ਮਿੰਟ ਲਈ ਵੀ ਕਿਧਰੇ ਨਹੀਂ ਜਾ ਸਕਦਾ।"

ਕੈਂਡੀ ਅਤੇ ਲੈਨੀ ਉਠ ਖੜੋਤੇ ਅਤੇ ਬੂਹੇ ਵੱਲ ਤੁਰ ਪਏ। ਕਰੁਕਸ ਨੇ ਆਵਾਜ਼ ਮਾਰੀ, "ਕੈਂਡੀ।"

"ਦੱਸੋ"

"ਭੁੱਲ ਤਾਂ ਨਹੀਂ ਗਏ ਨਾਂ ? ਮੈਂ ਮਿੱਟੀ ਪੁੱਟਣ ਜਾਂ ਹੋਰ ਨਿੱਕੇ ਮੋਟੇ ਕੰਮ ਕਰਨ ਬਾਰੇ ਤੁਹਾਨੂੰ ਕੁਝ ਗੱਲ ਕਹੀ ਸੀ।"

ਕੈਂਡੀ ਨੇ ਉਤੱਰ ਦਿੱਤਾ, "ਆਹੋ, ਮੈਨੂੰ ਯਾਦ ਹੈ।"

ਕਰੁਕਸ ਫਿਰ ਬੋਲਿਆ, "ਉਸ ਗੱਲ ਨੂੰ ਹੁਣ ਭੁੱਲ ਜਾਓ ਮੈਂ ਤਾਂ ਐਵੇਂ ਮਖੌਲ ਕੀਤਾ ਸੀ। ਮੈਂ ਉਹੋ ਜਿਹੀ ਕਿਸੇ ਥਾਂ ਤੇ ਵੀ ਨਹੀਂ ਜਾਵਾਂਗਾ।"

"ਚੰਗੀ ਗੱਲ ਹੈ, ਜਿਵੇਂ ਤੁਹਾਡੀ ਮਰਜ਼ੀ। ਬਾਏ ਬਾਏ "

ਉਹ ਤਿੰਨੋ ਬੂਹੇ ਵਿਚੋਂ ਬਾਹਰ ਨਿਕਲ ਗਏ। ਜਿਉਂ ਹੀ ਉਹ ਢਾਰੇ ਦੇ ਵਿਚੋਂ ਦੀ ਲੰਘੇ ਘੋੜੇ ਫਿਰ ਹਿਣਕਣ ਲੱਗ ਪਏ ਅਤੇ ਉਨ੍ਹਾਂ ਦੀਆਂ ਸੰਗਲੀਆਂ ਵੀ ਛਣਕੀਆਂ।

ਕਰੁਕਸ ਆਪਣੇ ਫੱਟੇ ਉਤੇ ਬੈਠਾ ਕੁਝ ਦੇਰ ਬੂਹੇ ਵੱਲ ਝਾਕਦਾ ਰਿਹਾ। ਫਿਰ ਉਸ ਨੇ ਦਵਾਈ ਦੀ ਸ਼ੀਸ਼ੀ ਵੱਲ ਹੱਥ ਵਧਾਇਆ। ਉਸ ਨੇ ਆਪਣੀ ਕਮੀਜ਼ ਪਿੱਠ ਤੋਂ ਉਤਾਂਹ

ਚੁੱਕੀ ਅਤੇ ਆਪਣੀ ਤਲੀ ਉਤੇ ਥੋੜੀ ਜਿੰਨੀ ਦਵਾਈ ਪਾ ਕੇ ਹੱਥ ਪਿਛਾਂਹ ਵਲ ਮੋੜ ਕੇ ਹੌਲੀ ਹੌਲੀ ਆਪਣੀ ਪਿੱਠ ਮਲਣ ਲੱਗ ਪਿਆ।

ਉਸ ਲੰਮੇ ਚੌੜੇ ਵਿਸ਼ਾਲ ਢਾਰੇ ਦੇ ਇਕ ਸਿਰੇ ਉਤੇ ਨਵੀਂ ਨਿਕਲਦੀ ਫੱਕ ਦਾ ਪਹਾੜ ਵਰਗਾ ਢੇਰ ਲੱਗ ਰਿਹਾ ਸੀ, ਜਿਹੜਾ ਥੋੜਾ ਥੋੜਾ ਢਾਲਵਾਂ ਹੁੰਦਾ ਢਾਰੇ ਦੇ ਦੂਜੇ ਸਿਰੇ ਤੱਕ ਪਹੁੰਚ ਗਿਆ ਸੀ । ਉਥੇ ਥੋੜੀ ਜਿਹੀ ਸਪਾਟ ਥਾਂ ਖਾਲੀ ਵੀ ਬਚੀ ਹੋਈ ਸੀ । ਇਸ ਸਾਫ ਥਾਂ ਤੇ ਨਵੀਂ ਫਸਲ ਭਰੀ ਜਾਣੀ ਸੀ। ਛੱਕ ਦੇ ਢੇਰ ਉਤੇ ਇਕ ਜੈਕਸਨ ਪੰਜਾਲਾ ਆਪਣੀ ਚਰਖੀ ਦੁਆਰਾ ਲਟਕਿਆ ਹੋਇਆ ਸੀ। ਢਾਰੇ ਦੇ ਇਕ ਪਾਸੇ ਵੱਲ ਘੋੜਿਆਂ ਦੇ ਖੜ੍ਹੇ ਹੋਣ ਦੀਆਂ ਥਾਵਾਂ ਬਣੀਆਂ ਦਿਸ ਰਹੀਆਂ ਸਨ। ਉਨ੍ਹਾਂ ਦੇ ਲੱਕੜ ਦੇ ਚੌਕਰ ਬਕਸਿਆਂ ਦੇ ਵਿਚੋਂ ਦੀ ਘੋੜਿਆਂ ਦੇ ਸਿਰ ਦਿਸ ਪੈਂਦੇ ਸਨ।

ਐਤਵਾਰ ਦਾ ਦਿਹਾੜਾ ਸੀ ਅਤੇ ਸਮਾਂ ਦੁਪਹਿਰ ਮਗਰੋਂ ਦਾ ਸੀ, ਆਰਾਮ ਦੇ ਮੂਡ ਵਿਚ ਘੋੜੇ ਬਚੀ ਖੁਚੀ ਘਾਹ ਦੇ ਟੁਕੜਿਆਂ ਨੂੰ ਚੱਬ ਚਿੱਥ ਰਹੇ ਸਨ । ਉਹ ਆਪਣੇ ਪੈਰ ਜ਼ਮੀਨ ਉਤੇ ਪਟਕਦੇ ਸਨ, ਉਹ ਉਸ ਲੱਕੜ ਨੂੰ ਕੱਟਣ ਦਾ ਜਤਨ ਕਰਦੇ, ਜਿਸ ਉਤੇ ਦਾਣੇ ਦੀ ਰਹਿੰਦ ਖੂੰਹਦ ਲੱਗੀ ਹੋਈ ਸੀ ਅਤੇ ਆਪਣੀਆਂ ਸੰਗਲੀਆਂ ਛਣਕਾਉਂਦੇ ਸਨ । ਦੁਪਹਿਰਾਂ ਮਗਰੋਂ ਦੀ ਧੁੱਪ ਢਾਰੇ ਦੀਆਂ ਕੰਧਾਂ ਵਿਚਲੀਆਂ ਝੀਤਾਂ ਵਿਚੋਂ ਦੀ ਲੰਘ ਕੇ ਪਤਲੀਆਂ ਲੀਕਾਂ ਦੀ ਸ਼ਕਲ ਵਿਚ ਅੰਦਰ ਪੈ ਰਹੀ ਸੀ। ਇਸ ਦੀਆਂ ਪਤਲੀਆਂ ਪਤਲੀਆਂ ਚਮਕਦਾਰ ਲਕੀਰਾਂ ਫੱਕ ਦੇ ਢੇਰ ਉਤੇ ਬਣ ਰਹੀਆਂ ਸਨ । ਦੁਪਹਿਰਾਂ ਮਗਰੋਂ ਦਾ ਟਿਕਿਆ ਹੋਇਆ ਵਾਤਾਵਰਨ ਮੱਖੀਆਂ ਦੀ ਭਿਣ ਭਿਣ ਨਾਲ ਗੂੰਜ ਰਿਹਾ ਸੀ।

ਬਾਹਰ ਜ਼ੋਰ ਸ਼ੋਰ ਨਾਲ ਜੂਆ ਖੇਡਿਆ ਜਾ ਰਿਹਾ ਸੀ । ਘੋੜਿਆਂ ਦੀਆਂ ਨਾਲਾਂ ਨੂੰ ਲੋਹੇ ਦੇ ਤਖਤੇ ਉਤੇ ਜ਼ੋਰੋ ਜ਼ੋਰੀ ਸੁੱਟ ਸੁੱਟ ਕੇ ਬਾਜ਼ੀਆਂ ਲੱਗ ਰਹੀਆਂ ਸਨ । ਜਿੱਤਣ ਵਾਲਿਆਂ ਦਾ ਸ਼ੋਰ ਸ਼ਰਾਬਾ ਹਾਰਨ ਵਾਲਿਆਂ ਦੀ ਹਾਲਪਹਾਰਿਆ ਅਤੇ ਤਮਾਸ਼ਾ ਵੇਖਣ ਵਾਲਿਆਂ ਦਾ ਹੱਲਾ-ਗੁੱਲਾ ਇਕ ਸੁਰ ਹੋ ਕੇ ਅਤੇ ਰਲ ਮਿਲ ਕੇ ਤੂੜੀ ਵਾਲੇ ਕਮਰੇ ਵਿਚ ਆ ਰਿਹਾ ਸੀ। ਪਰ ਉਂਜ ਉਥੇ ਕਾਫ਼ੀ ਗਰਮੀ ਸੀ। ਸੰਨਾਟਾ ਸੀ ਅਤੇ ਉਹੀ ਦੁਪਹਿਰ ਦੀ ਟਿਕਵੀਂ ਸਾਂ ਸਾਂ ।

ਢਾਰੇ ਦੇ ਵਿਚ ਉਸ ਵੇਲੇ ਕੇਵਲ ਲੈਨੀ ਹੀ ਸੀ। ਉਸ ਸਪਾਟ ਥਾਂ ਉਤੇ ਜੋ ਹਾਲੇ ਲਗਭਗ ਖਾਲੀ ਸੀ, ਉਹ ਹੇਠਾਂ ਹੀ ਇਕ ਬਕਸੇ ਦੇ ਕੋਲ ਬੈਠਿਆ ਹੋਇਆ ਸੀ । ਲੈਨੀ ਫੱਕ ਉਤੇ ਬੈਠਾ ਸੀ । ਅਤੇ ਉਸ ਦੇ ਸਾਹਮਣੇ ਮਰਿਆ ਹੋਇਆ ਇਕ ਕਤਰਾ ਪਿਆ ਹੋਇਆ ਸੀ। ਉਹ ਉਸ ਵੱਲ ਬਿਟਰ ਬਿਟਰ ਵੇਖ ਰਿਹਾ ਸੀ। ਬਹੁਤ ਦੇਰ ਤਕ ਉਹ ਉਸੇ ਤਰ੍ਹਾਂ ਹੀ ਉਸ ਵੱਲ ਵੇਖਦਾ ਰਿਹਾ। ਫਿਰ ਉਸ ਨੇ ਆਪਣਾ ਵੱਡਾ ਸਾਰਾ ਹੱਥ ਅੱਗੇ ਕਰਕੇ ਉਸ ਨੂੰ ਪਲੱਸਿਆ। ਉਸ ਨੇ ਉਸ ਕਤੂਰੇ ਦੇ ਸਮੁੱਚੇ ਸਰੀਰ ਉਤੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਹੱਥ ਫੇਰਿਆ ।

ਉਹ ਹੌਲੀ ਹੌਲੀ ਕਤਰੇ ਨੂੰ ਕਹਿਣ ਲੱਗਾ. "ਤੂੰ ਮਰ ਕਿਉਂ ਗਿਆ ਹੈਂ ? ਤੂੰ ਤਾਂ ਚੂਹੇ ਵਰਗਾ ਨਿੱਕਾ ਜੀਵ ਨਹੀਂ ਹੈ। ਤੈਨੂੰ ਤਾਂ ਮੈਂ ਬਹੁਤਾ ਜ਼ੋਰ ਲਾ ਕੇ ਨਹੀਂ ਦੱਬਿਆ "ਉਸ ਨੇ ਕਤੂਰੇ ਦਾ ਸਿਰ ਉੱਪਰ ਵੱਲ ਮਰੋੜਿਆ ਅਤੇ ਉਸ ਦੇ ਮੂੰਹ ਨੂੰ ਆਪਣੇ ਵੱਲ ਕਰਕੇ ਬੋਲਿਆ “ਹੁਣ ਜੇਕਰ ਜਾਰਜ ਨੂੰ ਪਤਾ ਲੱਗ ਗਿਆ ਕਿ ਤੂੰ ਮਰ ਗਿਆ ਹੈਂ, ਤਾਂ ਉਹ ਕਦੇ ਵੀ ਮੈਨੂੰ ਸਹਿਆਂ ਦੀ ਦੇਖ-ਰੇਖ ਨਹੀਂ ਕਰਨ ਦੇਵੇਗਾ ।"

ਉਸ ਨੇ ਉਥੇ ਹੀ ਫੱਕ ਨੂੰ ਪਰ੍ਹਾਂ ਹਟਾ ਕੇ ਇਕ ਨਿੱਕਾ ਜਿਹਾ ਟੋਇਆ ਪੁੱਟਿਆ ਅਤੇ ਮਰੇ ਹੋਏ ਕਤੂਰੇ ਨੂੰ ਉਸ ਟੋਏ ਵਿਚ ਰੱਖ ਦਿੱਤਾ । ਕਤੂਰੇ ਨੂੰ ਉਸ ਨੇ ਘਾਹ ਆਦਿ ਨਾਲ ਇਸ ਤਰ੍ਹਾਂ ਕੱਜ ਦਿੱਤਾ ਕਿ ਇਕ ਦੰਮ ਨਜ਼ਰੀਂ ਨਾ ਪਵੇ । ਪਰ ਉਰ ਕਤੂਰੇ ਦੀ ਕਬਰ ਤੋਂ ਅੱਖਾਂ ਪਰੇ ਨਾ ਕਰ ਸਕਿਆ। ਫਿਰ ਉਸ ਨੇ ਆਪਣੇ ਆਪ ਨਾਲ ਗੱਲ ਕੀਤੀ, "ਇਹ ਤਾਂ ਕੋਈ ਇੰਨੀ ਬੁਰੀ ਘਟਨਾ ਨਹੀਂ ਵਾਪਰੀ ਕਿ ਮੈਂ ਜਾ ਕੇ ਝਾੜੀਆਂ ਵਿਚ ਛੁਪ ਜਾਵਾਂ । ਨਹੀਂ, ਨਹੀਂ, ਇਹ ਐਸੀ ਗੱਲ ਨਹੀਂ ਹੈ । ਮੈਂ ਜਾਰਜ ਨੂੰ ਆਪ ਹੀ ਕਹਿ ਦਿਆਗਾਂ ਕਿ ਉਹ ਮੈਨੂੰ ਢਾਰੇ ਵਿਚ ਮਰਿਆ ਹੋਇਆ ਹੀ ਮਿਲਿਆ ਸੀ।

ਉਸ ਨੇ ਮੁੜ ਕਤੂਰੇ ਨੂੰ ਬਾਹਰ ਕੱਢ ਲਿਆ ਅਤੇ ਉਸ ਨੂੰ ਪੂਰੀ ਗਹੁ ਨਾਲ ਵੇਖਣ ਲੱਗ ਪਿਆ । ਉਸ ਨੇ ਇਕ ਵਾਰ ਫਿਰ ਉਸ ਦੇ ਕੰਨਾਂ ਤੋਂ ਲੈ ਕੇ ਉਸ ਦੀ ਪੂਛਲ ਤੱਕ ਹੱਥ ਫੇਰਿਆ ਅਤੇ ਬੜੇ ਦੁਖ ਨਾਲ ਕਹਿਣ ਲੱਗਾ “ਪਰ ਉਸ ਨੂੰ ਪਤਾ ਲੱਗ ਜਾਏਗਾ । ਜਾਰਜ ਨੂੰ ਅਸਲੀਅਤ ਦਾ ਹਮੇਸ਼ਾ ਹੀ ਪਤਾ ਲੱਗ ਜਾਂਦਾ ਹੈ । ਉਹ ਕਹੇਗਾ " ਤੂੰ ਹੀ ਇਸ ਨੂੰ

ਮਾਰਿਆ ਹੈ, ਮੇਰੇ ਨਾਲ ਚਲਾਕੀਆਂ ਨਾ ਮਾਰ ਅਤੇ ਫਿਰ ਉਹ ਕਹਿ ਦੇਵੇਗਾ, "ਬੱਸ ਹੁਣ ਮੈਂ ਤੈਨੂੰ ਸਹਿਆਂ ਦੀ ਦੇਖ-ਰੇਖ ਨਹੀਂ ਕਰਨ ਦਿਆਂਗਾ ।"

ਉਹ ਇਕ ਦੰਮ ਅਤਿਅੰਤ ਗੁੱਸੇ ਵਿਚ ਭਰ ਗਿਆ। "ਤੇਰੀ ਜਹੀ ਦੀ ਤਹੀ ।" ਫਿਰ ਚੀਕ ਕੇ ਬੋਲਿਆ, "ਤੂੰ ਮਰ ਕਿਉਂ ਗਿਆ ਹੈ ? ਤੂੰ ਤਾਂ ਚੂਹੇ ਵਾਂਗ ਨਿੱਕੀ ਜਿਹੀ ਜਾਨ ਨਹੀਂ ਹੈ।" ਅਤੇ ਉਸ ਨੇ ਕਤੂਰੇ ਨੂੰ ਚੁੱਕ ਕੇ ਜ਼ੋਰ ਨਾਲ ਪਰੇ ਵਗਾਹ ਮਾਰਿਆ ਫਿਰ ਉਹ ਪਿੱਠ ਭੂਆ ਕੇ ਬਹਿ ਗਿਆ। ਉਸ ਨੇ ਆਪਣਾ ਸਿਰ ਗੋਡਿਆਂ ਵਿਚ ਦੇ ਲਿਆ ਅਤੇ ਬੁੜਬਾੜਾਉਣ ਲੱਗਾ । ਹੁਣ ਜਾਰਜ ਮੈਨੂੰ ਸਹਿਆਂ ਦੀ ਦੇਖ-ਭਾਲ ਨਹੀਂ ਕਰਨ ਦੇਵੇਗਾ। ਹੁਣ ਉਹ ਕਦੇ ਵੀ ਮੈਨੂੰ ਸਹਿਆਂ ਦੀ ਦੇਖ-ਭਾਲ ਨਹੀਂ ਕਰਨ ਦੇਵੇਗਾ। "ਉਹ ਇਸੇ ਦੁੱਖ ਨਾਲ ਦੁਖੀ ਹੋਇਆ ਅੱਗੇ ਪਿੱਛੇ ਝੂਟੇ ਖਾਣ ਲੱਗ ਪਿਆ।

ਬਾਹਰ ਲੋਹੇ ਦੇ ਤਖ਼ਤੇ ਉਤੇ 'ਨਾਲ' ਦੇ ਸੁੱਟਣ ਦੀ ਆਵਾਜ਼ ਆਈ ਅਤੇ ਫਿਰ ਇਕ ਦਮ ਕੁਝ ਲੋਕ ਚੀਕ ਪਏ। ਲੈਨੀ ਉੱਠਿਆ ਅਤੇ ਫਿਰ ਜਾ ਕੇ ਕਰੇ ਨੂੰ ਚੁੱਕ ਲਿਆਇਆ ਅਤੇ ਉਸ ਨੂੰ ਫੱਕ ਉਤੇ ਰੱਖ ਕੇ ਆਪ ਉਸ ਦੇ ਕੋਲ ਬੈਠ ਗਿਆ। ਉਸ ਨੇ ਕਤੁਰੇ ਨੂੰ ਫਿਰ ਥਾਪੜਿਆ। “ਤੂੰ ਹਾਲੀ ਬਹੁਤ ਵੱਡਾ ਨਹੀਂ ਸੀ ਹੋਇਆ।" ਉਸ ਨੇ ਕਿਹਾ, “ਲੋਕਾਂ ਨੇ ਮੈਨੂੰ ਕਹਿ ਤਾਂ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਤੂੰ ਇੰਨਾ ਵੱਡਾ ਨਹੀਂ ਹੈ। ਮੈਨੂੰ ਕੀ ਪਤਾ ਸੀ ਕਿ ਤੂੰ ਇੰਨੀ ਛੇਤੀ ਮਰ ਜਾਵੇਗਾ । “ਉਹ ਕਤੂਰੇ ਦੇ ਨਿਰਜਿੰਦ ਲਟਕਦੇ ਕੰਨ ਨੂੰ ਆਪਣੀ ਉਂਗਲੀ ਨਾਲ ਪਲੋਸਣ ਲੱਗ ਪਿਆ । "ਹੋ ਸਕਦਾ ਹੈ ਕਿ ਜਾਰਜ ਮੈਨੂੰ ਬੁਰਾ ਭਲਾ ਨਾ ਕਹੇ । "ਉਹ ਘਬਰਾਹਟ ਵਿਚ ਬੋਲਿਆ ।" ਇਸ ਸਹੁਰੇ ਕੁੱਤੀ ਦੇ ਪੁੱਤਰ ਨਾਲ ਜਾਰਜ ਨੂੰ ਕੀ ਦਿਲਚਸਪੀ ਹੈ।

ਉਸੇ ਸਮੇਂ ਕਰਲੀ ਦੀ ਵਹੁਟੀ ਪਾਰਲੇ ਕੋਣੇ ਤੇ ਦਿੱਸ ਪਈ । ਉਹ ਇੰਨੀ ਹੌਲੀ ਹੌਲੀ ਚੁਪ-ਚੁਪੀਤੇ ਆਈ ਸੀ ਕਿ ਲੈਨੀ ਨੇ ਉਸ ਦੇ ਪੈਰਾਂ ਦਾ ਖੜਾਕ ਨਹੀਂ ਸੀ ਸੁਣਿਆ । ਉਸ ਨੇ ਆਪਣੀ ਭੜਕੀਲੀ ਸੂਤੀ ਪੁਸ਼ਾਕ ਪਾਈ ਹੋਈ ਸੀ । ਉਸ ਦੇ ਕੱਪੜਿਆਂ ਉਤੇ ਲਾਲ ਸ਼ੁਤਰ ਮੁਰਗ ਦੇ ਖੰਭ ਠੇਕੇ ਹੋਏ ਸਨ । ਉਸ ਦੇ ਮੂੰਹ ਉਤੇ ਪਾਊਡਰ ਲਾਇਆ ਹੋਇਆ ਸੀ ਅਤੇ ਉਸ ਦੇ ਵਾਲਾਂ ਦੇ ਘੁੰਘਰ ਠੀਕ ਤਰ੍ਹਾਂ ਨਾਲ ਸਵਾਰੇ ਹੋਏ ਸਨ । ਜਦੋਂ ਉਹ ਕਾਫ਼ੀ ਨੇੜੇ ਆ ਗਈ, ਤਦ ਲੈਨੀ ਨੇ ਸਿਰ ਚੁੱਕਿਆ ਅਤੇ ਉਸ ਵੱਲ ਵੇਖਿਆ ।

ਉਸ ਨੇ ਘਾਬਰ ਕੇ ਕਤੂਰੇ ਦੇ ਉਤੇ ਆਪਣੀਆਂ ਉਂਗਲੀਆਂ ਨਾਲ ਫੱਕ ਸੁੱਟ ਦਿੱਤੀ ਉਸ ਨੇ ਖਿਝ ਕੇ ਕਰਲੀ ਦੀ ਵਹੁਟੀ ਵੱਲ ਵੇਖਿਆ ।

ਉਹ ਚਲਿੱਤਰ ਕਰਕੇ ਬੋਲੀ, "ਕਿਉਂ ਪੁੱਤਰਾ ਨੂੰ ਉਥੇ ਕੀ ਰਖਿਆ ਹੈ ਲਕੋ ਕੇ ?"

ਲੈਨੀ ਉਸ ਵੱਲ ਤੱਕਦਾ ਰਿਹਾ। "ਜਾਰਜ ਨੇ ਕਿਹਾ ਹੈ ਕਿ ਮੈਨੂੰ ਤੁਹਾਡੇ ਨਾਲ ਕੋਈ ਸਰੋਕਾਰ ਨਹੀਂ ਰੱਖਣਾ ਚਾਹੀਦਾ- ਨਾ ਹੀ ਗੱਲਬਾਤ ਅਤੇ ਨਾ ਹੀ ਕੁਝ ਹੋਰ...।" ਉਹ ਹੱਸ ਪਈ। "ਜਾਰਜ ਹੀ ਤੈਨੂੰ ਹੁਕਮ ਦਿੰਦਾ ਹੈ, ਹਰ ਗੱਲ ਦੇ ਬਾਰੇ ?

ਲੈਨੀ ਨੇ ਫੱਕ ਵੱਲ ਵੇਖਿਆ। "ਉਸ ਨੇ ਕਿਹਾ ਹੈ ਕਿ ਜੇਕਰ ਮੈਂ ਤੁਹਾਡੇ ਨਾਲ ਕੋਈ ਗੱਲਬਾਤ ਕੀਤੀ ਤਾਂ ਉਹ ਮੈਨੂੰ ਸਹਿਆਂ ਦੀ ਦੇਖ-ਭਾਲ ਨਹੀਂ ਕਰਨ ਦੇਵੇਗਾ। "

ਉਹ ਹੌਲੀ ਜਿਹੀ ਬੋਲੀ, "ਉਸਨੂੰ ਇਹੀ ਡਰ ਹੋਵੇਗਾ ਕਿ ਕਿਧਰੇ ਕਰਲੀ ਨਾਰਾਜ਼ ਨਾ ਹੋ ਜਾਵੇ । ਕਰਲੀ ਦੀ ਇਕ ਬਾਂਹ ਤਾਂ ਮਸ਼ੀਨ ਵਿਚ ਆ ਹੀ ਚੁੱਕੀ ਹੈ । ਜੇਕਰ ਉਹ ਜ਼ਿਆਦਾ ਹੀ ਟੀ ਟਾਂ ਕਰੇ ਤਾਂ ਦੂਜੀ ਵੀ ਮਸ਼ੀਨ ਵਿਚ ਦੇ ਦੇਣਾ ।" ਉਹ ਫਿਰ ਹੱਸ ਪਈ, "ਮੇਰੇ ਕੋਲੋਂ ਕੋਈ ਗੱਲ ਲੁਕੀ ਹੋਈ ਨਹੀਂ । ਮਸ਼ੀਨ ਵਿਚ ਆਉਣ ਦੀ ਗੱਪ ਮੈਨੂੰ ਨਾ ਸੁਣਾਉਣਾ। ਮੇਰੇ ਨਾਲ ਝੂਠ ਨਹੀਂ ਪੁੱਗੇਗਾ । ਮੈਂ ਸਭ ਕੁਝ ਜਾਣਦੀ ਹਾਂ ।"

ਪਰ ਲੈਨੀ ਉਸ ਦੀਆਂ ਗੱਲਾਂ ਵਿਚ ਆਉਣ ਨੂੰ ਤਿਆਰ ਨਹੀਂ ਸੀ । "ਨਹੀਂ ਜੀ ਮੈਂ ਤੁਹਾਡੇ ਨਾਲ ਕਿਸੇ ਤਰ੍ਹਾਂ ਦੀ ਵੀ ਗੱਲ ਨਹੀਂ ਕਰ ਸਕਦਾ।"

ਉਹ ਉਸਦੇ ਨਾਲ ਲੱਗ ਕੇ ਫੱਕ ਦੇ ਉਤੇ ਹੀ ਗੋਡਿਆਂ ਭਾਰ ਬਹਿ ਗਈ । ਉਸਨੇ ਕਿਹਾ "ਸੁਣੋ ਸਾਰੇ ਲੋਕੀਂ ਉਥੇ ਜੂਆ ਖੇਡਣ ਵਿਚ ਮਗਨ ਬੈਠੇ ਹਨ । ਹਾਲੀ ਤਾਂ ਚਾਰ ਹੀ ਵਜੇ ਹਨ। ਉਨ੍ਹਾਂ ਵਿਚੋਂ ਕੋਈ ਵੀ ਖੇਡ ਛੱਡ ਕੇ ਇਧਰ ਨਹੀਂ ਆਵੇਗਾ। ਤੁਸੀਂ ਮੇਰੇ ਨਾਲ ਗੱਲਾਂ ਕਿਉਂ ਨਹੀਂ ਕਰ ਸਕਦੇ ? ਮੈਂ ਕਦੇ ਵੀ ਕਿਸੇ ਨਾਲ ਵੀ ਗੱਲਾਂ ਨਹੀਂ ਕਰ ਸਕਦੀ । ਇਸ ਤਰ੍ਹਾਂ ਮੈਨੂੰ ਬਹੁਤ ਇਕੱਲਾਪੁਣ ਲੱਗਦਾ ਹੈ । ''

"ਪਰ ਮੈਨੂੰ ਤਾਂ ਤੁਹਾਡੇ ਨਾਲ ਗੱਲਬਾਤ ਕਰਨ ਦੀ ਆਗਿਆ ਨਹੀਂ ਹੈ ।

"ਮੇਰਾ ਦਿਲ ਨਹੀਂ ਲੱਗਦਾ, "ਕਰਲੀ ਦੀ ਵਹੁਟੀ ਬੋਲੀ "ਤੁਸੀਂ ਲੋਕ ਤਾਂ ਹੋਰਨਾਂ ਲੋਕਾਂ ਨਾਲ ਗੱਲਬਾਤ ਕਰ ਸਕਦੇ ਹੋ, ਪਰ ਮੈਂ ਕਰਲੀ ਤੋਂ ਸਿਵਾ ਕਿਸੇ ਹੋਰ ਨਾਲ ਦੋ ਗੱਲਾਂ

ਵੀ ਨਹੀਂ ਕਰ ਸਕਦੀ। ਉਹ ਨਾਰਾਜ਼ ਹੋ ਜਾਂਦਾ ਹੈ । ਜੇਕਰ ਤੁਹਾਨੂੰ ਕਿਸੇ ਨਾਲ ਵੀ ਬੋਲਣਾ ਨਾ ਮਿਲੇ ਤਾਂ ਦੱਸੋ ਕਿਵੇਂ ਲੱਗੇ ?"

ਲੈਨੀ ਨੇ ਕਿਹਾ, "ਪਰ ਮੈਨੂੰ ਤਾਂ ਆਗਿਆ ਨਹੀਂ ਹੈ। ਜਾਰਜ ਨੂੰ ਡਰ ਹੈ ਕਿ " ਮੈਂ ਕਿਸੇ ਬਖੇੜੇ ਵਿਚ ਪੈ ਜਾਵਾਂਗਾ ।"

ਕਰਲੀ ਦੀ ਵਹੁਟੀ ਨੇ ਤੁਰੰਤ ਗੱਲਬਾਤ ਦਾ ਰੁੱਖ ਬਦਲ ਦਿੱਤਾ "ਇਥੇ ਤੁਸੀਂ ਕੀ ਲੁਕੋ ਕੇ ਰੱਖਿਆ ਹੈ ?"

ਲੈਨੀ ਦੀ ਪੀੜ ਫਿਰ ਵਧ ਗਈ । "ਮੇਰਾ ਕਤੂਰਾ ਹੈ, ਹੋਰ ਕੁਝ ਵੀ ਨਹੀਂ।" ਉਸ ਨੇ ਅਤਿਅੰਤ ਦੁਖ ਨਾਲ ਕਿਹਾ, " ਇਹ ਵੇਖੋ ਮੇਰਾ ਕਤੂਰਾ । "ਇਹ ਕਹਿੰਦਿਆਂ ਉਸ ਨੇ ਕਤੂਰੇ ਦੇ ਉਪਰੋਂ ਫੱਕ ਪਰੇ ਹਟਾ ਦਿੱਤੀ ।

ਕਰਲੀ ਦੀ ਵਹੁਟੀ ਨੇ ਉਚੇ ਸਵੱਰ ਵਿਚ ਕਿਹਾ, "ਓਏ, ਇਹ ਤਾਂ ਮਰ ਗਿਆ ਹੈ।"

ਲੈਨੀ ਬੋਲਿਆ, "ਉਹ ਇੰਨਾ ਕੁ ਨਿੱਕਾ ਜਿਹਾ ਸੀ । ਮੈਂ ਤਾਂ ਉਸ ਨਾਲ ਬਸ ਖੇਡ ਹੀ ਰਿਹਾ ਸਾਂ...... ਅਤੇ ਕਤੂਰੇ ਨੇ ਇੰਜ ਮੂੰਹ ਕੀਤਾ ਜਿਵੇਂ ਮੈਨੂੰ ਕੱਟੇਗਾ.... ਅਤੇ ਮੈਂ ਮਾੜਾ ਜਿਹਾ ਹੱਥ ਚੁੱਕ ਕੇ ਉਸ ਨੂੰ ਡਰਾਇਆ ...... ਅਤੇ ਮੈਂ .... ਮੈਂ ਫਿਰ ਉਸ ਨੂੰ ਹੋਲੀ ਜਿਹੀ ਚਪੇੜ ਜੜ ਦਿੱਤੀ । ਅਤੇ ਉਹ ਬਸ ਮਰ ਗਿਆ ।"

ਕਰਲੀ ਦੀ ਵਹੁਟੀ ਨੇ ਉਸ ਨੂੰ ਧੀਰਜ ਬੰਨ੍ਹਾਉਂਦਿਆਂ ਕਿਹਾ, "ਤੁਸੀਂ ਰਤਾ ਵੀ ਫ਼ਿਕਰ ਨਾ ਕਰੋ । ਇਹ ਤਾਂ ਐਵੇਂ ਟਰੜ ਜਿਹਾ ਕਤੂਰਾ ਹੀ ਸੀ । ਤੁਹਾਨੂੰ ਹੋਰ ਕਤੂਰਾ ਸੌਖਿਆਂ ਹੀ ਮਿਲ ਜਾਵੇਗਾ। ਅਜਿਹੇ ਕਤੂਰੇ ਤਾਂ ਇਥੇ ਮਾਰੇ ਮਾਰੇ ਫਿਰਦੇ ਹਨ ।"

ਲੈਨੀ ਨੇ ਬੜੇ ਦੁਖੀ ਮਨ ਨਾਲ ਉਸ ਨੂੰ ਸਾਰੀ ਗੱਲ ਸਮਝਾਉਂਦੇ ਹੋਏ ਕਿਹਾ, "ਦੂਜੇ ਕਤੂਰੇ ਦਾ ਸਵਾਲ ਨਹੀਂ ਹੈ। ਹੁਣ ਜਾਰਜ ਮੈਨੂੰ ਸਹਿਆਂ ਦੀ ਦੇਖ-ਭਾਲ ਨਹੀਂ ਕਰਨ ਦੇਵੇਗਾ।" "ਕਿਉਂ ਨਹੀਂ ਕਰਨ ਦੇਵੇਗਾ ?

ਉਸ ਨੇ ਕਿਹਾ ਸੀ ਕਿ ਜੇਕਰ ਮੈਂ ਕੋਈ ਵੀ ਬੁਰੀ ਕਰਤੂਤ ਕੀਤੀ ਤਾਂ ਉਹ ਮੈਨੂੰ ਸਹਿਆਂ ਦੀ ਦੇਖ-ਰੇਖ ਨਹੀਂ ਕਰਨ ਦੇਵੇਗਾ ।"

ਉਹ ਹੋਰ ਵੀ ਉਸ ਦੇ ਨੇੜੇ ਸਰਕ ਗਈ ਅਤੇ ਬੜੀ ਧਰਵਾਸ ਦੇ ਕੇ ਬੋਲੀ, "ਜਿੱਥੋਂ ਤੱਕ ਮੇਰੇ ਨਾਲ ਗੱਲ ਕਰਨ ਦਾ ਤਾਅਲੁਕ ਹੈ, ਤੁਸੀਂ ਫਿਕਰ ਨਾ ਕਰੋ । ਉਧਰ ਸੁਣੋ ਲੋਕੀਂ ਕਿੰਨਾ ਰੌਲਾ ਪਾ ਰਹੇ ਹਨ। ਚਾਰ ਡਾਲਰ ਦੀ ਬਾਜ਼ੀ ਲਾਈ ਹੋਈ ਹੈ, ਉਨ੍ਹਾਂ ਨੇ, ਖੇਡ ਮੁੱਕਣ ਤੋਂ ਪਹਿਲਾਂ ਉਨ੍ਹਾਂ ਵਿਚੋਂ ਉਸ ਥਾਂ ਤੋਂ ਕੋਈ ਵੀ ਨਹੀਂ ਹਿੱਲੇਗਾ।"

"ਜੇਕਰ ਜਾਰਜ ਨੇ ਮੈਨੂੰ ਤੁਹਾਡੇ ਨਾਲ ਗੱਲਾਂ ਕਰਦੇ ਵੇਖ ਲਿਆ ਤਾਂ ਉਹ ਮੇਰੇ ਨਾਲ ਬੁਰੀ ਤਰ੍ਹਾਂ ਪੇਸ਼ ਆਵੇਗਾ । ਲੈਨੀ ਨੇ ਦਲੀਲ ਪੂਰਣ ਢੰਗ ਨਾਲ ਆਖਿਆ, "ਉਸ ਨੇ ਮੈਨੂੰ ਇਹ ਗੱਲ ਐਨ ਚੰਗੀ ਤਰ੍ਹਾਂ ਦੱਸੀ ਹੋਈ ਹੈ।"

ਕਰਲੀ ਦੀ ਵਹੁਟੀ ਬੌਂਦਲ ਜਿਹੀ ਗਈ । 'ਮੇਰੇ ਵਿਚ ਅਜਿਹੀ ਕਿਹੜੀ ਬੁਰਾਈ ਹੈ ? ਉਸ ਨੇ ਚੀਕ ਕੇ ਕਿਹਾ, "ਕੀ ਮੈਨੂੰ ਕਿਸੇ ਨਾਲ ਵੀ ਗੱਲ ਕਰਨ ਦਾ ਹੱਕ ਨਹੀਂ ? ਉਹ ਲੋਕ ਮੈਨੂੰ ਕੀ ਸਮਝਦੇ ਹਨ ? ਪਰ ਤੁਸੀਂ ਤਾਂ ਭਲੇ ਮਨੁੱਖ ਹੋ । ਮੈਂ ਕਿਉਂ ਤੁਹਾਡੇ ਨਾਲ ਗੱਲਬਾਤ ਨਹੀਂ ਕਰ ਸਕਦੀ ? ਮੈਂ ਤੁਹਾਨੂੰ ਕੋਈ ਨੁਕਸਾਨ ਤਾਂ ਨਹੀਂ ਪਹੁੰਚਾ ਰਹੀ।"

"ਪਰ ਜਾਰਜ ਕਹਿੰਦਾ ਹੈ ਕਿ ਤੁਸੀਂ ਕਿਸੇ ਨਾ ਕਿਸੇ ਮੁਸੀਬਤ ਵਿਚ ਫਸਾ ਦਿਓਗੇ?"

"ਇਹ ਸਰਾਸਰ ਬਕਵਾਸ ਹੈ" "ਉਹ ਬੋਲੀ " ਮੈਂ ਤੁਹਾਨੂੰ ਕੀ ਨੁਕਸਾਨ ਪਹੁੰਚਾ ਸਕਦੀ ਹਾਂ? ਇੰਝ ਲਗਦਾ ਹੈ ਕਿ ਉਨ੍ਹਾਂ ਵਿਚੋਂ ਕਿਸੀ ਨੂੰ ਵੀ ਇਸ ਗੱਲ ਦੀ ਪਰਵਾਹ ਨਹੀਂ ਕਿ ਮੈਂ ਕਿੰਝ ਰਹਿੰਦੀ ਹਾਂ । ਮੈਂ ਤੁਹਾਨੂੰ ਦੱਸਦੀ ਹਾਂ, ਮੈਨੂੰ ਇਸ ਤਰ੍ਹਾਂ ਕਹਿਣ ਦੀ ਆਦਰ ਨਹੀਂ ਹੈ। ਮੈਂ ਵੀ ਕੁਝ ਬਣ ਸਕਦੀ ਸਾਂ । ਉਸ ਨੇ ਉਦਾਸ ਹੋ ਕੇ ਕਿਹਾ, "ਸ਼ਾਇਦ ਮੈਂ ਹੁਣ ਵੀ ਕੁਝ ਬਣ ਸਕਾਂ" । "ਅਤੇ ਉਹ ਕਾਹਲੀ ਕਾਹਲੀ ਬੋਲਦੀ ਗਈ । ਉਸ ਦਾ ਬੋਲਣ-ਢੰਗ ਅਜਿਹਾ ਤੀਖਣ ਸੀ ਕਿ ਜੇਕਰ ਦਿਲ ਲਾ ਕੇ ਸੁਣਨ ਵਾਲਾ ਕੋਈ ਸਾਹਮਣੇ ਹੋਵੇ ਤਾਂ ਉਹ ਦਿਲ ਦੀਆਂ ਡੂੰਘਾਈਆਂ ਵਿਚੋਂ ਅਜਿਹੇ ਪ੍ਰਬਲ ਖਿੱਚ ਵਾਲੇ ਸ਼ਬਦ ਉਚਾਰਦੀ ਸੀ। ਜਿਹੜੇ ਸੁਣਨ ਵਾਲੇ ਦੇ ਦਿਲ ਦੀਆਂ ਡੂੰਘਾਈਆਂ ਵਿਚੋਂ ਵੀ ਝਰਨੇ ਵਾਂਗ ਫੁੱਟ ਕੇ ਵਗ ਪੈਂਦੇ। "ਮੈਂ ਸੈਲੀਨਾਸ ਵਿਚ ਰਹਿੰਦੀ ਸਾਂ " ਉਸ ਨੇ ਕਿਹਾ, "ਮੈਂ ਉਸ ਵੇਲੇ ਨਿੱਕੀ ਬੱਚੀ ਸੀ ਜਦੋਂ ਉਥੇ ਆਈ ਸਾਂ । ਇਕ ਵਾਰ ਉਥੇ ਇਕ ਥੀਏਟਰ ਕੰਪਨੀ ਆਈ । ਮੈਂ ਉਸ ਕੰਪਨੀ ਦੇ ਇਕ ਐਕਟਰ ਨੂੰ ਮਿਲੀ ਸਾਂ। ਉਸ ਮੈਨੂੰ ਕਿਹਾ ਸੀ ਕਿ ਜੇਕਰ ਮੈਂ ਚਾਹਾਂ ਤਾਂ ਕੰਪਨੀ ਦੇ ਨਾਲ ਜਾ

ਸਕਦੀ ਹਾਂ। ਪਰ ਮੇਰੀ ਮਾਂ ਨੇ ਨਹੀਂ ਮੰਨਿਆ। "ਉਹ ਕਹਿੰਦੀ ਸੀ ਕਿ ਮੈਂ ਹਾਲੀ ਬਾਲੜੀ ਹਾਂ ਸਿਰਫ਼ ਪੰਦਰਾਂ ਵਰ੍ਹਿਆਂ ਦੀ। ਪਰ ਉਹ ਐਕਟਰ ਕਹਿੰਦਾ ਸੀ ਕਿ ਇਸ ਵਿਚ ਕੋਈ ਹਰਜ਼ ਨਹੀਂ । ਜੇਕਰ ਮੈਂ ਉਨ੍ਹਾਂ ਨਾਲ ਚਲੀ ਜਾਂਦੀ ਤਾਂ ਮੈਨੂੰ ਵਿਸ਼ਵਾਸ ਹੈ ਕਿ ਮੈਂ ਇਹੋ ਜਿਹੀ ਵਾਹੀਆਤ ਜ਼ਿੰਦਗੀ ਨਾ ਬਤਉਂਦੀ । ਮੈਂ ਵੀ ਕੁਝ ਬਣ ਜਾਂਦੀ ।"

ਲੈਨੀ ਨੇ ਕਤੂਰੇ ਨੂੰ ਉਤੋਂ ਲੈ ਕੇ ਹੇਠਾਂ ਤੱਕ ਪਲੋਸਿਆ, "ਅਸੀਂ ਇਕ ਨਿੱਕੀ ਜਿਹੀ ਜ਼ਮੀਨ ਖਰੀਦਣੀ ਹੈ । ਅਸੀਂ ਸਹੇ ਪਾਲਾਂਗੇ, ਸਹੇ ।" ਉਸ ਨੇ ਕਰਲੀ ਦੀ ਵਹੁਟੀ ਨੂੰ ਸਮਝਾਉਂਦਿਆਂ ਹੋਇਆਂ ਕਿਹਾ।

ਪਰ ਉਸ ਨੇ ਲੈਨੀ ਦੀ ਗੱਲ ਧਿਆਨ ਨਾਲ ਨਾ ਸੁਣੀ । ਉਹ ਕਾਹਲੀ ਕਾਹਲੀ ਆਪਣੀ ਗੱਲ ਹੀ ਕਹਿੰਦੀ ਗਈ । ਇੰਜ ਲਗਦਾ ਸੀ ਕਿ ਉਹ ਅੱਧ-ਵਿਚਾਲੇ ਗੱਲਾਂ ਵਿਚ ਕੋਈ  ਰੁਕਾਵਟ ਆਉਣ ਤੋਂ ਪਹਿਲਾਂ ਹੀ ਸਾਰਾ ਕੁਝ ਕਹਿ ਦੇਣਾ ਚਾਹੁੰਦੀ ਸੀ । "ਫਿਰ ਇਕ ਵਾਰ ਮੇਰੀ ਕਿਸੇ ਹੋਰ ਬੰਦੇ ਨਾਲ ਮੁਲਾਕਾਤ ਹੋਈ । ਉਹ ਸਿਨਮੇ ਵਿਚ ਸੀ । ਉਸ ਦੇ ਨਾਲ ਮੈਂ ਰਿਵਰਸਾਈਡ ਦੇ ਨਾਚ-ਮਹਿਲ ਵਿਚ ਗਈ ਸਾਂ । ਉਸ ਨੇ ਕਿਹਾ ਸੀ ਕਿ ਉਹ ਮੈਨੂੰ ਸਿਨਮੇ ਵਿਚ ਕੰਮ ਲੈ ਦੇਵੇਗਾ। ਉਹ ਕਹਿੰਦਾ ਸੀ ਕਿ ਮੈਂ ਤਾਂ ਬਣੀ-ਬਣਾਈ ਐਕਟਰੈਸ ਹਾਂ । ਹਾਲੀਵੁਡ ਪਹੁੰਚਦਿਆਂ ਹੀ ਉਸ ਨੇ ਮੈਨੂੰ ਇਸ ਬਾਰੇ ਵਿਚ ਲਿਖਣਾ ਸੀ" । ਉਹ ਰਤਾ ਕੁ ਠਠੰਬਰ ਗਈ। ਇਹ ਭਾਂਪਣ ਲਈ ਕਿ ਲੈਨੀ ਦੇ ਉਤੇ ਇਸ ਸਾਰੀ ਗੱਲ ਦਾ ਕੀ ਅਸਰ ਹੁੰਦਾ ਹੈ। ਕੋਈ ਅਸਰ ਹੈ ਵੀ ਕਿ ਨਹੀਂ । "ਪਰ ਅਜ ਤਕ ਮੈਨੂੰ ਉਸਦੀ ਚਿੱਠੀ ਨਹੀਂ ਮਿਲੀ ਉਹ ਫਿਰ ਕਹਿਣ ਲੱਗੀ, "ਮੈਨੂੰ ਯਕੀਨ ਹੈ ਕਿ ਮੇਰੀ ਮਾਂ ਨੇ ਉਹ ਚਿੱਠੀ ਲੁਕੋ ਲਈ ਹੋਵੇਗੀ। ਪਰ ਮੈਂ ਉਹੋ ਜਿਹੀ ਨਿਕੰਮੀ ਥਾਂ ਤੇ ਰਹਿਣ ਨੂੰ ਤਿਆਰ ਨਹੀਂ ਸਾਂ. ਜਿੱਥੇ ਮੈਂ ਕਿਧਰੇ ਆ ਜਾ ਨਾਂ ਸਕਾਂ, ਆਪਣੇ ਆਪ ਨੂੰ ਕੁਝ ਬਣਾ ਨਾ ਸਕਾਂ, ਜਿਥੇ ਲੋਕੀਂ ਦੂਜਿਆਂ ਦੀਆਂ ਚਿੱਠੀਆਂ ਚੁਰਾ ਲੈਣ । ਮੈਂ ਮਾਂ ਕੋਲੋਂ ਪੁੱਛਿਆ ਵੀ ਸੀ ਕਿ ਉਸ ਨੇ ਮੇਰੀ ਚਿੱਠੀ ਚੁਰਾਈ ਹੈ ? ਪਰ ਉਸ ਨੇ ਕਿਹਾ ਕਿ ਨਹੀਂ । ਪਰ ਮੈਨੂੰ ਵਿਸ਼ਵਾਸ ਨਹੀਂ ਆਇਆ ਇਸ ਲਈ ਮੈਂ ਕਰਲੀ ਨਾਲ ਵਿਆਹ ਕਰ ਲਿਆ । ਉਸ ਨਾਲ ਵੀ ਮੈਂ ਉਸੇ ਰਾਤ ਨੂੰ ਹੀ ਰਿਵਰ-ਸਾਈਡ ਦੇ ਨਾਚ ਮਹਿਲ ਵਿਚ ਮਿਲੀ ਸਾਂ ।"

“ਲੈਨੀ ਨੇ ਉੱਕਾ ਹੀ ਕੋਈ ਹੁੰਗਾਰਾ ਨਾ ਭਰਿਆ ਅਤੇ ਨਾ ਹੀ ਕੁਝ ਹੋਰ ਗੱਲ ਕਹੀ।

"ਸੁਣ ਰਹੇ ਹੋ ਨਾ ?" ਕਰਲੀ ਦੀ ਵਹੁਟੀ ਨੇ ਪੁੱਛਿਆ।

" ਮੈਂ? ਆਹੋ । ”

"ਵੇਖੋ, ਇਹ ਗੱਲਾਂ ਮੈਂ ਪਹਿਲਾਂ ਕਦੀ ਵੀ ਕਿਸੇ ਨਾਲ ਨਹੀਂ ਕੀਤੀਆਂ। ਸ਼ਾਇਦ ਮੈਨੂੰ ਕਰਨੀਆਂ ਵੀ ਨਹੀਂ ਚਾਹੀਦੀਆਂ। ਮੈਨੂੰ ਕਰਲੀ ਪਸੰਦ ਨਹੀਂ ਹੈ। ਉਹ ਆਦਮੀ ਚੰਗਾ ਨਹੀਂ ਹੈ। “ਆਪਣੇ ਦਿਲ ਦੀ ਗੱਲ ਕਹਿ ਦੇਣ ਕਾਰਣ ਉਹ ਲੈਨੀ ਦੇ ਹੋਰ ਨੇੜੇ ਖਿਸਕ ਆਈ ਅਤੇ ਐਨ ਉਸ ਨਾਲ ਖਹਿਸਰ ਕੇ ਬੈਠ ਗਈ। "ਜੇਕਰ ਸਿਨਮੇ ਵਿਚ ਚਲੀ ਜਾਂਦੀ ਤਾਂ ਮੇਰੇ ਕੋਲ ਵਧੀਆ ਕੱਪੜੇ, ਜਿਹੜੇ ਉਥੋਂ ਦੇ ਸਾਰੇ ਲੋਕੀਂ ਪਹਿਨਦੇ ਹਨ ਅਤੇ ਵੱਡੇ ਵੱਡੇ ਹੋਟਲਾਂ ਵਿਚ ਰਿਹਾ ਕਰਦੀ ਅਤੇ ਲੋਕੀਂ ਮੇਰੀਆਂ ਫੋਟੋਆਂ ਖਿੱਚਿਆ ਕਰਦੇ । ਅਤੇ ਜਦੋਂ ਫਿਲਮ ਪਹਿਲੀ ਵਾਰ ਵਿਖਾਈ ਜਾਂਦੀ ਤਾਂ ਮੈਂ ਉਥੇ ਜਾਂਦੀ ਅਤੇ ਰੇਡੀਓ ਵਿਚ ਬੋਲਿਆ ਕਰਦੀ ਅਤੇ ਮੈਨੂੰ ਇਕ ਕੌਡੀ ਵੀ ਖ਼ਰਚ ਨਾ ਕਰਨੀ ਪੈਂਦੀ, ਕਿਉਂਕਿ ਮੈਂ ਤਾਂ ਆਪ ਹੀ ਪਿਕਚਰ ਵਿਚ ਹੁੰਦੀ। ਮੈਂ ਵਧੀਆ ਤੋਂ ਵਧੀਆ ਕੱਪੜੇ ਪਾਉਂਦੀ ਕਿਉਂਕਿ ਉਸ ਆਦਮੀ ਨੇ ਕਿਹਾ ਸੀ ਕਿ ਮੈਂ ਤਾਂ ਬਣੀ-ਬਣਾਈ ਐਕਟਰੈਸ ਹਾਂ । "ਉਸਨੇ ਨਜ਼ਰਾਂ ਚੁੱਕ ਕੇ ਲੈਨੀ ਵੱਲ ਵੇਖਿਆ ਅਤੇ ਆਪਣੇ ਹੱਥ ਅਤੇ ਆਪਣੀ ਬਾਂਹ ਨਾਲ ਨਮੂਨੇ ਵਜੋਂ ਸੁੰਦਰ ਮੁਦਰਾ ਬਣਾ ਕੇ ਰਤਾ ਕੁ ਅਦਾਕਾਰੀ ਕਰਨ ਦੀ ਕੋਸ਼ਿਸ ਵੀ ਕੀਤੀ । ਉਸ ਨੇ ਇੰਜ ਇਹ ਵਿਖਾਉਣ ਲਈ ਕੀਤਾ ਕਿ ਉਹ ਸੁਭਾਵਕ ਤੌਰ ਤੇ ਹੀ ਐਕਟ੍ਰਸ ਹੈ । ਨਿੱਕੀ ਉਂਗਲ ਨੂੰ ਬਾਹਰ ਕੱਢ ਕੇ ਅਤੇ ਬਾਕੀ ਉਂਗਲੀਆਂ ਨੂੰ ਮੋੜ ਕੇ ਉਸ ਨੇ ਆਪਣੇ ਹੱਥ ਨੂੰ ਅੱਗਿਓਂ ਆਪਣੀ ਵੱਲ ਬਹੁਤ ਸੁਹਣੇ ਢੰਗ ਨਾਲ ਭੁਆਇਆ । ਇੰਜ ਲੱਗਦਾ ਸੀ ਕਿ ਉਸ ਦੀ ਵੀਣੀ ਦੇ ਪਿੰਡ ਪਿੱਛੇ ਉਸਦਾ ਹੱਥ ਕਿਸੇ ਤਰਲ ਵਸਤ ਵਾਂਗ ਵਗ ਰਿਹਾ ਹੋਵੇ।

ਲੈਨੀ ਨੇ ਡੂੰਘਾ ਸਾਹ ਲਿਆ। ਫਿਰ ਲੋਹੇ ਦੇ ਤਖਤੇ ਉਤੇ ਘੋੜੇ ਦੀ ਨਾਲ ਦੇ ਡਿੱਗਣ ਅਤੇ ਉਸ ਦੇ ਨਾਲ ਹੀ ਖੇਡਣ ਵਾਲਿਆਂ ਵਲੋਂ 'ਵਾਹ ਵਾ, ਵਾਹ ਵਾ' ਦਾ ਰੌਲਾ ਸੁਣਾਈ ਦਿੱਤਾ।

ਕਰਲੀ ਦੀ ਵਹੁਟੀ ਬੋਲ ਪਈ, "ਕਿਸੇ ਨੇ ਬਾਜ਼ੀ ਜਿੱਤ ਲਈ ਹੈ ।"

ਬਾਹਰ ਸੂਰਜ ਡੁੱਬ ਰਿਹਾ ਸੀ । ਚਾਨਣ ਉੱਪਰ ਵੱਲ ਖਿਸਕ ਰਿਹਾ ਸੀ ਧੁੱਪ ਦੀਆਂ ਲਕੀਰਾਂ ਕੰਧ ਦੇ ਉਤੋਂ ਦੀ ਲੰਘ ਕੇ ਘੋੜਿਆਂ ਦੇ ਖੜੋਣ ਦੀਆਂ ਥਾਵਾਂ ਅਤੇ ਉਨ੍ਹਾਂ ਦੇ ਸਿਰਾਂ ਉਤੇ ਪੈਣ ਲੱਗ ਪਈਆਂ ਸਨ।

ਲੈਨੀ ਨੇ ਕਿਹਾ, "ਜੇਕਰ ਮੈਂ ਇਸ ਕਤੂਰੇ ਨੂੰ ਬਾਹਰ ਲਿਜਾ ਕੇ ਕਿਧਰੇ ਸੁੱਟ ਦੇਵਾਂ, ਤਾਂ ਹੋ ਸਕਦਾ ਹੈ ਜਾਰਜ ਨੂੰ ਪਤਾ ਹੀ ਨਾ ਲੱਗੇ । ਇਸ ਤਰ੍ਹਾਂ ਮੈਂ ਬਿਨਾਂ ਕਿਸੇ ਝਮੇਲੇ ਦੇ ਸਹਿਆ ਬੀ ਦੇਖ-ਭਾਲ ਕਰ ਸਕਾਂਗਾ ।"

ਕਰਲੀ ਦੀ ਵਹੁਟੀ ਸੜ-ਭੁੱਜ ਗਈ, "ਕੀ ਤੁਸੀਂ ਸਹਿਆਂ ਤੋਂ ਬਿਨਾਂ ਕਦੇ ਵੀ ਕੋਈ ਹੋਰ ਵੀ ਗੱਲ ਨਹੀਂ ਸੋਚਦੇ ?"

"ਅਸੀਂ ਇਕ ਨਿੱਕੀ ਜਿਹੀ ਥਾਂ ਖ਼ਰੀਦ ਲੈਣੀ ਹੈ ।" ਲੇਨੀ ਨੇ ਬੜੇ ਧੀਰਜ ਨਾਲ ਸਮਝਾਉਂਦਿਆਂ ਹੋਇਆਂ ਕਿਹਾ, "ਉਥੇ ਅਸੀਂ ਇਕ ਘਰ ਬਣਾਵਾਂਗੇ । ਘਾਹ ਦਾ ਇਕ ਪਲਾਟ ਅਤੇ ਬਗੀਚਾ ਵੀ ਹੋਵੇਗਾ। ਘਾਹ ਸਹਿਆਂ ਵਾਸਤੇ ਹੀ ਤਾਂ ਹੋਵੇਗਾ। ਮੈਂ ਇਕ ਬੋਰੀ ਦੇ ਵਿਚ ਘਾਹ ਲਿਆਇਆ ਕਰਾਂਗਾ ਅਤੇ ਸਹਿਆਂ ਨੂੰ ਖੁਆਇਆ ਕਰਾਂਗਾ ।"

ਕਰਲੀ ਦੀ ਵਹੁਟੀ ਨੇ ਪੁੱਛਿਆ, "ਤੁਸੀਂ ਸਹਿਆਂ ਲਈ ਇੰਨੇ ਪਾਗਲ ਕਿਉਂ ਹੋਏ ਫਿਰਦੇ ਹੋ ?"

ਜਵਾਬ ਢੂੰਡਣ ਲਈ ਲੈਨੀ ਕਾਫੀ ਦੇਰ ਸੋਚਦਾ ਰਿਹਾ । ਆਖਰ ਉਸ ਨੇ ਜਵਾਬ ਲੱਭ ਹੀ ਲਿਆ। ਉਹ ਬੜੀ ਸਾਵਧਾਨੀ ਨਾਲ ਉਸ ਦੇ ਨੇੜੇ ਖਿਸਕ ਆਈ ਅਤੇ ਲਗਭਗ ਉਸ ਨਾਲ ਜੁੜ ਕੇ ਬਹਿ ਗਿਆ "ਮੈਨੂੰ ਚੰਗੀਆਂ ਚੀਜ਼ਾਂ ਉਤੇ ਹੱਥ ਫੇਰਨਾ ਅਤੇ ਪਲੋਸਣਾ ਚੰਗਾ ਲੱਗਦਾ ਹੈ । ਇਕ ਵਾਰ ਮੈਂ ਕਿਸੇ ਮੇਲੇ ਦੇ ਵਿਚ ਵੱਡੇ ਵੱਡੇ ਵਾਲਾਂ ਵਾਲੇ ਸਹੇ ਵੇਖੇ ਸਨ। ਉਹ ਬਹੁਤ ਹੀ ਚੰਗੇ ਸਨ । ਸੱਚੀ, ਕਦੀ ਕਦੀ ਮੈਂ ਚੂਹੇ ਨੂੰ ਵੀ ਪਲੋਸਦਾ ਹਾਂ । ਪਰ ਉਦੋਂ ਜਦੋਂ ਉਸ ਤੋਂ ਵਧੇਰੇ ਚੰਗੀ ਚੀਜ਼ ਨਾ ਮਿਲੇ ।"

ਕਰਲੀ ਦੀ ਵਹੁਟੀ ਉਸ ਤੋਂ ਰਤਾ ਕੁ ਪਰ੍ਹੇ ਹੋ ਗਈ । ਉਸ ਨੇ ਕਿਹਾ, "ਮੇਰਾ ਖਿਆਲ ਹੈ ਕਿ ਤੁਸੀਂ ਪਾਗਲ ਹੋ ।"

ਲੈਨੀ ਨੇ ਬੜੀ ਗੰਭੀਰਤਾ ਨਾਲ ਕਿਹਾ, "ਨਹੀਂ, ਮੈਂ ਪਾਗਲ ਨਹੀਂ ਹਾਂ । ਜਾਰਜ ਕਹਿੰਦਾ ਹੈ, ਮੈਂ ਪਾਗਲ ਨਹੀਂ ਹਾਂ। ਮੈਨੂੰ ਆਪਣੀਆਂ ਉਂਗਲਾਂ ਨਾਲ ਚੰਗੀਆਂ ਚੀਜ਼ਾਂ ਅਤੇ ਨਰਮ ਨਰਮ ਚੀਜ਼ਾਂ ਨੂੰ ਪਲੋਸਣਾ ਚੰਗਾ ਲਗਦਾ ਹੈ । ਬੱਸ "

ਕਰਲੀ ਦੀ ਵਹੁਟੀ ਨੂੰ ਥੋੜਾ ਕੁ ਯਕੀਨ ਬੱਝਣ ਲੱਗ ਪਿਆ । “ਕਿਸ ਨੂੰ ਚੰਗਾ ਨਹੀਂ ਲੱਗਦਾ ?" ਉਸ ਨੇ ਕਿਹਾ, “ਹਰ ਆਦਮੀ ਨੂੰ ਇੰਜ ਕਰਨਾ ਚੰਗਾ ਲੱਗਦਾ ਹੈ । ਮੈਨੂੰ ਰੇਸ਼ਮ ਜਾਂ ਮਖ਼ਮਲ ਉਤੇ ਹੱਥ ਫੇਰਨਾ ਚੰਗਾ ਲੱਗਦਾ ਹੈ । ਕੀ ਤੁਹਾਨੂੰ ਵੀ ਮਖ਼ਮਲ ਉਤੇ ਹੱਥ ਫੇਰਨਾ ਚੰਗਾ ਲਗਦਾ ਹੈ ?"

ਲੈਨੀ ਖੁਸ਼ੀ ਨਾਲ ਖਿੜ ਗਿਆ। "ਰੱਬ ਦੀ ਸਹੁੰ, ਬਹੁਤ ਹੀ ਚੰਗਾ ਲੱਗਦਾ ਹੈ ।" ਉਹ ਖੁਸ਼ ਹੋ ਗਿਆ ਅਤੇ ਚੀਖ ਕੇ ਬੋਲਿਆ ਮੇਰੇ ਪਾਸ ਥੋੜੀ ਜਿਹੀ ਮਖ਼ਮਲ ਸੀ ਵੀ । ਇਕ ਇਸਤਰੀ ਨੇ ਮੈਨੂੰ ਦਿੱਤੀ ਸੀ ਅਤੇ ਉਹ ਇਸਤਰੀ ਸੀ... ." ਥੋੜਾ ਕੁਝ ਸੋਚ ਕੇ ਉਸ ਨੇ ਕਿਹਾ... "ਐ, ਉਹ ਮੇਰੀ ਆਪਣੀ ਚਾਚੀ ਕਲਾਰਾ ਸੀ । ਉਸ ਨੇ ਮੈਨੂੰ ਮਖ਼ਮਲ ਦਾ ਇਕ ਟੁਕੜਾ ਦਿੱਤਾ ਸੀ । ਇੰਨਾ ਕੁ ਵੱਡਾ ਟੁੱਕੜਾ। ਜੇਕਰ ਉਹ ਮਖ਼ਮਲ ਇਸ ਵੇਲੇ ਮੇਰੇ ਕੋਲ ਹੁੰਦੀ ਤਾਂ ਕਿੰਨਾ ਚੰਗਾ ਹੁੰਦਾ ।" ਉਸ ਦੇ ਮੱਥੇ ਉਤੇ ਅਫਸੋਸ ਨਾਲ ਕੁਝ ਹਲਕੇ ਜਿਹੇ ਵੱਟ ਪੈ ਗਏ। “ਗੁਆਚ ਗਿਆ ਹੈ । ਉਹ ਟੁੱਕੜਾ ਹੈਂ, ” ਉਹ ਬੋਲਿਆ। "ਬਹੁਤ ਦਿਨਾਂ ਤੋਂ, ਮੈਂ ਮਖਮਲ ਦਾ ਉਹ ਟੁੱਕੜਾ ਨਹੀਂ ਵੇਖਿਆ ।”

ਕਰਲੀ ਦੀ ਵਹੁਟੀ ਉਸ ਦੀ ਇਸ ਗੱਲ ਉਤੇ ਹੱਸ ਪਈ । "ਤੁਸੀਂ ਤਾਂ ਨਿਰੇ ਪਾਗਲ ਹੈ। ਵੱਡੇ ਤਾਂ ਹੋ, ਪਰ ਉਦਾਂ ਨਿਰੇ ਬੱਚੇ ਹੋ” ਉਸ ਨੇ ਕਿਹਾ, "ਪਰ ਤੁਸੀਂ ਆਦਮੀ ਚੰਗੇ ਹੋ। ਮੈਂ ਸਮਝਦੀ ਹਾਂ ਤੁਹਾਡੀ ਗੱਲ ਨੂੰ । ਕਦੀ ਕਦੀ ਆਪਣੇ ਹੀ ਵਾਲ ਵਾਹੁੰਦੀ ਸੁਆਰਦੀ, ਮੈਂ ਰੁਕ ਜਾਂਦੀ ਹਾਂ ਅਤੇ ਬੈਠ ਕੇ ਆਪਣੇ ਵਾਲਾਂ ਉਤੇ ਹੱਥ ਫੇਰਨ ਲੱਗ ਪੈਂਦੀ ਹਾਂ। ਬੜੇ ਨਰਮ ਮੁਲਾਇਮ ਲੱਗਦੇ ਹਨ, ਇਹ ਵਾਲ । “ਆਪਣੇ ਸਿਰ ਉਤੇ ਹੱਥ ਫੇਰ ਕੇ ਉਸ ਨੇ ਵਿਖਾਇਆ ਕਿ ਕਿਵੇਂ ਉਨ੍ਹਾਂ ਨੂੰ ਵਾਹੁਣ ਸੁਆਰਣ ਵੇਲੇ, ਉਹ ਉਨ੍ਹਾਂ ਨੂੰ ਬਾਰ ਬਾਰ ਛੂਹ ਕੇ ਗਦਗਦ ਹੁੰਦੀ ਹੈ। "ਕੁਝ ਲੋਕਾਂ ਦੇ ਵਾਲ ਤਾਂ ਬੜੇ ਕਰੜੇ ਹੁੰਦੇ ਹਨ ।" ਉਸ ਨੇ ਐਵੇਂ ਹੀ ਕਹਿ ਦਿੱਤਾ । "ਕਰਲੀ ਨੂੰ ਹੀ ਲੈ ਲਵੋ । ਉਸ ਦੇ ਵਾਲ ਤਾਰ ਵਾਂਗਰ ਸਖਤ ਅਤੇ ਰੁੱਖੇ ਹਨ । ਪਰ ਮੇਰੇ ਵਾਲ ਮੁਲਾਇਮ ਅਤੇ ਸੁੰਦਰ ਹਨ । ਮੈਂ ਆਪਣੇ ਵਾਲਾਂ ਉਤੇ ਬੁਰਸ਼

ਤਾਂ ਕਈ ਵਾਰ ਕਰਦੀ ਹਾਂ। ਇਸ ਨਾਲ ਵੀ ਵਾਲ ਨਰਮ ਹੋ ਜਾਂਦੇ ਹਨ। ਵੇਖ ਲਵੋ ਜਰਾ ਹੱਥ ਲਾ ਕੇ। "ਉਸ ਨੇ ਲੇਨੀ ਦਾ ਹੱਥ ਚੁੱਕ ਕੇ ਆਪਣੇ ਸਿਰ ਉਤੇ ਰੱਖ ਲਿਆ "ਇਥੇ ਹੱਥ ਫੇਰ ਕੇ ਵੇਖੋ, ਕਿੰਨੇ ਮੁਲਾਇਮ ਹਨ।"

ਲੈਨੀ ਦੀਆਂ ਵੱਡੀਆਂ ਵੱਡੀਆਂ ਉਂਗਲਾਂ ਉਸ ਦੇ ਵਾਲਾਂ ਵਿਚ ਫਿਰਨ ਲੱਗ ਪਈਆਂ। ਕਰਲੀ ਦੀ ਵਹੁਟੀ ਨੇ ਕਿਹਾ, "ਖਰਾਬ ਨਾ ਕਰੋ ਇਨ੍ਹਾਂ ਨੂੰ।"

ਲੈਨੀ ਨੇ ਕਿਹਾ, "ਵਾਹ ਵਾ, ਕਿੰਨੇ ਵਧੀਆ ਹਨ ਤੁਹਾਡੇ ਵਾਲ। "ਅਤੇ ਉਹ ਉਨ੍ਹਾਂ ਤੇ ਜ਼ੋਰ ਜ਼ੋਰ ਨਾਲ ਹੱਥ ਫੇਰਨ ਲੱਗ ਪਿਆ। ਵਾਹ ਵਾ, ਕਿੰਨੇ ਵਧੀਆ ਹਨ।"

"ਵੇਖੋ, ਵੇਖੋ ਜ਼ਰਾ, ਮੇਰੇ ਘੁੰਘਰ ਵਿਗੜ ਜਾਣਗੇ। ਓਏ ਹੋਏ, ਤੁਸੀਂ ਤਾਂ ਮੇਰੇ ਘੁੰਘਰ ਵਿਗਾੜ ਰਹੇ ਹੋ। ਤਦੋਂ ਹੀ ਉਹ ਗੁੱਜੇ ਨਾਲ ਚੀਕ ਕੇ ਬੋਲੀ, "ਛੱਡ ਦਿਓ ਇਨ੍ਹਾਂ ਨੂੰ, ਤੁਸੀਂ ਤਾਂ ਸਾਰਾ ਕੁਝ ਹੀ ਗੜਬੜ ਕਰ ਦਿਉਗੇ। "ਉਸ ਨੇ ਆਪਣੇ ਸਿਰ ਨੂੰ ਝਟਕਾ ਦੇ ਕੇ ਇਕ ਪਾਸੇ ਖਿੱਚਣਾ ਚਾਹਿਆ, ਪਰ ਲੈਨੀ ਦੀਆਂ ਉਂਗਲੀਆਂ ਨੇ ਤਾਂ ਉਸ ਦੇ ਵਾਲਾਂ ਨੂੰ ਆਪਣੀ ਪਕੜ ਵਿਚ ਲੈ ਲਿਆ ਹੋਇਆ ਸੀ ਅਤੇ ਉਥੇ ਹੀ ਚਿੰਬੜ ਜਿਹੀਆਂ ਗਈਆਂ।

"ਛੱਡ, "ਉਸ ਮੁੜ ਚੀਕ ਕੇ ਆਖਿਆ, "ਛੱਡ ਵੀ ਦਿਉ, ਤੁਸੀਂ।"

ਲੈਨੀ ਬੁਰੀ ਤਰ੍ਹਾਂ ਘਾਬਰ ਗਿਆ। ਉਸ ਦਾ ਚਿਹਰਾ ਡਰ ਕਾਰਣ ਸੁੰਗੜ ਗਿਆ। ਕਦੋਂ ਕਰਲੀ ਦੀ ਵਹੁਟੀ ਡਰ ਜਾਣ ਨਾਲ ਚੀਕ ਪਈ। ਲੈਨੀ ਹੋਰ ਵੀ ਘਬਰਾ ਗਿਆ ਅਤੇ ਉਸ ਨੇ ਆਪਣਾ ਦੂਜਾ ਹੱਥ ਵੀ ਉਸ ਦੇ ਮੂੰਹ ਉਤੇ ਰੱਖ ਦਿੱਤਾ। " ਰੱਬ ਦਾ ਵਾਸਤਾ ਹੈ, ਚੀਕਾਂ ਨਾ ਮਾਰੋ, " ਉਸਨੇ ਮਿੰਨਤਾਂ ਕੀਤੀਆਂ। ਰੱਬ ਦੇ ਵਾਸਤੇ ਅਜਿਹਾ ਨਾ ਕਰੋ। ਜਾਰਜ ਮੇਰੇ ਨਾਲ ਨਾਰਾਜ਼ ਹੋ ਜਾਏਗਾ।"

ਉਹ ਉਸ ਦੇ ਹੱਥਾਂ ਵਿਚ ਜਕੜੀ ਹੋਈ ਸੀ ਅਤੇ ਆਜ਼ਾਦ ਹੋਣ ਲਈ ਪੂਰੀ ਵਾਹ ਲਾ ਰਹੀ ਸੀ। ਉਸ ਦੇ ਪੈਰ ਫੱਕ ਦੇ ਉੱਤੇ ਤੜਫਦੇ ਰਹੇ ਅਤੇ ਆਪ ਦੋਨਾਂ ਹੱਥਾਂ ਤੋਂ ਛੁਟਕਾਰਾ ਪਾਉਣ ਲਈ ਪੂਰਾ ਯਤਨ ਕਰਦੀ ਰਹੀ। ਤਦੋਂ ਹੀ ਲੈਨੀ ਦੇ ਹੱਥਾਂ ਹੇਠਾਂ ਘੁਟੀ ਹੋਈ ਨੇ ਲੈਨੀ ਦੇ ਰੋਣ ਦੀ ਆਵਾਜ਼ ਸੁਣੀ। 'ਰੱਬ ਦੇ ਵਾਸਤੇ, ਨਾ ਚੀਕੋ। "ਲੈਨੀ ਭੈ-ਭੀਤ ਹੋਇਆ ਰੋ ਰਿਹਾ ਸੀ। "ਜਾਰਜ ਕਹੇਗਾ, ਮੈਂ ਬੁਰਾ ਕੰਮ ਕੀਤਾ ਹੈ ਅਤੇ ਉਹ ਮੈਨੂੰ ਸਹਿਆਂ ਦੀ ਦੇਖ-ਭਾਲ ਨਹੀਂ ਕਰਨ ਦੇਵੇਗਾ।"

ਉਸ ਨੇ ਆਪਣਾ ਹੱਥ ਰਤਾ ਕੁ ਢਿੱਲਾ ਕੀਤਾ। ਕਰਲੀ ਦੀ ਵਹੁਟੀ ਦੇ ਗਲੇ ਵਿਚੋਂ ਗੱਚ ਉੱਠਣ ਵਾਂਗ ਚੀਕ ਨਿਕਲੀ। ਲੈਨੀ ਗੁੱਸੇ ਨਾਲ ਡਰ ਗਿਆ । "ਮੈਂ ਕਹਿੰਦਾ ਹਾਂ, ਚੀਕਾਂ ਨਾ ਮਾਰੋ ।" ਉਹ ਗੁੱਸੇ ਨਾਲ ਬੋਲਿਆ, "ਜਾਰਜ ਕਹਿੰਦਾ ਸੀ ਕਿ ਤੁਸੀਂ ਮੁਸੀਬਤ ਵਿਚ ਫਸਾ ਦਿਓਗੇ। ਅਤੇ ਤੁਸੀਂ ਉਹੀ ਕੁਝ ਕਰਦੇ ਜਾਪਦੇ ਹੋ । ਮੈਂ ਨਹੀਂ ਚਾਹੁੰਦਾ ਕਿ ਤੁਸੀਂ ਚੀਕਾਂ ਮਾਰੋ । ਬੰਦ ਕਰੋ ਇਹ ਸਾਰਾ ਕੁਝ ।" ਅਤੇ ਉਸ ਨੇ ਆਪਣਾ ਹੱਥ ਮੁੜ ਉਥੇ ਹੀ ਰੱਖ ਦਿੱਤਾ । ਕਰਲੀ ਦੀ ਵਹੁਟੀ ਛਟਪਟਾਉਂਦੀ ਰਹੀ। ਡਰ ਨਾਲ ਭਰੀਆਂ ਉਸ ਦੀਆਂ ਅੱਖਾਂ ਦੇ ਵਿਚੋਂ ਵਹਿਸ਼ਤ ਵਰ ਰਹੀ ਸੀ । ਲੈਨੀ ਉਸ ਨਾਲ ਅਤਿਅੰਤ ਨਾਰਾਜ਼ ਹੋ ਗਿਆ ਅਤੇ ਉਸ ਨੂੰ ਇਕ ਝੰਜੋੜਾ ਦਿੱਤਾ । '"ਚੀਕ ਚਿਹਾੜਾ ਬੰਦ ਕਰੋ, ਤੁਸੀਂ" ਉਸ ਨੇ ਕਿਹਾ, ਅਤੇ ਫਿਰ ਇਕ ਵਾਰ ਉਸਨੂੰ ਝੰਜੋੜ ਦਿੱਤਾ। ਕਰਲੀ ਦੀ ਵਹੁਟੀ ਮੱਛੀ ਵਾਂਗ ਤੜਫਣ ਲੱਗ ਪਈ। ਫਿਰ ਉਹ ਹੌਲੇ ਹੌਲੇ ਸ਼ਾਂਤ ਪੈ ਗਈ । ਲੈਨੀ ਨੇ ਅਣਜਾਣੇ ਵਿਚ ਹੀ ਉਸ ਦੀ ਗਿੱਚੀ ਮਰੋੜ ਦਿੱਤੀ ਸੀ ।

ਉਹ ਖਿਣ ਭਰ ਉਸ ਵਲ ਵੇਖਦਾ ਰਿਹਾ। ਫਿਰ ਫੁਰਤੀ ਨਾਲ ਉਸ ਨੇ ਆਪਣਾ ਹੱਥ ਉਸ ਦੇ ਮੂੰਹ ਉਤੋਂ ਚੁੱਕ ਲਿਆ। ਉਹ ਅਹਿੱਲ ਪਈ ਹੋਈ ਸੀ । "ਮੈਂ ਤੁਹਾਨੂੰ ਕੋਈ ਕਸ਼ਟ ਨਹੀਂ ਦੇਣਾ ਚਾਹੁੰਦਾ ਸਾਂ" । ਉਸ ਨੇ ਕਿਹਾ, "ਪਰ ਜੇਕਰ ਤੁਸੀਂ ਚੀਕਾਂ ਮਾਰੀਆ ਤਾਂ ਜਾਰਜ ਬਹੁਤ ਗੁੱਸੇ ਹੋਵੇਗਾ। "ਜਦੋਂ ਉਸ ਨੇ ਕੋਈ ਵੀ ਜਵਾਬ ਨਾ ਦਿੱਤਾ ਅਤੇ ਨਾ ਹੀ ਹਿੱਲੀ ਜੁੱਲੀ, ਤਾਂ ਉਹ ਉਸ ਦੇ ਉਤੇ ਝੁਕ ਗਿਆ ਉਸ ਨੇ ਉਸ ਦੀ ਬਾਂਹ ਉਤਾਂਹ ਚੁੱਕੀ ਅਤੇ ਫਿਰ ਛੱਡ ਦਿੱਤੀ । ਮਿੰਟ ਕੁ ਉਹ ਅਤਿਅੰਤ ਘਬਰਾਇਆ ਹੋਇਆ ਅਤੇ ਭੁਚੱਕਾ ਜਿਹਾ ਹੋ ਕੇ ਉਸ ਨੂੰ ਵੇਖਦਾ ਰਿਹਾ। ਫਿਰ ਉਹ ਡਰ ਨਾਲ ਬੜਬੜਾਉਣ ਲੱਗ ਪਿਆ। "ਮੈਂ ਬੁਰਾ ਕੰਮ ਕਰ ਦਿੱਤਾ ਹੈ। ਮੈਂ ਇਕ ਹੋਰ ਭੈੜਾ ਕੰਮ ਕਰ ਛੱਡਿਆ ਹੈ ।"

ਉਸ ਨੇ ਆਪਣੇ ਵੱਡੇ ਵੱਡੇ ਪੰਜਿਆਂ ਨਾਲ ਬਹੁਤ ਸਾਰੀ ਫੱਕ ਉਸ ਦੇ ਉਤੇ ਸੁੱਟ ਦਿੱਤੀ, ਜਿਸ ਨਾਲ ਉਹ ਅਧ-ਪਚੱਧੀ ਕੱਜੀ ਗਈ।

ਢਾਰੇ ਦੇ ਬਾਹਰੋਂ ਕੁਝ ਲੋਕਾਂ ਦੇ ਚੀਕ ਚਿਹਾੜੇ ਦੀ ਅਤੇ ਘੋੜੇ ਦੀਆਂ ਦੋ ਨਾਲਾਂ ਇਕੱਠੀਆਂ ਹੀ ਲੋਹੇ ਉਤੇ ਡਿੱਗਣ ਦੀਆਂ ਆਵਾਜਾਂ ਆਈਆਂ। ਹੁਣ ਲੈਨੀ ਨੂੰ ਪਹਿਲੀ ਵਾਰ ਬਾਹਰ ਦਾ ਖਿਆਲ ਆਇਆ। ਉਹ ਫੱਕ ਵਿਚ ਦੁਬਕ ਗਿਆ ਅਤੇ ਧਿਆਨ ਨਾਲ

ਸੁਣਨ ਲੱਗ ਪਿਆ। "ਮੈਂ ਸੱਚਮੁਚ ਹੀ ਭੈੜਾ ਕੰਮ ਕਰ ਦਿੱਤਾ ਹੈ"। ਉਹ ਬੁੜਬੜਾਇਆ। "ਮੈਨੂੰ ਇੰਜ ਨਹੀਂ ਕਰਨਾ ਚਾਹੀਦਾ ਸੀ । ਜਾਰਜ ਮੇਰੇ ਨਾਲ ਅਤਿਅੰਤ ਨਾਰਾਜ਼ ਹੋਵੇਗਾ । ਅਤੇ......ਉਸ ਨੇ... ਉਸ ਨੇ ਕਿਹਾ ਸੀ...... ਜਦ ਤਕ ਮੈਂ ਨਾ ਆਵਾਂ, ਝਾੜੀਆਂ ਵਿਚ ਛੁਪੇ ਰਹਿਣਾ । ਉਹ ਬੇਹੱਦ ਗੁੱਸੇ ਹੋਵੇਗਾ । ਜਦੋਂ ਤੱਕ ਉਹ ਨਾ ਆਏ, ਉਸ ਵੇਲੇ ਤੱਕ ਝਾੜੀਆਂ ਦੇ ਅੰਦਰ ਹੀ ਲੁਕੇ ਰਹਿਣਾ ਹੈ" । ਇਹੀ ਤਾਂ ਕਿਹਾ ਸੀ ਉਸ ਨੇ "ਲੈਨੀ ਨੇ ਵਾਪਸ ਜਾ ਕੇ ਫਿਰ ਮਰੀ ਹੋਈ ਕੁੜੀ ਨੂੰ ਵੇਖਿਆ । ਕਤੂਰਾ ਵੀ ਉਸ ਦੇ ਕੋਲ ਹੀ ਮਰਿਆ ਪਿਆ ਸੀ । ਲੈਨੀ ਨੇ ਕਤੂਰਾ ਚੁੱਕ ਲਿਆ। "ਇਸ ਨੂੰ ਮੈਂ ਸੁੱਟ ਦਿਆਂਗਾ" "ਉਸ ਨੇ ਕਿਹਾ, "ਇਹ ਗੱਲ ਵੀ ਕੋਈ ਘੱਟ ਭੈੜੀ ਨਹੀਂ ਹੈ । "ਉਸਨੇ ਕਤੂਰੇ ਨੂੰ ਆਪਣੇ ਕੋਟ ਦੇ ਹੇਠਾਂ ਲੁਕੋ ਲਿਆ ਅਤੇ ਉਹ ਚੁੱਪ ਚੁਪੀਤੇ ਢਾਰੇ ਦੀ ਕੰਧ ਦੇ ਕੋਲ ਸਰਕ ਗਿਆ ਅਤੇ ਉਸ ਨੇ ਝੀਤਾਂ ਵਿਚੋਂ ਦੀ ਬਾਹਰ ਵੱਲ ਝਾਕਿਆ । ਫਿਰ ਉਹ ਚੁੱਪ ਸਾਧੀ ਰੀਂਗਦਾ ਰੀਂਗਦਾ ਅਖੀਰਲੇ ਘੋੜੇ ਦੇ ਖੜੋਣ ਦੀ ਥਾਂ ਤੱਕ ਚਲਾ ਗਿਆ ਅਤੇ ਉਸ ਦੇ ਮਗਰ ਅਲੋਪ ਹੋ ਗਿਆ।

ਧੁੱਪ ਦੀਆਂ ਲਕੀਰਾਂ ਹੁਣ ਕੰਧ ਦੇ ਬਹੁਤ ਉਤੇ ਵੱਲ ਚਲੀਆਂ ਗਈਆਂ ਸਨ। ਢਾਰੇ ਦੇ ਅੰਦਰ ਚਾਨਣ, ਬਹੁਤ ਮੱਧਮ ਹੁੰਦਾ ਜਾ ਰਿਹਾ ਸੀ । ਕਰਲੀ ਦੀ ਵਹੁਟੀ ਪਿੱਠ ਪਾਸੇ ਪਈ ਹੋਈ ਸੀ ਅਤੇ ਉਸ ਦਾ ਲਗਭਗ ਅੱਧਾ ਸਰੀਰ ਪੀਲੀ ਪੀਲੀ ਫੱਕ ਨਾਲ ਕੱਜਿਆ ਹੋਇਆ ਸੀ ।

ਢਾਰੇ ਦੇ ਅੰਦਰ ਬਹੁਤ ਹੀ ਸ਼ਾਂਤੀ ਸੀ । ਤਿਰਕਾਲਾਂ ਵੇਲੇ ਦੀ ਚੁੱਪ-ਚਾਂ ਸਮੁੱਚੇ ਵਾੜੇ ਵਿਚ ਵੀ ਪੱਸਰ ਗਈ ਸੀ । ਜੂਏ ਦੀ ਖੇਡ ਵਿਚ ਮਸਤ ਹੋਏ ਲੋਕਾਂ ਦੀਆਂ ਆਵਾਜ਼ਾਂ ਅਤੇ ਹੱਲਾ-ਗੁੱਲਾ ਵੀ ਜਿਵੇਂ ਮੱਧਮ ਪੈਂਦਾ ਜਾ ਰਿਹਾ ਸੀ । ਬਾਹਰਵਾਰ ਦਿਨ ਦੇ ਡੁੱਬਣ ਤੋਂ ਪਹਿਲਾਂ ਹੀ ਢਾਰੇ ਦੇ ਵਿਚ ਕਾਫ਼ੀ ਹਨੇਰਾ ਹੋ ਗਿਆ ਸੀ । ਖੁਲ੍ਹੇ ਹੋਏ ਬੂਹੇ ਦੇ ਵਿਚੋਂ ਇਕ ਕਬੂਤਰ ਢਾਰੇ ਦੇ ਅੰਦਰ ਉਡ ਕੇ ਆ ਗਿਆ ਅਤੇ ਦੋ ਚਾਰ ਚੱਕਰ ਲਾ ਕੇ ਫਿਰ ਬਾਹਰ ਉੱਡ ਗਿਆ । ਘੋੜਿਆਂ ਦੇ ਖੜ੍ਹੇ ਹੋਣ ਦੀ ਅਖੀਰਲੀ ਥਾਂ ਵੱਲ ਇਕ ਮਰੀਅਲ ਜਿਹੀ ਲੰਮੀ ਗਡਰੀਆ ਕੁੱਤੀ ਆਪਣੇ ਭਾਰੇ ਭਾਰੇ ਥਣਾਂ ਨੂੰ ਪਾਸਿਆਂ ਵੱਲ ਝੁਲਾਉਂਦੀ ਆ ਗਈ। ਜਿਸ ਬਕਸੇ ਦੇ ਵਿਚ ਉਸ ਦੇ ਕਤਰੇ ਰੱਖੇ ਹੋਏ ਸਨ, ਉਸ ਤੋਂ ਪਰ੍ਹਾਂ ਹੀ ਉਸ ਨੇ ਕਰਲੀ ਦੀ ਮਰੀ ਪਈ ਵਹੁਟੀ ਦੀ ਗੰਧ ਸੁੰਘ ਲਈ ਅਤੇ ਉਸਦੀ ਰੀੜ੍ਹ ਦੀ ਹੱਡੀ ਉਤਲੇ ਵਾਲ ਖੜ੍ਹੇ ਹੋ ਗਏ।

ਉਸ ਨੇ ਦੋ ਚਾਰ ਵਾਰ ਕੈਂ ਕੈਂ ਕੀਤੀ । ਫਿਰ ਆਪਣੀ ਪੂਛਲ ਢਿੱਡ ਦੇ ਨਾਲ ਲਾ ਕੇ ਉਹ ਬਕਸੇ ਵੱਲ ਦੁਬਕ ਗਈ । ਫਿਰ ਇਕ ਦੰਮ ਕੁੱਦ ਕੇ ਆਪਣੇ ਕਤੂਰਿਆਂ ਵਿਚ ਜਾ ਬੈਠੀ।

ਕਰਲੀ ਦੀ ਵਹੁਟੀ ਫੱਕ ਨਾਲ ਅੱਧ-ਪਚੱਧੀ ਕੱਜੀ ਹੋਈ ਸੀ। ਉਸ ਦਾ ਹੋਛਾਪਣ, ਉਸ ਦੀ ਚੁਤਰਤਾ, ਬੇਸਬਰੀ ਅਤੇ ਆਪਣੇ ਵੱਲ ਲੋਕਾਂ ਦਾ ਧਿਆਨ ਖਿੱਚਣ ਦੀ ਚਾਹ-ਇਹ ਸਾਰੇ ਹੀ ਲੱਛਣ ਉਸ ਦੀ ਦੇਹ ਨੂੰ ਛੱਡ ਗਏ ਸਨ । ਉਹ ਹੁਣ ਬੜੀ ਸਿੱਧੀ ਅਤੇ ਸੁਹਣੀ ਸੁਹਣੀ ਲੱਗਦੀ ਪਈ ਸੀ, ਜਿਵੇਂ ਕਿ ਉਹ ਜੀਉਂਦੀ ਹੀ ਹੈ ਅਤੇ ਹਲਕੀ ਹਲਕੀ ਨੀਂਦਰ ਵਿਚ ਸੁੱਤੀ ਪਈ ਹੈ। ਉਸ ਦੀਆਂ ਨਿੱਕੀਆਂ ਨਿੱਕੀਆਂ ਘੁੰਗਰਾਲੀਆਂ ਲਿਟਾਂ ਸਿਰ ਦੇ ਪਿਛਾਂਹ ਵੱਲ ਘਾਹ ਵਿਚ ਖਿੱਲਰੀਆਂ ਪਈਆਂ ਸਨ ਅਤੇ ਉਸ ਦੇ ਬੁੱਲ੍ਹ ਵੀ ਰਤਾ ਕੁ ਖੁੱਲ੍ਹੇ ਹੋਏ ਸਨ।

ਅਤੇ ਕਦੇ ਕਦਾਈਂ ਇੰਜ ਵੀ ਮਹਿਸੂਸ ਹੁੰਦਾ ਹੈ ਕਿ ਜਿਵੇਂ ਸਮਾਂ ਥੋੜੀ ਦੇਰ ਲਈ ਅਟਕ ਗਿਆ ਹੋਵੇ। ਛਿਣ ਭਰ ਤੋਂ ਅਧਿਕ ਸਮੇਂ ਲਈ ਮੰਡਲਾਉਂਦਾ ਹੋਇਆ ਰੁਕਿਆ ਰਹੇ। ਇਸੇ ਤਰ੍ਹਾਂ ਹੀ ਛਿਣ ਭਰ ਤੋਂ ਕਿਧਰੇ ਵੱਧ ਸਮੇਂ ਲਈ ਆਵਾਜ਼ਾਂ ਰੁਕ ਗਈਆਂ ਅਤੇ ਗਤੀ ਸਥਿਰ ਹੋ ਗਈ।

ਫਿਰ ਹੌਲੀ ਹੌਲੀ ਜਿਵੇਂ ਸਮਾਂ ਜਾਗ ਪਿਆ ਹੋਵੇ ਅਤੇ ਅਧ-ਸੁੱਤਾ ਹੀ ਹੌਲੀ ਹੌਲੀ ਤੁਰਨ ਲੱਗ ਪਵੇ । ਆਪਣੀ ਆਪਣੀ ਥਾਂ ਤੇ ਖੜ੍ਹੀ ਘੋੜੇ ਫਿਰ ਪੈਰ ਪਟਕਣ ਲੱਗ ਪਏ ਅਤੇ ਸੰਗਲੀਆਂ ਦੀ ਛਣਕਾਰ ਸ਼ੁਰੂ ਹੋ ਗਈ । ਬਾਹਰ ਜੂਆ ਖੇਡਣ ਵਾਲਿਆਂ ਦੀਆਂ ਆਵਾਜ਼ਾਂ ਹੋਰ ਵੀ ਉਚੀਆਂ ਹੋ ਗਈਆਂ ਅਤੇ ਮੁੜ ਸਾਫ਼ ਸਾਫ਼ ਸੁਣਾਈ ਦੇਣ ਲੱਗ ਪਈਆਂ । ਘੋੜਿਆਂ ਦੇ ਖੜ੍ਹੇ ਹੋਣ ਦੀ ਅਖੀਰਲੀ ਥਾਂ ਦੀ ਨੁੱਕਰ ਤੋਂ ਕੈਂਡੀ ਦੀ ਆਵਾਜ ਸੁਣਾਈ ਦਿੱਤੀ।

"ਲੈਨੀ", ਉਸਨੇ ਮੁੜ ਆਵਾਜ ਮਾਰੀ, “ਓਏ ਲੈਨੀ, ਤੂੰ ਕਿੱਥੇ ਹੈ ? ਮੈਂ ਹੋਰ ਵੀ ਹਿਸਾਬ ਲਾ ਲਿਆ ਹੈ। ਅਤੇ ਮੈਂ ਤੈਨੂੰ ਦੱਸਣ ਲਈ ਆਇਆ ਹਾਂ ਕਿ ਅਸੀਂ ਕੀ ਕੁਝ ਕਰ ਸਕਦੇ ਹਾਂ"। ਬੁੱਢਾ ਕੈਂਡੀ ਅਖੀਰਲੇ ਅੱਡੇ ਦੇ ਕੋਲ ਵੇਖਣ ਲੱਗ ਪਿਆ “ਓਏ ਲੈਨੀ", ਉਸਨੇ ਫਿਰ ਬੁਲਾਇਆ। ਅਤੇ ਫਿਰ ਉਹ ਇਕ ਦੰਮ ਰੁਕ ਗਿਆ। ਉਸਦਾ ਸਰੀਰ ਤਣ ਜਿਹਾ ਗਿਆ । ਉਸਨੇ ਆਪਣੀ ਟੁੰਡੀ ਚੀਕਣੀ ਵੀਣੀ ਨੂੰ ਚਿੱਟੀ ਦਾੜੀ ਉਤੇ ਰਗੜਿਆਂ। “ਮੈਨੂੰ

ਪਤਾ ਨਹੀਂ ਸੀ ਕਿ ਤੁਸੀਂ ਇੱਥੇ ਹੋ", ਉਸਨੇ ਕਰਲੀ ਦੀ ਵਹੁਟੀ ਨੂੰ ਸੰਬੋਧਨ ਕਰਦਿਆਂ ਕਿਹਾ।

ਜਦੋਂ ਉਸ ਨੂੰ ਕੁਝ ਜਵਾਬ ਨਾ ਮਿਲਿਆ ਤਾਂ ਉਹ ਹੋਰ ਅੱਗੇ ਨੂੰ ਹੋ ਗਿਆ । "ਤੁਹਾਨੂੰ ਇਥੇ ਨਹੀਂ ਸੌਣਾ ਚਾਹੀਦਾ।" ਉਸ ਨੇ ਇਹ ਗੱਲ ਅਜਿਹੇ ਲਹਿਜੇ ਵਿੱਚ ਆਖੀ ਜਿਵੇਂ ਕਿ ਉਸ ਨੂੰ ਉਸ ਦੀ ਇਹ ਹਰਕਤ ਉੱਕਾ ਹੀ ਪਸੰਦ ਨਾ ਆਈ ਹੋਵੇ । ਫਿਰ ਉਹ ਉਸ ਦੇ ਬਿਲਕੁਲ ਕੋਲ ਹੋ ਗਿਆ..." ਉਹ, ਹੋ, ਵੇ ਮੇਰਿਆ ਰੱਬਾ " ਉਸ ਨੇ ਨਿਹਾਇਤ ਬੇਵਸੀ ਨਾਲ ਚਾਰੇ ਪਾਸੇ ਵੇਖਿਆ ਅਤੇ ਆਪਣੀ ਦਾੜ੍ਹੀ ਨੂੰ ਖੁਰਕਣ ਲੱਗ ਪਿਆ ਫਿਰ ਉਸ ਨੇ ਛਾਲ ਮਾਰੀ ਅਤੇ ਕਾਹਲੀ ਕਾਹਲੀ ਢਾਰੇ ਤੋਂ ਬਾਹਰ ਚਲਾ ਗਿਆ ।

ਪਰ ਹੁਣ ਤਾਂ ਸਮੁੱਚਾ ਢਾਰਾ ਹੀ ਸਜੀਵ ਹੋ ਉੱਠਿਆ ਸੀ । ਘੋੜੇ ਹਿਣਕਣ ਲੱਗ ਪਏ ਸਨ ਅਤੇ ਆਪਣੇ ਪੈਰ, ਜ਼ਮੀਨ ਉਤੇ ਪਟਕ ਰਹੇ ਸਨ । ਜ਼ਮੀਨ ਉਤੇ ਉਨ੍ਹਾਂ ਦੇ ਬੈਠਣ ਤੇ ਲੇਟਣ ਲਈ ਜਿਹੜਾ ਘਾਹ ਵਿਛਾਇਆ ਹੋਇਆ ਸੀ, ਘੋੜੇ ਉਸ ਨੂੰ ਚੱਬਣ ਲੱਗ ਪਏ ਸਨ ਅਤੇ ਆਪਣੀਆਂ ਸੰਗਲੀਆਂ ਨੂੰ ਵੀ ਖੜਕਾਉਣ ਲੱਗ ਪਏ ਸਨ । ਕੈਂਡੀ ਮੁੜ ਉਥੇ ਹੀ ਆ ਗਿਆ। ਜਾਰਜ ਵੀ ਉਸ ਦੇ ਨਾਲ ਹੀ ਸੀ ।

ਜਾਰਜ ਬੋਲਿਆ, "ਤੁਸੀਂ ਮੈਨੂੰ ਕਿਹੜੀ ਚੀਜ਼ ਵਿਖਾਉਣਾ ਚਾਹੁੰਦੇ ਹੋ ?"

ਕੈਂਡੀ ਨੇ ਕਰਲੀ ਦੀ ਵਹੁਟੀ ਵੱਲ ਇਸ਼ਾਰਾ ਕੀਤਾ । ਜਾਰਜ ਖਿਣ ਭਰ ਉਸ ਵੱਲ ਝਾਕਦਾ ਰਿਹਾ। "ਕੀ ਹੋਇਆ ਹੈ, ਇਸਨੂੰ ?" ਉਸ ਨੇ ਪੁੱਛਿਆ। ਉਹ ਕੁਝ ਹੋਰ ਨੇੜੇ ਹੋ ਗਿਆ, ਅਤੇ ਕੈਂਡੀ ਦੇ ਸ਼ਬਦ ਹੀ ਦੁਹਰਾਏ ।

ਉਹ ਕਰਲੀ ਦੀ ਵਹੁਟੀ ਦੇ ਨੇੜੇ ਆ ਕੇ ਉਸ ਨੂੰ ਚੰਗੀ ਤਰ੍ਹਾਂ ਵੇਖਣ ਲਈ ਉਸ ਉਤੇ ਝੁਕਿਆ, "ਉਹ, ਹੇ ਮੇਰੇ ਪਰਮਾਤਮਾ ।" ਉਸ ਨੇ ਆਪਣਾ ਹੱਥ ਉਸ ਦੀ ਛਾਤੀ ਉੱਤੇ ਰੱਖਿਆ । ਅੰਤ ਵਿੱਚ ਜਦੋਂ ਉਹ ਹੌਲੀ ਹੌਲੀ ਕਰਕੇ ਉਤਾਂਹ ਉਠਿਆ ਤਾਂ ਇੰਝ ਲੱਗਦਾ ਸੀ ਜਿਵੇਂ ਆਪ ਵੀ ਆਕੜ ਗਿਆ ਹੋਵੇ। ਉਸ ਦੇ ਚਿਹਰੇ ਤੋਂ ਸੁੱਕੀ ਲੱਕੜ ਵਰਗੀ ਕਰੜਾਈ ਅਤੇ ਤਣਾਉ ਵਰ੍ਹ ਰਿਹਾ ਸੀ। ਉਸ ਦੀਆਂ ਅੱਖਾਂ ਇੰਜ ਲੱਗਦੀਆਂ ਸਨ ਜਿਵੇਂ ਮੁਰਦੇ ਵਾਂਗ ਗੱਡੀਆਂ ਗਈਆਂ ਹੋਣ।

ਕੈਂਡੀ ਨੇ ਪੁੱਛਿਆ, "ਇਹ ਕਾਰਾ ਕਿਸ ਨੇ ਕੀਤਾ ਹੈ?"

ਜਾਰਜ ਨੇ ਕਰੜਾਈ ਨਾਲ ਉਸ ਵੱਲ ਵੇਖਿਆ, "ਤੁਹਾਨੂੰ ਕੁਝ ਪਤਾ ਨਹੀਂ ?" ਉਸ ਨੇ ਪੁੱਛਿਆ। ਕੈਂਡੀ ਮੋਨ ਖਲੋਤਾ ਰਿਹਾ। ਜਾਰਜ ਨੇ ਬਹੁਤ ਬੇਵੱਸ ਹੋ ਕੇ ਕਿਹਾ "ਸ਼ਇਦ ਮੈਂ ਅੰਦਾਜ਼ਾ ਲਾ ਸਕਦਾ ਹਾਂ, ਮੇਰੇ ਦਿਮਾਗ਼ ਵਿੱਚ ਕਿਧਰੇ ਨਾ ਕਿਧਰੇ ਇਹ ਗੱਲ ਪਹਿਲਾਂ ਹੀ ਰੜਕਦੀ ਸੀ, ਸ਼ਾਇਦ ਅਵੱਸ਼ ਰੜਕਦੀ ਸੀ ।"

ਕੈਂਡੀ ਫੁੱਟ ਪਿਆ। "ਜਾਰਜ, ਹੁਣ ਅਸੀਂ ਕੀ ਕਰੀਏ? ਅਸੀਂ ਹੁਣ ਕੀ ਕਰੀਏ ?"

ਜਾਰਜ ਨੇ ਕਾਫ਼ੀ ਦੇਰ ਮਗਰੋਂ ਉੱਤਰ ਦਿੱਤਾ। "ਮੈਂ ਸੋਚਦਾ ਹਾਂ... ਮੈਂ ...... ਸਾਨੂੰ ਦੱਸਣਾ ਹੀ ਪਵੇਗਾ......ਉਨ੍ਹਾਂ ਲੋਕਾਂ ਨੂੰ, ਸਾਨੂੰ ਇਹ ਵੀ ਕਰਨਾ ਪਵੇਗਾ ਕਿ ਅਸੀਂ ਉਸ ਨੂੰ ਫੜ ਕੇ ਬੰਦ ਕਰ ਦਈਏ। ਸਾਨੂੰ ਹਰ ਹੀਲੇ ਰੋਕ ਪਾਉਣੀ ਚਾਹੀਦੀ ਹੈ ਤਾਂ ਜੋ ਉਹ ਨੱਠ ਨਾ ਜਾਵੇ । ਉਹ ਹਰਾਮੀ ਤਾਂ ਭੁੱਖਾ ਹੀ ਮਰ ਜਾਏਗਾ । "ਫਿਰ ਉਸ ਨੇ ਆਪਣੇ ਆਪ ਨੂੰ ਕੁਝ ਤਸੱਲੀ ਦੇਣ ਲਈ ਕਿਹਾ, "ਸ਼ਾਇਦ ਉਹ ਲੋਕੀਂ ਵੀ ਉਸ ਨੂੰ ਕੇਵਲ ਕੈਦ ਹੀ ਕਰਨ, ਉਂਜ ਉਸ ਉਤੇ ਰਹਿਮ ਹੀ ਕਰਨ ।"

ਪਰ ਕੈਂਡੀ ਨੇ ਤੇਜੀ ਨਾਲ ਕਿਹਾ, "ਜੇਕਰ ਅਸੀਂ ਉਸ ਨੂੰ ਨੱਠ ਜਾਣ ਦਈਏ, ਤਾਂ ਚੰਗਾ ਹੈ। ਤੁਸੀਂ ਉਸ ਕਰਲੀ ਨੂੰ ਨਹੀਂ ਜਾਣਦੇ ਕਰਲੀ ਤਾਂ ਉਸ ਦੀ ਜਾਨ ਲੈਣਾ ਚਾਹੇਗਾ । ਉਹ ਅਦਾਲਤ ਵਿਚ ਕੇਸ ਲਿਜਾਣ ਦੀ ਖੇਚਲ ਨਹੀਂ ਕਰਨਗੇ। ਉਹ ਤਾਂ ਉਸ ਨੂੰ ਫੜ ਕੇ ਕੁੱਟ ਕੁੱਟ ਕੇ ਹੀ ਮਾਰ ਛੱਡਣਗੇ। ਜਿਵੇਂ ਕਿ ਲੋਕੀਂ ਪਾਗਲ ਕੁੱਤੇ ਨੂੰ ਮਾਰ ਦਿੰਦੇ ਹਨ । ਇਹ ਵੀ ਹੋ ਸਕਦਾ ਹੈ ਕਿ ਗੋਲੀ ਨਾਲ ਹੀ ਉਸ ਦਾ ਮਗਜ਼ ਉਡਾ ਦੇਣ ।"

ਜਾਰਜ ਕੈਂਡੀ ਦੇ ਹਿੱਲਦੇ ਬੁੱਲ੍ਹਾਂ ਵੱਲ ਵੇਖ ਰਿਹਾ ਸੀ। ਉਸ ਨੇ ਆਖਿਰ ਉਸ ਦੀ ਹਾਮੀ ਭਰੀ, "ਹਾਂ, ਤੁਸੀਂ ਠੀਕ ਹੀ ਕਹਿੰਦੇ ਹੋ । ਕਰਲੀ ਉਸ ਨੂੰ ਅਵੱਸ਼ ਹੀ ਮਰਵਾ ਦੇਵੇਗਾ ਅਤੇ ਹੋਰ ਲੋਕੀਂ ਵੀ ਇੰਜ ਹੀ ਚਾਹੁਣਗੇ । ਫਿਰ ਉਸ ਨੇ ਘੁੰਮ ਕੇ ਕਰਲੀ ਦੀ ਵਹੁਟੀ ਵੱਲ ਵੇਖਿਆ ।

ਹੁਣ ਕੈਂਡੀ ਨੇ ਆਪਣੇ ਮਨ ਦੀ ਅਸਲੀ ਘੁੰਡੀ ਖੋਲ੍ਹੀ । ਉਸਨੂੰ ਤਾਂ ਅਸਲੀ ਗਮ ਇਹੀ ਲੱਗਾ ਹੋਇਆ ਸੀ । "ਜਾਰਜ, ਮੈਂ ਅਤੇ ਤੁਸੀਂ ਮਿਲ ਕੇ ਉਹ ਜ਼ਮੀਨ ਖਰੀਦ ਸਕਦੇ

ਹਾਂ ਨਾ ? ਤੁਸੀਂ ਅਤੇ ਮੈਂ ਜਾ ਕੇ ਉਥੇ ਰਹਿ ਸਕਦੇ ਹਾਂ। ਐਨ ਆਰਾਮ ਨਾਲ ਰਹਿ ਸਕਦੇ ਹਾਂ। ਜਾਰਜ, ਰਹਿ ਸਕਦੇ ਹਾਂ ਕਿ ਨਹੀਂ ?"

ਕੈਂਡੀ ਨੇ ਜਾਰਜ ਦਾ ਜਵਾਬ ਸੁਣਨ ਤੋਂ ਪਹਿਲਾਂ ਹੀ ਆਪਣਾ ਸਿਰ ਝੁਕਾ ਲਿਆ ਅਤੇ ਹੇਠਾਂ ਫੱਕ ਵੱਲ ਵੇਖਣ ਲੱਗ ਪਿਆ।

ਜਾਰਜ ਨੇ ਹੌਲੀ ਹੌਲੀ ਕਿਹਾ, "ਮੈਂ ਸ਼ੁਰੂ ਤੋਂ ਹੀ ਇਹ ਜਾਣਦਾ ਸਾਂ । ਪਹਿਲਾਂ ਤੋਂ ਹੀ ਮੇਰੇ ਮਨ ਅੰਦਰ ਇਹ ਗੱਲ ਖਣਕ ਰਹੀ ਸੀ । ਮੇਰਾ ਡਰ ਸੀ ਕਿ ਸਾਡਾ ਸੁਪਨਾ ਕਦੀ ਵੀ ਪੂਰਾ ਨਹੀਂ ਹੋ ਸਕੇਗਾ । ਅਸੀਂ ਕਦੀ ਵੀ ਜ਼ਮੀਨ ਨਹੀਂ ਲੈ ਸਕਾਂਗੇ । ਲੈਨੀ ਨੂੰ ਇਸ ਸਬੰਧ ਵਿਚ ਗੱਲਾਂ ਕਰਨੀਆਂ ਇੰਨੀਆਂ ਚੰਗੀਆਂ ਲੱਗਦੀਆਂ ਸਨ ਕਿ ਮੈਂ ਸੋਚਣ ਲੱਗ ਜਾਂਦਾ ਸਾਂ- ਹੋ ਸਕਦਾ ਹੈ, ਸ਼ਾਇਦ ਰੱਬ ਸਾਡੀ ਮੁਰਾਦ ਪੂਰੀ ਕਰ ਹੀ ਦੇਵੇ ।"

ਕੈਂਡੀ ਨੇ ਬੌਂਦਲ ਕੇ ਪੁੱਛਿਆ, “ਤਾਂ ਫਿਰ .....ਕੀ ਹੁਣ ਉਹ ਸਭ ਕੁਝ ਖਤਮ ਹੋ ਗਿਆ ਹੈ ?”

ਜਾਰਜ ਨੇ ਉਸ ਦੇ ਸਵਾਲ ਦਾ ਕੋਈ ਜਵਾਬ ਨਾ ਦਿੱਤਾ । "ਮੈਂ ਮਹੀਨਾ ਭਰ ਕੰਮ ਕਰਾਂਗਾ । ਤਦ ਜਾ ਕੇ ਮੈਨੂੰ ਪੰਜਾਹ ਡਾਲਰ ਮਿਲਣਗੇ । ਮੈਂ ਸਾਰੀ ਰਾਤ ਕਿਸੀ ਚੁੜੇਲ ਦੇ ਨਾਲ ਪਿਆ ਰਹਾਂਗਾ ਜਾਂ ਕਿਸੇ ਜੂਆ ਘਰ ਵਿਚ ਜਾ ਕੇ ਉਸ ਵੇਲੇ ਤੱਕ ਉਥੇ ਬੈਠਾ ਰਹਾਂਗਾ ਜਦੋਂ ਤੱਕ ਅਖੀਰਲਾ ਖਿਡਾਰੀ ਵੀ ਉਥੋਂ ਤੁਰ ਨਹੀਂ ਜਾਂਦਾ। ਇੰਜ ਉਹ ਸਾਰੀ ਕਮਾਈ ਬਰਬਾਦ ਕਰ ਦਿਆਂਗਾ । ਫਿਰ ਮਹੀਨਾ ਭਰ ਹੱਡ ਤੋੜਦਾ ਰਹਾਂਗਾ। ਅਤੇ ਫਿਰ ਮੈਨੂੰ ਪੰਜਾਹ ਡਾਲਰ ਮਿਲਣਗੇ ...... ਅਤੇ ਇਹ ਚੱਕਰ ਇਸੇ ਤਰ੍ਹਾਂ ਹੀ ਚੱਲਦਾ ਰਹੇਗਾ । “ਉਸ ਨੇ ਹੌਲੀ ਹੌਲੀ ਆਪਣੇ ਆਪ ਨਾਲ ਹੀ ਇਹ ਗੱਲਾਂ ਕੀਤੀਆਂ।

ਕੈਂਡੀ ਬੋਲ ਪਿਆ, “ਉਹ ਤਾਂ ਇਤਨਾਂ ਚੰਗਾ ਬੰਦਾ ਸੀ, ਮੇਰੇ ਖਿਆਲ ਵਿਚ ਉਸ ਨੇ ਇਹ ਕੰਮ ਨਹੀਂ ਕੀਤਾ ਹੋਵੇਗਾ। ”

ਜਾਰਜ ਹੁਣ ਵੀ ਕਰਲੀ ਦੀ ਵਹੁਟੀ ਵੱਲ ਇਕੋ ਟਿਕ ਲਾਈ ਵੇਖੀ ਜਾ ਰਿਹਾ ਸੀ। ਉਹ ਬੋਲਿਆ, "ਲੈਨੀ ਨੇ ਕਦੀ ਵੀ ਇਹ ਕਾਰਾ ਜਾਣ-ਬੁੱਝ ਕੇ ਨਹੀਂ ਕੀਤਾ ਹੋਵੇਗਾ । ਉਹ ਭੈੜੇ ਕੰਮ ਤਾਂ ਸ਼ੁਰੂ ਤੋਂ ਹੀ ਕਰਦਾ ਆ ਰਿਹਾ ਹੈ ਪਰ ਉਸ ਨੇ ਕਦੀ ਵੀ ਜਾਣ- ਬੁੱਝ ਕੇ ਜਾਂ ਆਪਣੇ ਸੁਆਰਥ ਲਈ ਕੋਈ ਬੁਰਾ ਕੰਮ ਨਹੀਂ ਕੀਤਾ । “ਉਹ ਸਿੱਧਾ ਖੜ੍ਹਾ ਹੋ ਗਿਆ ਅਤੇ

ਕੈਂਡੀ ਵੱਲ ਵੇਖਣ ਲੱਗ ਪਿਆ । "ਚੰਗਾ, ਹੁਣ ਮੇਰੀ ਗੱਲ ਸੁਣੋ। ਸਾਨੂੰ ਚਾਹੀਦਾ ਹੈ ਕਿ ਅਸੀਂ ਹੋਰਨਾਂ ਨੂੰ ਇਸ ਬਾਰੇ ਦੱਸ ਦਈਏ । ਸ਼ਾਇਦ ਉਹ ਉਸ ਨੂੰ ਫੜ ਕੇ ਲੈ ਆਉਣ। ਇੰਜ ਤਾਂ ਉਹ ਹਰਾਮੀ ਭੁੱਖਾ ਹੀ ਮਰ ਜਾਵੇਗਾ। ਹੋਰ ਦੂਜਾ ਕੋਈ ਰਾਹ ਨਹੀਂ ਹੈ । ਇਹ ਵੀ ਹੋ ਸਕਦਾ ਹੈ ਕਿ ਉਹ ਉਸ ਨੂੰ ਨਾ ਮਾਰਨ, ਉਸ ਨੂੰ ਕੋਈ ਵਿਸ਼ੇਸ਼ ਸਰੀਰਕ ਕਸ਼ਟ ਨਾ ਦੇਣ।" ਫਿਰ ਉਸ ਨੇ ਰਤਾ ਕੁ ਦਵੰਗ ਹੋ ਕੇ ਕਿਹਾ, “ਮੈਂ ਉਨ੍ਹਾਂ ਨੂੰ ਲੈਨੀ ਨੂੰ ਮਾਰਨ ਨਹੀਂ ਦਿਆਂਗਾ । ਮੇਰੀ ਗੱਲ ਸੁਣੋ । ਲੋਕੀਂ ਇਹ ਵੀ ਤਾਂ ਸੋਚ ਸਕਦੇ ਹਨ ਕਿ ਮੈਂ ਵੀ ਇਸ ਵਿਚ ਸ਼ਰੀਕ ਸਾਂ । ਮੈਂ ਉਸ ਪਾਸੇ ਵੱਡੇ ਲੰਮੇ ਕਮਰੇ ਵਿਚ ਜਾ ਰਿਹਾ ਹਾਂ । ਇਕ ਮਿੰਟ ਮਗਰੋਂ ਤੁਸੀਂ ਬਾਹਰ ਆ ਕੇ ਲੋਕਾਂ ਨੂੰ ਦੱਸ ਦੇਣਾ ਅਤੇ ਤੁਹਾਡੀਆਂ ਗੱਲਾਂ ਸੁਣ ਕੇ, ਮੈਂ ਵੀ ਆ ਜਾਵਾਂਗਾ, ਜਿਵੇਂ ਕਿ ਮੈਂ ਪਹਿਲਾਂ ਕੁਝ ਵੇਖਿਆ ਹੀ ਨਾ ਹੋਵੇ । ਬੋਲੋ, ਇਹ ਕੰਮ ਕਰ ਦਿਉਗੇ ਨਾ ? ਇੰਜ ਕਰਨਾ ਕਿ ਲੋਕੀਂ ਇਹ ਨਾ ਸੋਚਣ ਕਿ ਮੇਰਾ ਵੀ ਇਸ ਵਿਚ ਹੱਥ ਸੀ।

ਕੈਂਡੀ ਨੇ ਉਤੱਰ ਦਿੱਤਾ, “ਆਹੋ, ਜਾਰਜ ਮੈਂ ਇਸੇ ਤਰ੍ਹਾਂ ਹੀ ਕਰਾਂਗਾ ।"

"ਤਾਂ ਠੀਕ ਹੈ । ਮੈਨੂੰ ਸਿਰਫ ਦੋ ਮਿੰਟ ਦੇ ਦੇਵੋ ਅਤੇ ਫਿਰ ਤੁਸੀਂ ਦੌੜਦੇ ਹੋਏ ਬਾਹਰ ਆ ਜਾਣਾ ਅਤੇ ਲੋਕਾਂ ਨੂੰ ਦੱਸ ਦੇਣਾ । ਇਉਂ ਜਾਪੇ ਕਿ ਤੁਹਾਨੂੰ ਹੁਣੇ ਹੁਣੇ ਹੀ ਪਤਾ ਲੱਗਿਆ ਹੈ । ਮੈਂ ਹੁਣ ਜਾ ਰਿਹਾ ਹਾਂ । "ਜਾਰਜ ਮੁੜ ਪਿਆ ਅਤੇ ਬਾਹਰ ਚਲਾ ਗਿਆ ।

ਬੁੱਢਾ ਕੈਂਡੀ ਉਸ ਨੂੰ ਜਾਂਦੇ ਹੋਏ ਨੂੰ ਵੇਖਦਾ ਰਿਹਾ। ਫਿਰ ਉਸ ਨੇ ਮੁੜ ਕੇ ਇਕ ਬਹੁਤ ਹੀ ਹਮਦਰਦੀ ਭਰੀ ਅਤੇ ਬੇਵਸੀ ਵਾਲੀ ਨਜ਼ਰ ਕਰਲੀ ਦੀ ਵਹੁਟੀ ਉਤੇ ਮਾਰੀ ਅਤੇ ਹੌਲੀ ਹੌਲੀ ਉਸ ਦਾ ਦੁੱਖ ਅਤੇ ਗੁੱਸਾ ਸ਼ਬਦਾਂ ਦਾ ਰੂਪ ਧਾਰਨ ਕਰ ਗਿਆ । "ਆਵਾਰਾ ਕਿਧਰੋਂ ਦੀ, “ਉਸ ਨੇ ਬੜੇ ਤਿੱਖੇ ਲਹਿਜੇ ਵਿਚ ਕਿਹਾ। “ਤੂੰ ਆਪ ਹੀ ਇਹ ਸਭ ਕੁਝ ਕੀਤਾ ਹੈ। ਸਾਰਾ ਕਸੂਰ, ਤੇਰਾ ਆਪਣਾ ਹੀ ਹੈ । ਸ਼ਾਇਦ ਤੂੰ ਹੁਣ ਖੁਸ਼ ਹੈਂ । ਸਾਰੇ ਲੋਕੀਂ ਇਹ ਸੋਚਦੇ ਸਨ ਕਿ ਤੂੰ ਅਵੱਸ਼ ਕੋਈ ਪੰਗਾ ਪਾ ਦੇਵੇਂਗੀ । ਤੂੰ ਤਾਂ ਕਿਸੇ ਕੰਮ ਦੀ ਵੀ ਨਹੀਂ ਸੈਂ । ਹੁਣ ਵੀ ਤੂੰ ਕਿਸੇ ਕੰਮ ਦੀ ਨਹੀਂ ਹੈਂ । ਬਦਮਾਸ਼ ਛਿੱਟ ਕਿਸੇ ਥਾਂ ਦੀ।” ਉਹ ਰੋਣਹਾਕਾ ਹੋ ਗਿਆ ਅਤੇ ਉਸ ਦੀ ਆਵਾਜ਼ ਕੰਬਣ ਲੱਗ ਪਈ, “ਮੈਂ ਬਗੀਚੇ ਦੇ ਵਿਚ ਮਿੱਟੀ ਗੁੱਡਿਆ ਕਰਦਾ ਅਤੇ ਉਨ੍ਹਾਂ ਲੋਕਾਂ ਦੇ ਭਾਂਡੇ ਧੋ-ਮਾਂਜ ਦਿੰਦਾ ।" ਉਹ ਰਤਾ ਕ ਠਠੰਬਰਿਆ ਅਤੇ ਫਿਰ ਜਿਵੇਂ ਇੱਕੋ ਸਾਹੇ ਕਹਿੰਦਾ ਗਿਆ ਅਤੇ ਉਸ ਨੇ ਉਹ ਸਾਰੇ ਪੁਰਾਣੇ ਸ਼ਬਦ ਦੁਹਰਾ

ਦਿੱਤੇ, “ਜੇਕਰ ਕਦੇ ਕੋਈ ਸਰਕਸ ਜਾਂ ਹੋਰ ਕੋਈ ਖੇਡ ਆਦਿ ਆਉਂਦੀ..... ਅਸੀਂ ਲੋਕ ਉਥੇ ਜਾਂਦੇ ..... ਬੱਸ ਇੰਤਨਾ ਹੀ ਕਹਿੰਦੇ-ਕੰਮ ਜਾਵੇ ਅੱਜ ਬਾੜ੍ਹ ਵਿਚ ਅਤੇ ਚਲੇ ਜਾਂਦੇ। ਕਿਸੇ ਕੋਲੋਂ ਆਗਿਆ ਮੰਗਣ ਦੀ ਲੋੜ ਨਾ ਪੈਂਦੀ ।

ਸਾਡੇ ਕੋਲ ਸੂਰ ਹੁੰਦੇ, ਕੁਕੜੀਆਂ ਦੇ ਚੂਚੇ ਹੁੰਦੇ ਅਤੇ ਸਰਦੀ ਦੀ ਰੁੱਤ ਵਿਚ .... ਨਿੱਕਾ ਸਿਹਾ ਚੁੱਲ੍ਹਾ...... ਜਿਸ ਵਿਚ ਅਸੀਂ ਅੱਗ ਬਾਲੀ ਰੱਖਦੇ। ਮੀਂਹ ਵਰਦਾ.... ਅਸੀਂ ਚੁੱਲ੍ਹੇ ਕੋਲ ਬੈਠ ਕੇ ਅੱਗ ਸੇਕਦੇ ਰਹਿੰਦੇ। “ਉਸ ਦੀਆਂ ਅੱਖਾਂ ਅੱਥਰੂਆਂ ਨਾਲ ਭਰ ਗਈਆਂ ਅਤੇ ਉਹ ਮੁੜ ਕੇ ਲੜਖੜਾਉਂਦਾ ਹੋਇਆ ਢਾਰੇ ਤੋਂ ਬਾਹਰ ਚਲਾ ਗਿਆ । ਉਸ ਨੇ ਆਪਣੇ ਟੁੰਡੇ ਹੱਥ ਨਾਲ ਆਪਣੀ ਦਾੜ੍ਹੀ ਨੂੰ ਖੁਰਕਿਆ।

ਬਾਹਰ ਇਕ ਦੰਮ ਖੇਡਣ ਵਾਲਿਆਂ ਦਾ ਸ਼ੋਰ ਰੁਕ ਗਿਆ। ਇਕੋ ਸਾਹ ਹੀ ਭਾਂਤ ਭਾਂਤ ਦੇ ਸਵਾਲ ਪੁੱਛਦੇ ਸੰਘਾਂ ਵਿਚੋਂ ਨਿਕਲਦੇ ਉਚੇ ਸਵੱਰ ਅਤੇ ਦੌੜਦੇ ਹੋਏ ਪੈਰਾਂ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਅਤੇ ਸਾਰੇ ਆਦਮੀ ਢਾਰੇ ਦੇ ਅੰਦਰ ਵੜ ਆਏ ਕਾਰਲਸਨ ਤੇ ਸਲਿਮ, ਜਵਾਨ ਉਮਰ ਦਾ ਵ੍ਹਿਟ ਅਤੇ ਕਰਲੀ । ਕਰੁਕਸ ਮਗਰ ਮਗਰ ਆ ਰਿਹਾ ਸੀ ਤਾਂ ਜੋ ਕਿਸੇ ਦਾ ਧਿਆਨ ਉਸ ਵੱਲ ਨਾ ਜਾਏ। ਉਸ ਦੇ ਮਗਰ ਕੈਂਡੀ ਆਉਂਦਾ ਪਿਆ ਸੀ ਅਤੇ ਸਾਇਆਂ ਤੋਂ ਮਗਰੋਂ ਜਾਰਜ ਆਇਆ। ਉਸ ਨੇ ਆਪਣਾ ਨੀਲਾ ਕੋਟ ਪਾਇਆ ਹੋਇਆ ਸੀ। ਕੋਟ ਦੇ ਸਾਰੇ ਬਟਨ ਬੰਦ ਸਨ। ਉਸ ਦੇ ਕਾਲੇ ਟੋਪ ਦਾ ਅਗਲਾ ਹਿੱਸਾ ਉਸ ਦੀਆਂ ਅੱਖਾਂ ਤੱਕ ਹੇਠਾਂ ਨੂੰ ਝੁਕਿਆ ਹੋਇਆ ਸੀ । ਘੋੜਿਆਂ ਦੇ ਖੜ੍ਹੇ ਹੋਣ ਦੀ ਅਖੀਰਲੀ ਥਾਂ ਦੇ ਲਾਗਿਓ ਲੋਕੀਂ ਦੌੜਦੇ ਹੋਏ ਆਏ । ਘੁਸਮੁਸੇ ਜਿਹੇ ਵਿਚ ਹੀ ਉਨ੍ਹਾਂ ਦੀਆਂ ਅੱਖਾਂ ਨੇ ਕਰਲੀ ਦੀ ਵਹੁਟੀ ਨੂੰ ਪਛਾਣ ਲਿਆ। ਉਹ ਰੁਕ ਗਏ ਅਤੇ ਨਿਰਜਿੰਦ ਜਿਹੇ ਖੜ੍ਹੇ ਉਸ ਵੱਲ ਵੇਖਦੇ ਹੀ ਰਹਿ ਗਏ ।

ਫਿਰ ਸਲਿਮ ਮੋਨ ਰੂਪ ਵਿਚ ਹੀ ਅੱਗੇ ਨੂੰ ਵਧਿਆ। ਉਸ ਨੇ ਝੁਕ ਕੇ ਉਸ ਦੀ ਵੀਣੀ ਹੱਥ ਵਿਚ ਫੜ ਕੇ ਨਬਜ਼ ਟੋਹਣ ਦੀ ਕੋਸ਼ਿਸ਼ ਕੀਤੀ । ਉਸ ਨੇ ਆਪਣੀ ਪਤਲੀ ਜਿਹੀ ਉਂਗਲ ਨਾਲ ਉਸ ਦੀ ਗੱਲ੍ਹ ਨੂੰ ਛੁਹਿਆ । ਉਸ ਨੇ ਆਪਣਾ ਹੱਥ ਕੁੜੀ ਦੀ ਰਤਾ ਕੁ ਮੁੜੀ ਹੋਈ ਗਰਦਨ ਦੇ ਥੱਲੇ ਪਾਇਆ ਅਤੇ ਉਥੇ ਕੁਝ ਟੋਹਣ ਲੱਗ ਪਿਆ। ਜਦੋਂ ਉਹ

ਉਪਰ ਉਠਿਆ ਤਾਂ ਲੋਕਾਂ ਨੇ ਉਸ ਦੇ ਦੁਆਲੇ ਝੁੰਮਰ ਪਾ ਲਿਆ ਅਤੇ ਫਿਰ ਸਾਰਾ ਜਾਦੂ ਟੁੱਟ ਗਿਆ ਲੱਗਾ ।

ਕਰਲੀ ਅਚਾਣਚੱਕ ਭੌਂਤਰਿਆ ਜਿਵੇਂ ਉਹ ਮੁੜ ਜੀਵਿਤ ਹੋ ਗਿਆ ਹੋਵੇ, "ਮੈਂ ਜਾਣਦਾ ਹਾਂ, ਇਹ ਕਾਰਾ ਕਿਸ ਨੇ ਕੀਤਾ ਹੈ ।" ਉਸ ਨੇ ਚੀਕ ਕੇ ਕਿਹਾ, "ਉਸੇ ਜਿੰਨ ਵਰਗੇ ਸੂਰ ਦੇ ਪੁੱਤ ਨੇ ਇਹ ਸਭ ਕੁਝ ਕੀਤਾ ਹੈ। ਮੈਨੂੰ ਯਕੀਨ ਹੈ, ਉਸੇ ਨੇ ਹੀ ਕੀਤਾ ਹੈ। ਵੇਖੋ ਖਾਂ, ਹੋਰ ਸਾਰੇ ਲੋਕੀਂ ਉਥੇ ਖੇਡ ਰਹੇ ਸਨ । "ਉਹ ਗੁੱਸੇ ਨਾਲ ਪਾਗਲ ਹੋ ਗਿਆ," ਮੈਂ ਹੁਣੇ ਹੀ ਉਸ ਨੂੰ ਫੜਦਾ ਹਾਂ । ਆਪਣੀ ਬੰਦੂਕ ਚੁੱਕ ਲਿਆਵਾਂ । ਉਸ ਹਰਾਮਜ਼ਾਦੇ ਨੂੰ ਮੈਂ ਆਪਣੇ ਹੱਥ ਨਾਲ ਗੋਲੀ ਮਾਰਾਂਗਾ। ਗੋਲੀ ਉਸ ਦੇ ਢਿੱਡ ਵਿਚ ਮਾਰਾਂਗਾ। ਆਓ, ਤੁਸੀਂ ਸਾਰੇ, । "ਉਹ ਅਤਿਅੰਤ ਬੌਂਦਲਿਆ ਹੋਇਆ ਢਾਰੇ ਤੋਂ ਬਾਹਰ ਭੱਜਿਆ । ਕਾਰਲਸਨ ਨੇ ਕਿਹਾ, " ਮੈਂ ਵੀ ਆਪਣੀ ਬੰਦੂਕ ਲੈ ਆਵਾਂ" ਇਹ ਕਹਿਕੇ ਉਹ ਵੀ ਉਸ ਦੇ ਮਗਰ ਮਗਰ ਭੱਜ ਗਿਆ।

ਸਲਿਮ ਮੰਨ ਰੂਪ ਵਿਚ ਜਾਰਜ ਵੱਲ ਮੁੜਿਆ, "ਮੇਰੇ ਵਿਚਾਰ ਵਿਚ ਇਹ ਕਾਰਾ ਲੈਨੀ ਨੇ ਹੀ ਕੀਤਾ ਹੈ। "ਉਸ ਨੇ ਕਿਹਾ" ।

"ਉਸ ਦੀ ਗਰਦਨ ਟੁੱਟ ਗਈ ਹੈ । ਲੈਨੀ ਹੀ ਇੰਨਾ ਕੁਝ ਕਰ ਸਕਦਾ ਹੈ ।" ਉਹ ਫਿਰ ਬੋਲਿਆ।

ਜਾਰਜ ਨੇ ਕੋਈ ਜਵਾਬ ਨਾ ਦਿੱਤਾ, ਕੇਵਲ ਆਪਣਾ ਸਿਰ ਹੀ ਹਿਲਾ ਦਿੱਤਾ। ਉਸ ਦਾ ਟੋਪ ਉਸ ਦੇ ਮੱਥੇ ਉਤੇ ਇੰਨਾ ਥੱਲੇ ਨੂੰ ਖਿਸਕਿਆ ਹੋਇਆ ਸੀ । ਕਿ ਇਹ ਜਾਣਨਾ ਸੰਭਵ ਨਹੀਂ ਸੀ ਕਿ ਉਸ ਦੀਆ ਅੱਖਾਂ ਵਿਚ ਕੀ ਹੈ।

ਸਲਿਮ ਬੋਲ ਰਿਹਾ ਸੀ, "ਸ਼ਾਇਦ ਉਸੇ ਤਰ੍ਹਾਂ ਹੀ ਹੋਇਆ ਹੋਵੇ, ਜਿਸ ਤਰ੍ਹਾਂ ਦੀ ਗੱਲ ਤੁਸੀਂ ਕਦੇ ਵੀਡ ਵਿਚ ਵਾਪਰੀ ਦੱਸਦੇ ਸੀ ।

ਜਾਰਜ ਨੇ ਫਿਰ ਸਿਰ ਹਿਲਾਇਆ।

ਸਲਿਮ ਨੇ ਠੰਡਾ ਸਾਹ ਲਿਆ। "ਮੇਰੇ ਖਿਆਲ ਵਿਚ ਉਸ ਨੂੰ ਫੜਨਾ ਹੀ ਪਵੇਗਾ, ਤੁਹਾਡਾ ਕੀ ਵਿਚਾਰ ਹੈ ਕਿ ਉਹ ਕਿੱਥੇ ਗਿਆ ਹੋਵੇਗਾ।"

ਇੰਜ ਮਹਿਸੂਸ ਹੋਇਆ ਜਿਵੇਂ ਜਾਰਜ ਨੂੰ ਇਸ ਸਵਾਲ ਦਾ ਜਵਾਬ ਦੇਣ ਵਿਚ ਲੋੜ ਤੋਂ ਵੱਧ ਦੇਰ ਲੱਗੀ ਹੋਵੇ । "ਉਹ, ਹੋ ਸਕਦਾ ਹੈ ਦੱਖਣ ਵਾਲੇ ਪਾਸੇ ਗਿਆ ਹੋਵੇ "ਉਸ ਨੇ ਕਿਹਾ, "ਅਸੀਂ ਉਤੱਰ ਵਲੋਂ ਆਏ ਸਾਂ, ਇਸ ਲਈ ਉਹ ਦੱਖਣ ਵੱਲ ਹੀ ਗਿਆ ਹੋਵੇਗਾ।"

ਸਲਿਮ ਨੇ ਆਪਣੀ ਗੱਲ ਦੁਬਾਰਾ ਕਹੀ, "ਮੇਰੇ ਖਿਆਲ ਵਿਚ ਉਸ ਨੂੰ ਫੜਨਾ ਹੀ ਪਵੇਗਾ।"

ਜਾਰਜ ਇਕ ਕਦਮ ਅੱਗੇ ਵੱਧ ਆਇਆ। "ਕੀ ਇਹ ਨਹੀਂ ਹੋ ਸਕਦਾ ਕਿ ਅਸੀਂ ਉਸ ਨੂੰ ਲਿਆ ਕੇ ਅੰਦਰ ਤਾੜ ਦੇਈਏ? ਉਹ ਪਾਗਲ ਹੈ ਸਲਿਮ, ਉਸ ਨੇ ਜਾਣ ਬੁੱਝ ਕੇ ਇਹ ਸਭ ਕੁਝ ਨਹੀਂ ਕੀਤਾ ਹੋਵੇਗਾ ।"

ਸਲਿਮ ਨੇ ਹਾਮੀ ਭਰੀ । " ਇੰਜ ਕੀਤਾ ਜਾਣਾ ਤਾਂ ਸੰਭਵ ਹੈ। "ਉਸ ਨੇ ਕਿਹਾ ।" ਜੇਕਰ ਅਸੀਂ ਕਰਲੀ ਨੂੰ ਕਾਬੂ ਵਿਚ ਰੱਖ ਸਕੀਏ, ਤਾਂ ਹੀ ਇੰਜ ਹੋ ਸਕਦਾ ਹੈ। ਪਰ ਕਰਲੀ ਤਾਂ ਉਸ ਨੂੰ ਗੋਲੀ ਮਾਰ ਦੇਣੀ ਚਾਹੁੰਦਾ ਹੈ । ਕਰਲੀ ਨੂੰ ਆਪਣੇ ਹੱਥ ਦੇ ਟੁੱਟਣ ਦਾ ਜੋ ਗੁੱਸਾ ਹੈ। ਉਹ ਅਵੱਸ਼ ਲੈਨੀ ਤੋਂ ਬਦਲਾ ਲੈਣਾ ਚਾਹੇਗਾ। ਮੰਨ ਲਵੋ ਕਿ ਉਹ ਉਸ ਨੂੰ ਫੜ ਲਿਆਉਂਦਾ ਹੈ ਅਤੇ ਉਸ ਦੇ ਹੱਥ ਪੈਰ ਬੰਨ੍ਹਕੇ ਉਸ ਨੂੰ ਕੁੱਟਦਾ ਮਾਰਦਾ ਹੈ ਅਤੇ ਸੀਖਾਂ ਵਾਲੇ ਕੋਠੜੇ ਵਿਚ ਬੰਦ ਕਰ ਦਿੰਦਾ ਹੈ, ਇਸ ਤੋਂ ਵੀ ਤਾਂ, ਜਾਰਜ, ਕੋਈ ਲਾਭ ਨਹੀਂ ਹੋਵੇਗਾ।"

"ਜਾਣਦਾ ਏ" ਜਾਰਜ, ਜਾਣਦਾ ਏ ?"

ਕਾਰਲਸਨ ਦੌੜਦਾ ਹੋਇਆ ਆਇਆ। ਉਸ ਨੇ ਚੀਕ ਕੇ ਆਖਿਆ, "ਹਰਾਮਜ਼ਾਦਾ ਮੇਰੀ ਬੰਦੂਕ ਚੁੱਕ ਕੇ ਲੈ ਗਿਆ ਹੈ। ਮੇਰੇ ਥੈਲੇ ਵਿਚ ਨਹੀਂ ਹੈ " ਕਰਲੀ ਵੀ ਉਸ ਦੇ ਮਗਰ ਮਗਰ ਹੀ ਆਉਂਦਾ ਪਿਆ ਸੀ । ਉਸ ਦੇ ਦੂਜੇ ਠੀਕ ਹੱਥ ਵਿਚ ਬੰਦੂਕ ਫੜੀ ਹੋਈ ਸੀ । ਹੁਣ ਉਹ ਆਪਣੇ ਆਪ ਵਿਚ ਸੀ ।

ਉਸ ਨੇ ਕਿਹਾ, "ਅੱਛਾ ਇੰਜ ਹੀ ਸਹੀ। ਨੀਗਰੋ ਦੇ ਕੋਲ ਵੀ ਇਕ ਬੰਦੂਕ ਹੈ । ਕਾਰਲਸਨ ਤੂੰ ਉਹ ਲੈ ਲੈ । ਜੇਕਰ ਉਹ ਤੈਨੂੰ ਦਿੱਸ ਪਵੇ ਤਾਂ ਉਸ ਨੂੰ ਭੱਜਣ ਦਾ ਮੌਕਾ ਬਿਲਕੁਲ ਨਾ ਦੇਵੀਂ ਸਿੱਧੀ ਛਾਤੀ ਵਿਚ ਗੋਲੀ ਮਾਰ ਦੇਵੀਂ ।"

ਕਰੁਕਸ਼ ਨੇ ਬਹੁਤ ਉਤੇਜਿਤ ਹੋ ਕੇ ਕਿਹਾ, "ਮੇਰੇ ਪਾਸ ਨਹੀਂ ਹੈ ਕੋਈ ਬੰਦੂਕ ।"

ਕਰਲੀ ਨੇ ਕਿਹਾ, "ਤੂੰ ਸੌਲੇਦਾਦ ਜਾ ਕੇ ਕਿਸੇ ਪੁਲਿਸ ਵਾਲੇ ਨੂੰ ਸੱਦ ਲਿਆ ਕੇ ਐਲ ਵਿਲਜ਼ ਨੂੰ ਲੈ ਆਵੀਂ । ਉਹ ਡਿਪਟੀ ਕੋਤਵਾਲ ਹੈ । ਚਲੋ ਹੁਣ ਚਲੀਏ" ਉਹ ਸੁਕਾਗ੍ਰਸਤ ਸੀ ਅਤੇ ਜਾਰਜ ਵੱਲ ਮੁੜ ਕੇ ਬੋਲਿਆ, "ਤੁਸੀਂ ਵੀ ਚੱਲੋ, ਸਾਡੇ ਨਾਲ ।"

ਜਾਰਜ ਨੇ ਕਿਹਾ, "ਆਹ, ਆਹੋ, ਮੈਂ ਵੀ ਚਲਦਾ ਹਾਂ ਪਰ ਕਰਲੀ, ਮੇਰੀ ਗੱਲ ਸੁਣੋ। ਉਹ ਵਿਚਾਰਾ ਬਿਲਕੁਲ ਪਾਗਲ ਹੈ। ਉਸ ਨੂੰ ਗੋਲੀ ਨਾ ਮਾਰਨਾ। ਉਸ ਨੂੰ ਇਸ ਗੱਲ ਦਾ ਤਾਂ ਅਹਿਸਾਸ ਵੀ ਨਹੀਂ ਹੋਵੇਗਾ, ਕਿ ਉਹ ਕੀ ਕਰ ਰਿਹਾ ਸੀ ।"

ਕਰਲੀ ਨੇ ਚੀਕ ਕੇ ਕਿਹਾ, "ਗੋਲੀ ਨਾ ਮਾਰੀਏ ? ਉਸ ਦੇ ਕੋਲ ਵੀ ਤਾਂ ਕਾਰਲਸਨ ਦੀ ਬੰਦੂਕ ਹੈ । ਅਸੀਂ ਅਵੱਸ਼ ਗੋਲੀ ਮਾਰਾਂਗੇ।"

ਜਾਰਜ ਨੇ ਦੱਬੀ ਹੋਈ ਆਵਾਜ਼ ਵਿਚ ਕਿਹਾ, "ਹੋ ਸਕਦਾ ਹੈ ਕਿ ਕਾਰਲਸਨ ਦੀ ਬੰਦੂਕ ਕਿਧਰੇ ਹੋਰ ਹੀ ਗੁਆਚ ਗਈ ਹੋਵੇ"।

ਕਾਰਲਸਨ ਬੋਲਿਆ, ''ਮੈਂ ਅੱਜ ਸਵੇਰੇ ਹੀ ਤਾਂ ਆਪਣੀ ਬੰਦੂਕ ਵੇਖੀ ਸੀ। "

ਸਲਿਮ ਨੇ ਆਖਿਆ, 'ਕਰਲੀ, ਤੁਹਾਨੂੰ ਆਪਣੀ ਵਹੁਟੀ ਦੇ ਕੋਲ ਹੀ ਠਹਿਰਨਾ ਚਾਹੀਦਾ ਹੈ ।"

ਕਰਲੀ ਦਾ ਚਿਹਰਾ ਅੱਗੋ-ਅੱਗ ਹੋ ਗਿਆ। ਉਸ ਨੇ ਚੀਕ ਕੇ ਕਿਹਾ, "ਮੈਂ ਜ਼ਰੂਰ ਜਾਵਾਂਗਾ । ਮੈਂ ਆਪਣੇ ਹੱਥ ਨਾਲ ਉਸ ਹਰਾਮੀ ਨੂੰ ਮੌਤ ਦੀ ਨੀਂਦਰ ਸੁਆਵਾਂਗਾ । ਭਾਵੇਂ ਮੇਰਾ ਇਕੋ ਹੀ ਹੱਥ ਠੀਕ ਹੈ ਤਾਂ ਵੀ ਮੈਂ ਉਸ ਨੂੰ ਅਵੱਸ਼ ਫੜਾਂਗਾ ।

ਸਲਿਮ ਕੈਂਡੀ ਵੱਲ ਮੁੜਿਆ। "ਤਾਂ ਫਿਰ ਕੈਂਡੀ, ਤੁਸੀਂ ਇਥੇ ਇਸ ਦੇ ਕੋਲ ਠਹਿਰੋ। ਬਾਕੀ ਸਾਰਿਆਂ ਨੂੰ ਹੁਣ ਚਲਣਾ ਚਾਹੀਦਾ ਹੈ ।"

ਉਹ ਚਲ ਪਏ । ਛਿਣ ਭਰ ਲਈ ਜਾਰਜ ਕੈਂਡੀ ਦੇ ਕੋਲ ਖਲੋ ਗਿਆ ਅਤੇ ਉਹ ਦੋਵੇਂ ਮਰੀ ਹੋਈ ਕੁੜੀ ਵੱਲ ਵੇਖਣ ਲੱਗ ਪਏ। ਤੁਰੰਤ ਕਰਲੀ ਨੇ ਉਚੀ ਆਵਾਜ਼ ਵਿਚ ਕਿਹਾ, "ਜਾਰਜ, ਤੂੰ ਸਾਡੇ ਨਾਲ ਰਹੁ, ਤਾਂ ਜੋ ਸਾਨੂੰ ਯਕੀਨ ਬਣਿਆ ਰਹੇ ਕਿ ਤੇਰਾ ਇਸ ਵਿਚ ਕੋਈ ਹੱਥ ਨਹੀਂ ਹੈ।

ਜਾਰਜ ਹੌਲੀ ਹੌਲੀ ਉਨ੍ਹਾਂ ਦੇ ਮਗਰ ਮਗਰ ਚੱਲ ਪਿਆ । ਜਿਵੇਂ ਆਪਣੇ ਆਪ ਨੂੰ ਘਸੀਟ ਰਿਹਾ ਹੋਵੇ।

ਉਨ੍ਹਾਂ ਲੋਕਾਂ ਦੇ ਚਲੇ ਜਾਣ ਤੋਂ ਬਾਦ ਕੈਂਡੀ ਫੱਕ ਉਤੇ ਬੈਠ ਗਿਆ। ਉਸ ਨੇ ਕਰਲੀ ਦੀ ਵਹੁਟੀ ਦੇ ਮੂੰਹ ਵੱਲ ਵੇਖਿਆ। "ਵਿਚਾਰਾ ਬਦਕਿਸਮਤ।" ਉਹ ਹੌਲੀ ਜਿਹੀ ਬੋਲਿਆ ।

ਲੋਕਾਂ ਦੇ ਪੈਰਾਂ ਦੇ ਖੜਾਕ ਦੀ ਅਵਾਜ਼ ਹੌਲੀ ਹੁੰਦੀ ਜਾ ਰਹੀ ਸੀ। ਢਾਰੇ ਵਿਚ ਹੌਲੀ ਹੌਲੀ ਹਨੇਰਾ ਵੱਧ ਰਿਹਾ ਸੀ । ਘੋੜੇ ਆਪਣੇ ਆਪਣੇ ਚੌਖਟਿਆਂ ਉਤੇ ਪੈਰ ਪਟਕ ਰਹੇ ਸਨ ਅਤੇ ਆਪਣੀਆਂ ਸੰਗਲੀਆਂ ਹਿਲਾ ਰਹੇ ਸਨ । ਬੁੱਢਾ ਕੈਂਡੀ ਫੱਕ ਉਤੇ ਹੀ ਲੇਟ ਗਿਆ ਅਤੇ ਉਸ ਨੇ ਆਪਣੀਆਂ ਅੱਖਾਂ ਆਪਣੀ ਬਾਂਹ ਦੇ ਨਾਲ ਕੱਜ ਲਈਆਂ।

ਸ਼ੈਲੀਨਾਸ ਦਰਿਆ ਦੀ ਡੂੰਘੀ ਹਰੀ ਢਾਬ ਉਤੇ ਸ਼ਾਮ ਦੀ ਚੁੱਪ ਪਸਰੀ ਹੋਈ ਸੀ । ਸੂਰਜ ਹੁਣੇ ਤੋਂ ਹੀ ਘਾਟੀ ਨੂੰ ਅਲਵਿਦਾ ਕਹਿ ਚੁੱਕਾ ਸੀ । ਸੂਰਜ ਦੀ ਰੌਸ਼ਨੀ ਮੈਬੀਲਾਨ ਪਹਾੜਾਂ ਦੀਆਂ ਢਲਾਣਾਂ ਦੇ ਉਤੇ ਚੜ੍ਹਦੀ ਜਾ ਰਹੀ ਸੀ ਪਹਾੜਾਂ ਦੀਆਂ ਕੇਵਲ ਟੀਸੀਆਂ ਹੀ ਸੂਰਜ ਦੇ ਚਾਨਣ ਨਾਲ ਰੁਸ਼ਨਾਈਆਂ ਹੋਈਆਂ ਸਨ । ਵਿੰਗ-ਤੜਿੰਗ ਅੰਜੀਰ ਦੇ ਦਰੱਖਤਾਂ ਦੇ ਵਿਚਾਲੇ ਦਰਿਆ ਦੇ ਪਾਣੀ ਉਤੇ ਇਕ ਸੁੰਦਰ ਪਰਛਾਵਾਂ ਪੈ ਰਿਹਾ ਸੀ ।

ਪਾਣੀ ਦਾ ਇਕ ਸੱਪ ਪਾਣੀ ਉਤੋਂ ਦੀ ਤਿਲਕਦਾ ਹੋਇਆ ਆਇਆ । ਉਸ਼ ਦਾ ਫਣ ਇਧਰੋਂ ਉਧਰ ਡੋਲੇ ਖਾ ਰਿਹਾ ਸੀ । ਉਹ ਢਾਬ ਨੂੰ ਪਾਰ ਕਰਕੇ ਘੱਟ ਡੂੰਘੇ ਪਾਣੀ ਦੇ ਵਿਚ ਅਹਿੱਲ ਖੜੋਤੇ ਇਕ ਬਗਲੇ ਦੇ ਪੈਰਾਂ ਕੋਲ ਪਹੁੰਚ ਗਿਆ । ਬਗਲੇ ਦਾ ਸਿਰ ਤਾਂ ਇਕ ਥਾਂ ਤੇ ਹੀ ਜੰਮਿਆ ਰਿਹਾ ਪਰ ਉਸ ਦੀ ਚੁੰਝ ਨੇਜ਼ੇ ਵਾਂਗ ਹੇਠਾਂ ਨੂੰ ਝਪਟੀ ਅਤੇ ਦੂਜੇ ਛਿਣ ਹੀ ਸੱਪ ਦੀ ਸਿਰੀ ਬਗਲੇ ਦੀ ਚੁੰਝ ਵਿਚ ਦਬੋਚੀ ਹੋਈ ਸੀ ਅਤੇ ਉਸ ਦੀ ਪੂਛਲ ਬੁਰੀ ਤਰ੍ਹਾਂ ਸਟਪਟਾ ਰਹੀ ਸੀ।

ਦੂਰ ਤੋਂ ਕਿਧਰੋਂ ਹਵਾ ਦੇ ਬੁੱਲੇ ਦੀ ਆਵਾਜ਼ ਆਈ ਅਤੇ ਦਰੱਖਤਾਂ ਦੀਆਂ ਕਰੂੰਬਲਾਂ ਵਿਚ ਇਕ ਲਹਿਰ ਜਿਹੀ ਦੌੜ ਗਈ। ਅੰਜ਼ੀਰ ਦੇ ਦਰੱਖਤਾਂ ਦੀਆਂ ਪੱਤੀਆਂ ਦੇ ਚਮਕੀਲੇ ਪੁੱਠੇ ਪਾਸੇ ਉੱਪਰ ਵੱਲ ਉੱਠ ਆਏ। ਜ਼ਮੀਨ ਉਤੇ ਪਈਆਂ ਸੁੱਕੀਆਂ ਭੂਰੀਆਂ ਪੱਤੀਆਂ ਰਤਾ ਕੁ ਉੱਡ ਗਈਆਂ । ਪਾਣੀ ਦੀ ਤਹਿ ਉਤੇ ਹਵਾ ਕਾਰਣ ਲਹਿਰਾਂ ਉੱਠਣ ਲੱਗ ਪਈਆਂ ।

ਹਵਾ ਜਿੰਨੀ ਤੇਜ਼ੀ ਨਾਲ ਆਈ ਸੀ, ਉਨੀ ਹੀ ਤੇਜ਼ੀ ਨਾਲ ਦੱਬ ਗਈ ਅਤੇ ਫਿਰ ਚੁੱਪ-ਚਾਂ ਵਰਤ ਗਈ । ਬਗਲਾ ਹੁਣ ਵੀ ਘੱਟ ਡੂੰਘੇ ਪਾਣੀ ਦੇ ਵਿਚ ਅਹਿਲ ਖਲੋਤਾ ਸੀ । ਪਾਣੀ ਦਾ ਇਕ ਹੋਰ ਨਿੱਕਾ ਜਿਹਾ ਸੱਪ ਆਪਣੇ ਫਣ ਨੂੰ ਇਧਰ ਉਧਰ ਹਿਲਾਉਂਦਾ ਹੋਇਆ ਆਇਆ ।

ਇਕ ਦਮੰ ਲੈਨੀ ਇਕ ਝਾੜੀ ਵਿਚੋਂ ਬਾਹਰ ਨਿਕਲਿਆ। ਉਹ ਇੰਜ ਬਿਨਾਂ ਕਿਸੇ ਆਵਾਜ਼ ਦੇ ਨਿਕਲਿਆ ਜਿਸ ਤਰ੍ਹਾਂ ਕਿ ਰੀਂਗਦਾ ਹੋਇਆ ਰਿੱਛ ਕਰਦਾ ਹੈ । ਬਗਲੇ ਨੇ ਆਪਣੇ ਖੰਭ ਹਵਾ ਵਿਚ ਫੜਫੜਾਏ, ਉਹ ਪਾਣੀ ਵਿਚੋਂ ਨਿਕਲਕੇ ਉੱਡ ਗਿਆ । ਨਿੱਕਾ ਜਿੰਨਾ ਸੱਪ ਤਿਲਕਿਆ ਅਤੇ ਕੰਢੇ ਉਤੇ ਉੱਗੇ ਸਰਕੰਡਿਆਂ ਵਿਚ ਜਾ ਕੇ ਛੁਪ ਗਿਆ।

ਲੈਨੀ ਚੁੱਪ ਸਾਧੀ ਨਦੀ ਦੇ ਕਿਨਾਰੇ ਉਤੇ ਪਹੁੰਚ ਗਿਆ । ਉਸ ਨੇ ਨੀਵਾਂ ਹੋ ਕੇ ਪਾਣੀ ਪੀਤਾ ਉਸ ਦੇ ਬੁੱਲ੍ਹ ਪਾਣੀ ਦੀ ਤਹਿ ਨਾਲ ਛੁਹੇ ਹੀ ਸਨ, ਉਸੇ ਵੇਲੇ ਪਿਛਲੇ ਪਾਸੇ ਸੁੱਕੀਆਂ ਪੱਤੀਆਂ ਉਤੇ ਇਕ ਨਿੱਕੀ ਜਿਹੀ ਚਿੜੀ ਨੇ ਫੁਰ-ਫਰਾਇਆ । ਲੈਨੀ ਇਕ ਦਮੰ ਚੌਂਕ ਪਿਆ। ਇਕ ਝਟਕੇ ਨਾਲ ਉਸ ਨੇ ਆਪਣਾ ਸਿਰ ਚੁੱਕਿਆ ਅਤੇ ਅੱਖਾਂ ਤੇ ਕੰਨਾਂ ਨੂੰ ਸੁਚੇਤ ਰੂਪ ਵਿਚ ਆਵਾਜ਼ ਦੀ ਦਿਸ਼ਾ ਵਲ ਗੱਡ ਦਿੱਤਾ । ਤਦੋਂ ਉਸਨੇ ਇਕ ਚਿੜੀ ਨੂੰ ਵੇਖ ਲਿਆ ਅਤੇ ਫਿਰ ਤਸੱਲੀ ਨਾਲ ਸਿਰ ਨੀਵਾਂ ਕਰਕੇ ਪਾਣੀ ਪੀਣ ਲੱਗ ਪਿਆ।

ਪਾਣੀ ਪੀ ਚੁੱਕਣ ਉਪਰੰਤ ਉਹ ਮੁੜ ਕਿਨਾਰੇ ਤੇ ਆ ਗਿਆ ਅਤੇ ਪਾਣੀ ਵੱਲ ਪਿੱਠ ਕਰਕੇ ਬੈਠ ਗਿਆ ਤਾਂ ਜੋ ਪਿੱਛਾ ਕਰਨ ਵਾਲਿਆਂ ਨੂੰ ਆਉਂਦਿਆਂ ਵੇਖ ਸਕੇ । ਉਸ ਨੇ ਆਪਣੀਆਂ ਦੋਵੇਂ ਬਾਹਾਂ ਗੋਡਿਆਂ ਦੁਆਲੇ ਵੱਲ ਲਈਆਂ ਅਤੇ ਆਪਣੀ ਠੋਡੀ ਗੋਡਿਆਂ ਉਤੇ ਟੇਕ ਲਈ।

ਚਾਨਣ ਘਾਟੀ ਦੇ ਉਤੇ ਵੱਲ ਚੜ੍ਹਦਾ ਚੜ੍ਹਦਾ ਅਲੋਪ ਜਿਹਾ ਹੋ ਗਿਆ । ਇਸ ਦੇ ਨਾਲ ਨਾਲ ਹੀ ਪਹਾੜਾਂ ਦੀਆਂ ਟੀਸੀਆਂ ਅਧਿਕ ਅਤੇ ਹੋਰ ਅਧਿਕ ਅੱਗ-ਰੰਗੀਆਂ ਜਿਹੀਆਂ ਦਿੱਸਣ ਲਗ ਪਈਆਂ ।

ਲੈਨੀ ਨੇ ਹੌਲੇ ਜਿਹੇ ਆਖਿਆ, "ਰੱਬ ਦੀ ਸਹੁੰ, ਮੈਂ ਇਹ ਗੱਲ ਨਹੀਂ ਭੁੱਲਿਆ ਕਿ ਝਾੜੀਆਂ ਦੇ ਵਿਚ ਲੁਕ ਕੇ ਜ਼ਾਰਜ ਦੀ ਉਡੀਕ ਕਰਾਂ" । ਉਸ ਨੇ ਆਪਣੇ ਟੋਪ ਨੂੰ ਹੇਠਾਂ ਅੱਖਾਂ ਤੱਕ ਨੀਵਾਂ ਕਰ ਲਿਆ। ਫਿਰ ਉਸ ਨੇ ਕਿਹਾ, "ਜਾਰਜ ਮੇਰੇ ਨਾਲ ਬਹੁਤ ਔਖਾ ਹੋਵੇਗਾ ।" ਜਾਰਜ ਕਹੇਗਾ ਕਿ "ਤੇਰੇ ਸਾਥ ਨਾਲੋਂ ਤਾਂ ਮੈਂ ਇਕੱਲਾ ਹੁੰਦਾ ਤਾਂ ਵਧੇਰੇ ਚੰਗਾ ਰਹਿੰਦਾ ।" ਫਿਰ ਉਸ ਨੇ ਸਿਰ ਭੂਆਂ ਕੇ ਪਹਾੜਾਂ ਦੀਆਂ ਚਮਕਦਾਰ ਟੀਸੀਆਂ ਵੱਲ ਵੇਖਿਆ। "ਮੈਂ ਬੱਸ ਉਥੇ ਦੂਰ ਚਲਾ ਜਾਵਾਂਗਾ ਅਤੇ ਉਥੇ ਹੀ ਕੋਈ ਗੁਫਾ ਲੱਭ ਲਵਾਂਗਾ ।" ਉਸ ਨੇ ਅਤਿਅੰਤ ਉਦਾਸ ਲਹਿਜੇ ਵਿਚ ਜਿਵੇਂ ਆਪਣੇ ਆਪ ਨੂੰ ਹੀ ਕਹਿ ਸੁਣਾਇਆ, "ਅਤੇ ਕਦੀ ਵੀ ਟਮਾਟਰਾਂ ਦੀ ਚਟਨੀ ਨਹੀਂ ਖਾਵਾਂਗਾ—ਪਰ ਮੈਨੂੰ ਇਸ ਗੱਲ ਦੀ ਪਰਵਾਹ ਨਹੀਂ। ਜਾਰਜ ਮੈਨੂੰ ਨਹੀਂ ਚਾਹੁੰਦਾ, ਤਾਂ ਮੈਂ ਚਲਾ ਜਾਵਾਂਗਾ । ਮੈਂ ਜ਼ਰੂਰ ਚਲਾ ਜਾਵਾਂਗਾ ।"

ਅਤੇ ਫਿਰ ਲੈਨੀ ਦੇ ਖਿਆਲਾਂ ਵਿਚ ਇਕ ਮੋਟੀ ਸਾਰੀ ਬੁੱਢੀ ਔਰਤ ਆਈ ਅਤੇ ਲੈਨੀ ਦੇ ਸ਼ਾਹਮਣੇ ਆ ਖੜੋਤੀ । ਉਸ ਨੇ ਮੋਟੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਲਾਈ ਹੋਈ ਸੀ ਅਤੇ ਉਸਦੇ ਸਰੀਰ ਉਤੇ ਇਕ ਲੰਮਾ ਸਾਰਾ ਚੋਗਾ ਜਿਹਾ ਲਟਕ ਰਿਹਾ ਸੀ, ਜਿਸ ਵਿਚ ਬਹੁਤ ਸਾਰੀਆਂ ਜੇਬਾਂ ਸਨ । ਉਸ ਦਾ ਲਿਬਾਸ ਸਾਫ਼ ਅਤੇ ਭਲੀ ਭਾਂਤ ਧੁਲਿਆ ਹੋਇਆ ਸੀ । ਉਹ ਲੈਨੀ ਦੇ ਸਾਹਮਣੇ ਖਲੋ ਗਈ ਅਤੇ ਉਸ ਨੇ ਆਪਣੇ ਦੋਵੇਂ ਹੱਥ ਕਮਰ ਉਤੇ ਰੱਖ ਕੇ ਗੁੱਸੇ ਨਾਲ ਤਿਊੜੀਆਂ ਵੱਟੀਆਂ ਅਤੇ ਉਸ ਨੇ ਲੈਨੀ ਵੱਲ ਵੇਖਿਆ।

ਅਤੇ ਜਦੋਂ ਉਹ ਬੋਲੀ ਤਾਂ ਉਹ ਲੈਨੀ ਦੀ ਆਪਣੀ ਹੀ ਆਵਾਜ਼ ਸੀ । ਉਸ ਨੇ ਕਿਹਾ, “ਤੈਨੂੰ ਬਾਰ ਬਾਰ ਆਖਿਆ ਸੀ: ਮੁੜ ਮੁੜ ਇਹੀ ਕਿਹਾ ਸੀ; ਮੈਂ ਤੈਨੂੰ ਹਮੇਸ਼ਾਂ ਕਹਿੰਦੀ ਰਹੀ ਕਿ ਤੂੰ ਜਾਰਜ ਦੀ ਗੱਲ ਮੰਨਿਆ ਕਰ, ਕਿਉਂਕਿ ਉਹ ਕਿੰਨਾ ਭਲਾ ਮਨੁੱਖ ਹੈ, ਅਤੇ, ਕਿਉਂਕਿ ਉਹ ਤੇਰਾ ਕਿੰਨਾ ਖਿਆਲ ਰੱਖਦਾ ਹੈ। ਪਰ ਤੂੰ ਇਕ ਵੀ ਨਾ ਸੁਣੀ । ਤੂੰ ਬੁਰੇ ਬੁਰੇ ਕੰਮ ਕਰਦਾ ਰਿਹਾ ।"

ਅਤੇ ਲੈਨੀ ਨੇ ਉਸ ਨੂੰ ਜਵਾਬ ਦਿੱਤਾ, "ਮੈਂ ਕੋਸ਼ਿਸ਼ ਕੀਤੀ ਸੀ । ਮੇਰੀ ਚਾਚੀ ਕਲਾਰਾ, ਮੈਂ ਵਿਤ ਤੋਂ ਬਾਹਰ ਹੋ ਕੇ ਵੀ ਜਤਨ ਕੀਤਾ ਪਰ ਮੈਂ ਕੀ ਕਰਾਂ, ਬੁਰੇ ਕੰਮ ਮੇਰੇ ਤੋਂ ਹੁੰਦੇ ਹੀ ਰਹੇ ।"

ਬੁੱਢੀ ਔਰਤ ਨੇ ਲੈਨੀ ਦੀ ਆਵਾਜ਼ ਵਿਚ ਮੁੜ ਕਿਹਾ, "ਤੂੰ ਕਦੇ ਵੀ ਜਾਰਜ ਦੇ ਆਖਣ ਵੱਲ ਧਿਆਨ ਨਹੀਂ ਦਿੱਤਾ । ਉਹ ਤੇਰੇ ਨਾਲ ਲਗਾਤਾਰ ਭਲਾ ਸਲੂਕ ਕਰਦਾ ਰਿਹਾ ਹੈ। ਜੇਕਰ ਉਸਨੂੰ ਰੋਟੀ ਦਾ ਇਕ ਟੁੱਕ ਵੀ ਮਿਲਿਆ, ਤਾਂ ਹਮੇਸ਼ਾਂ ਹੀ ਉਸ ਨੇ ਉਸ ਵਿਚੋਂ ਅੱਧਾ, ਸਗੋਂ ਅੱਧੇ ਤੋਂ ਵੀ ਜਿਆਦਾ ਤੈਨੂੰ ਦੇ ਦਿੱਤਾ ਅਤੇ ਜੇਕਰ ਉਸ ਨੂੰ ਚਟਨੀ ਮਿਲੀ ਤਾਂ ਉਸ ਨੇ ਸਾਰੀ ਦੀ ਸਾਰੀ ਤੈਨੂੰ ਹੀ ਦੇ ਦਿੱਤੀ ।"

ਲੈਨੀ ਨੇ ਅਤਿਅਤ ਦੁਖਿਤ ਅਵਸਥਾ ਵਿਚ ਕਿਹਾ, "ਮੈਂ ਇਹ ਗੱਲ ਭਲੀ-ਭਾਂਤ ਜਾਣਦਾ ਹਾਂ। ਕਲਾਰਾ ਚਾਚੀ, ਮੈਂ ਬਹੁਤ ਕੋਸ਼ਿਸ਼ ਕੀਤੀ, ਮੈਂ ਵੱਡੇ ਵੱਡੇ ਯਤਨ ਕੀਤੇ ।"

ਉਸ ਨੇ ਵਿਚੋਂ ਹੀ ਗੱਲ ਟੁੱਕ ਦਿੱਤੀ ਅਤੇ ਬੋਲੀ, "ਜੇਕਰ ਤੂੰ ਨਾ ਹੁੰਦਾ ਤਾਂ ਉਹ ਅਜਿਹੀ ਮੌਜ ਨਾਲ ਜੀਵਨ ਲੰਘਾਉਂਦਾ। ਉਹ ਆਪਣੀ ਸਾਰੀ ਕਮਾਈ ਲੈ ਕੇ ਕਿਸੇ ਚਕਲੇ ਵਿਚ ਖੂਬ ਰੰਗ-ਰਲੀਆਂ ਮਨਾਉਂਦਾ । ਕਿਸੇ ਥਾਂ ਜੰਮ ਕੇ ਮੌਜ ਨਾਲ ਜੂਆ ਖੇਡਦਾ । ਪਰ ਉਸ ਨੂੰ ਤਾਂ ਤੇਰਾ ਹੀ ਗਮ ਖਾਂਦਾ ਰਹਿੰਦਾ ਸੀ ।"

ਲੈਨੀ ਦੇ ਅੰਦਰ ਚੀਸਾਂ ਉਠੀਆਂ ਅਤੇ ਉਹ ਰੋਣਹਾਕਾ ਹੋ ਗਿਆ। "ਮੈਂ ਜਾਣਦਾ ਹਾਂ, ਕਲਾਰਾ ਚਾਚੀ, ਮੈਂ ਹੁਣੇ ਹੀ ਪਹਾੜਾਂ ਉਤੇ ਚਲਾ ਜਾਵਾਂਗਾ । ਉਥੇ ਕੋਈ ਗੁਫਾ ਲੱਭ ਲਵਾਂਗਾ । ਮੈਂ ਹੁਣ ਉਥੇ ਹੀ ਰਹਾਂਗਾ ਅਤੇ ਜਾਰਜ ਨੂੰ ਹੋਰ ਤੰਗੀ ਤਸੀਹੇ ਨਹੀਂ ਦਿਆਂਗਾ।" ਚਾਚੀ ਨੇ ਤੁਰੰਤ ਆਖਿਆ, "ਤੂੰ ਤਾਂ ਬੱਸ ਇਹ ਗੱਲਾਂ ਹੀ ਕਰ ਸਕਦਾ ਹੈਂ । ਤੂੰ ਹਮੇਸ਼ਾਂ ਇਹੀ ਕਹਿੰਦਾ ਹੈਂ । ਕੁੱਤੀ ਦੇ ਬੱਚੇ-ਕਤੂਰੇ, ਤੈਨੂੰ ਇਹ ਵੀ ਭਲੀ ਭਾਂਤ ਪਤਾ ਹੈ ਕਿ ਤੂੰ ਕਦੇ ਵੀ ਇਹ ਕੁਝ ਨਹੀਂ ਕਰੇਂਗਾ ਅਤੇ ਹਮੇਸ਼ਾ ਹਮੇਸ਼ਾ ਲਈ ਜਾਰਜ ਦੇ ਪਿੱਛੇ ਪਿਆ ਰਹੇਂਗਾ ਅਤੇ ਉਸੇ ਦੀ ਛਾਤੀ ਤੇ ਮੂੰਗ ਦਲਦਾ ਰਹੇਗਾ ।"

ਲੈਨੀ ਬੋਲਿਆ, "ਇਹ ਗੱਲਾਂ ਸੁਣਨ ਨਾਲੋਂ ਤਾਂ ਮੈਂ ਜੇ ਹੁਣੇ ਹੀ ਚਲਾ ਜਾਵਾਂ ਤਾਂ ਚੰਗਾ ਹੈ। ਜਾਰਜ ਹੁਣ ਮੈਨੂੰ ਕਦਾਂ ਵੀ ਸਹਿਆਂ ਦੀ ਦੇਖ-ਭਾਲ ਨਹੀਂ ਕਰਨ ਦੇਵੇਗਾ ।"

ਚਾਚੀ ਕਲਾਰਾ ਤਾਂ ਹੁਣ ਰਫੂ-ਚੱਕਰ ਹੋ ਗਈ ਅਤੇ ਤੁਰੰਤ ਲੈਨੀ ਦੇ ਦਿਮਾਗ਼ ਵਿਚੋਂ ਜਿਵੇਂ ਇਕ ਦੈਂਤ ਜਿਹੇ ਕੱਦ-ਬੁੱਤ ਵਾਲਾ ਸਹਾ ਨਿਕਲ ਆਇਆ । ਉਹ ਲੇਨੀ ਦੇ ਸਾਹਮਣੇ ਆਪਣੇ ਮਗਰਲੇ ਪੈਰਾਂ ਉਤੇ ਭਾਰ ਪਾ ਕੇ ਬੈਠ ਗਿਆ। ਉਹ ਲੈਨੀ ਦੇ ਉਤੇ ਆਪਣੀ ਨੱਕ ਚਿੜਾਉਣ ਲੱਗ ਪਿਆ ਅਤੇ ਕੰਨਾਂ ਨੂੰ ਹਿਲਾਉਂਦਿਆਂ ਹੋਇਆ ਬੋਲਿਆ, ਸਹੇ ਦੇ ਬੋਲਾਂ ਵਿਚੋਂ ਵੀ ਲੈਨੀ ਦੀ ਆਪਣੀ ਹੀ ਆਵਾਜ਼ ਆ ਰਹੀ ਸੀ ।

ਸਹੇ ਨੇ ਬੜੀ ਹੈਂਕੜ ਨਾਲ ਮਿਹਣਾ ਮਾਰਿਆ, "ਸਹਿਆਂ ਦੀ ਦੇਖ-ਭਾਲ ਓਏ ਬੁਗਦਮ ਦੇ ਬੱਚੇ, ਤੂੰ ਤਾਂ ਕਿਸੇ ਸਹੇ ਦੇ ਪੈਰਾਂ ਦੀ ਮਿੱਟੀ ਨੂੰ ਵੀ ਹੱਥ ਲਾਉਣ ਦੇ ਲਾਇਕ ਨਹੀਂ ਹੈਂ । ਤੂੰ ਉਨ੍ਹਾਂ ਨੂੰ ਦਾਣਾ ਅਤੇ ਘਾਹ ਖੁਆਉਣਾ ਭੁੱਲ ਜਾਏਂਗਾ ਅਤੇ ਉਨ੍ਹਾਂ ਨੂੰ ਭੁੱਖਿਆਂ ਹੀ ਮਾਰ ਦੇਵੇਂਗਾ। ਬੱਸ ਇਹੀ ਕੁਝ ਕਰੇਂਗਾ ਨਾ । ਦੱਸ, ਫਿਰ ਜਾਰਜ ਕੀ ਸੋਚੇਗਾ ?" ਲੈਨੀ ਨੇ ਉਚੀ ਸਾਰੀ ਕਿਹਾ, "ਮੈਂ ਨਹੀਂ ਭੁੱਲਾਂਗਾ ।"

ਸਹੇ ਨੇ ਉੱਤਰ ਦਿੱਤਾ, ਨਹੀਂ ਭੁੱਲੇਗਾ, ਆਪਣਾ ਸਿਰ । ਤੂੰ ਤਾਂ ਉੱਕਾ ਹੀ ਨਿਕੰਮਾ ਹੈਂ । ਰੱਬ ਹੀ ਜਾਣਦਾ ਹੈ ਕਿ ਜਾਰਜ ਨੇ ਤੈਨੂੰ ਰੂੜੀ ਤੋਂ ਚੁੱਕ ਕੇ ਨਾ ਕੁਝ ਬਣਾ ਦੇਣ ਲਈ ਕਿਹੜੇ ਕਿਹੜੇ ਜਤਨ ਨਹੀਂ ਕੀਤੇ । ਪਰ ਕੋਈ ਵੀ ਲਾਭ ਨਾ ਹੋਇਆ । ਜੇਕਰ ਤੂੰ ਸੋਚਦਾ ਹੈਂ ਕਿ ਜਾਰਜ ਤੈਨੂੰ ਸਹਿਆਂ ਦੀ ਦੇਖ-ਰੇਖ ਕਰਨ ਦੇਵੇਗਾ, ਤਾਂ ਤੂੰ ਹੋਰ ਵੀ ਪਾਗਲ ਹੈ । ਉਹ ਤੈਨੂੰ ਸਹਿਆਂ ਦੀ ਦੇਖ-ਰੇਖ ਨਹੀਂ ਕਰਨ ਦੇਵੇਗਾ ਉਹ ਤਾਂ ਸੋਟੀਆਂ ਮਾਰ ਮਾਰ ਕੇ ਤੇਰੀ ਖੱਲ ਉਧੇੜ ਦੇਵੇਗਾ । ਸਮਝਿਆ ਹੈ ਕਿ ਨਹੀਂ ?"

ਪਰ ਲੈਨੀ ਨੇ ਅਤਿਅੰਤ ਕਾਟਵਾਂ ਜਵਾਬ ਦਿੱਤਾ, "ਜ਼ਾਰਜ, ਇੰਝ ਕਦੇ ਵੀ ਨਹੀਂ ਕਰ ਸਕਦਾ ਜਾਰਜ ਅਜਿਹੀ ਗੱਲ ਮੇਰੇ ਨਾਲ ਉੱਕਾ ਹੀ ਨਹੀਂ ਕਰ ਸਕਦਾ । ਮੈਂ ਜਾਰਜ ਨੂੰ ਉਸ ਵੇਲੇ ਦਾ ਜਾਣਦਾ ਹਾਂ ...... ਇਹ ਭਾਵੇਂ ਮੈਂ ਭੁੱਲ ਹੀ ਗਿਆ ਹਾਂ ਕਿ ਕਦੋਂ ਤੋਂ ਅਤੇ ਉਸ ਨੇ ਅੱਜ ਤੱਕ ਮੇਰੇ ਉਤੇ ਇੱਕ ਉਂਗਲ ਵੀ ਨਹੀਂ ਚੁੱਕੀ । ਉਹ ਹਮੇਸ਼ਾ ਮੇਰੇ ਨਾਲ ਚੰਗਾ ਸਲੂਕ ਹੀ ਕਰਦਾ ਆਇਆ ਹੈ । ਉਹ ਕਿਸੇ ਹਾਲਤ ਵਿਚ ਵੀ ਅਜਿਹੀ ਕਮੀਨੀ ਹਰਕਤ ਨਹੀਂ ਕਰ ਸਕਦਾ ।"

ਸਹੇ ਨੇ ਆਖਿਆ, "ਪਰ ਹੁਣ ਉਹ ਤੇਰੇ ਤੋਂ ਬਹੁਤ ਤੰਗ ਆ ਗਿਆ ਹੈ। ਉਹ ਹੁਣ ਤੇਰੀ ਅਜਿਹੀ ਚੰਡ-ਚੰਡਾਈ ਕਰੇਗਾ ਕਿ ਤੇਰਾ ਦਿਮਾਗ ਟਿਕਾਣੇ ਆ ਜਾਵੇ ਅਤੇ ਫਿਰ ਉਹ ਤੈਨੂੰ ਛੱਡ ਕੇ ਚਲਾ ਜਾਵੇਗਾ ।"

ਲੈਨੀ ਆਪ ਮੁਹਾਰੇ ਹੀ ਚੀਕ ਪਿਆ, "ਉਹ ਇੰਜ ਨਹੀਂ ਕਰੇਗਾ। ਉਹ ਅਜਿਹਾ ਕੋਈ ਕੰਮ ਨਹੀਂ ਕਰ ਸਕਦਾ । ਮੈਂ ਜਾਰਜ ਨੂੰ ਜਾਣਦਾ ਹਾਂ, ਭੁਲਿਆ ਨਹੀਂ ਹਾਂ । ਮੈਂ ਅਤੇ ਉਹ ਸਦਾ ਹੀ ਹਰ ਥਾਂ ਇਕੱਠੇ ਜਾਂਦੇ ਹਾਂ।

ਪਰ ਉਹ ਦੈਂਤ-ਰੂਪੀ ਸਹਾ ਬਾਰ ਬਾਰ ਆਪਣੀ ਉਹੀ ਗੱਲ ਦੁਹਰਾਉਂਦਾ ਰਿਹਾ । "ਬੁਗਦਮ ਹਰਾਮੀ ਕਿਸੇ ਥਾਂ ਦੇ, ਉਹ ਤੈਨੂੰ ਛੱਡ ਕੇ ਚਲਾ ਜਾਵੇਗਾ । ਉਹ ਤੈਨੂੰ ਇਕੱਲਾ ਹੀ ਛੱਡ ਜਾਵੇਗਾ। ਉਹ ਤੈਨੂੰ ਛੱਡ ਕੇ ਤੁਰ ਜਾਵੇਗਾ । ਪਾਗਲ, ਹਰਾਮਜ਼ਾਦਾ ਏਂ ਤੂੰ ਕਿਸੇ ਥਾਂ ਦਾ ।"

ਲੈਨੀ ਨੇ ਆਪਣੇ ਕੰਨਾਂ ਉਤੇ ਹੱਥ ਰੱਖ ਲਏ ਤਾਂ ਜੋ ਉਸ ਨੂੰ ਸਹੇ ਦੇ ਬੋਲ ਮੁੜ ਸੁਣਾਈ ਨਾ ਦੇਣ ਅਤੇ ਬੋਲਿਆ, "ਉਹ ਨਹੀਂ ਜਾਏਗਾ । ਮੈਂ ਜੋ ਕਹਿੰਦਾ ਹਾਂ, ਉਹ ਨਹੀਂ ਜਾਏਗਾ ।" ਤੇ ਉਹ ਉੱਚੀ ਚੀਕਣ ਲੱਗ ਪਿਆ, "ਉਹ, ਜਾਰਜ... ਜਾਰਜ ..ਓ ਜਾਰਜ ਭਾਈ ।"

ਤੁਰੰਤ ਜਾਰਜ ਚੁੱਪ ਕੀਤਾ ਝਾੜੀਆਂ ਵਿਚੋਂ ਬਾਹਰ ਨਿਕਲ ਆਇਆ ਅਤੇ ਸਹਾ ਉਸੇ ਛਿਣ ਹੀ ਲੈਨੀ ਦੇ ਖਿਆਲਾਂ ਵਿਚ ਅਲੋਪ ਹੋ ਗਿਆ ।

ਜਾਰਜ ਨੇ ਹੌਲੀ ਜਿਹੀ ਆਖਿਆ, "ਇਨਾ ਰੌਲਾ ਕਿਉਂ ਪਾਉਂਦਾ ਏਂ ।"

ਲੈਨੀ ਆਪਣੇ ਗੋਡਿਆਂ ਦੇ ਭਾਰ ਖਲੋ ਗਿਆ । "ਤੁਸੀਂ ਮੈਨੂੰ ਛੱਡ ਕੇ ਤਾਂ ਨਹੀਂ ਜਾਓਗੇ ? ਨਹੀਂ ਜਾਓਗੇ ਨਾ, ਜਾਰਜ, ਮੈਂ ਜਾਣਦਾ ਹਾਂ ਕਿ ਤੁਸੀਂ ਨਹੀਂ ਜਾਓਗੇ ।"

ਜਾਰਜ਼ ਚੁਪ ਸਾਧੀ ਆ ਕੇ ਉਸ ਦੇ ਕੋਲ ਬੈਠ ਗਿਆ। ਉਸ ਨੇ ਉਸੇ ਤਰ੍ਹਾਂ ਹੀ ਕਿਹਾ, "ਨਹੀਂ" ਲੈਨੀ ਤੁਰੰਤ ਬੋਲ ਪਿਆ, "ਮੈਂ ਜਾਣਦਾ ਸਾਂ ਕਿ ਤੁਸੀਂ ਅਜਿਹੇ ਆਦਮੀ ਨਹੀਂ ਹੋ ।"

ਜਾਰਜ ਚੁੱਪ ਸੀ ।

ਲੇਨੀ ਨ ਫਿਰ ਕਿਹਾ, "ਜਾਰਜ"।

"ਹਾਂ?"

"ਮੈਂ ਇਕ ਹੋਰ ਭੈੜੀ ਕਰਤੂਤ ਕਰ ਦਿੱਤੀ ਹੈ ।"

"ਇਸ ਨਾਲ ਕੁਝ ਫ਼ਰਕ ਨਹੀਂ ਪੈਦਾ" । ਜਾਰਜ ਨੇ ਕਿਹਾ ਅਤੇ ਉਹ ਫਿਰ ਚੁੱਪ ਹੋ ਗਿਆ। ਹੁਣ ਪਹਾੜਾਂ ਦੀਆਂ ਕੇਵਲ ਸਭ ਤੋਂ ਉਚੀਆਂ ਟੀਸੀਆਂ ਹੀ ਸੂਰਜ ਦੀ ਰੋਸ਼ਨੀ ਵਿਚ ਸਨ । ਘਾਟੀ ਦੇ ਵਿਚ ਨੀਲੀ ਭਾਹਾਂ ਮਾਰਦਾ ਧੁੰਦਲਕਾ ਛਾ ਰਿਹਾ ਸੀ । ਦੂਰੋਂ ਕੁਝ ਲੋਕਾਂ ਦੇ ਆਪੋ ਵਿਚ ਉੱਚੀ ਉੱਚੀ ਗੱਲਾਂ ਕਰਨ ਦੀ ਆਵਾਜ਼ ਆਈ। ਜਾਰਜ ਨੇ ਗਰਦਨ ਭੁਆਈ ਅਤੇ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗ ਪਿਆ ।

ਲੈਨੀ ਨੇ ਕਿਹਾ, "ਜਾਰਜ" ।

"ਹਾਂ?"

"ਤੁਸੀਂ ਮੇਰੇ ਉਤੇ ਬਹੁਤ ਨਾਰਾਜ਼ ਹੋਵੇਗੇ ਨਾ ?"

“ਆਹੋ, ਆਹੋ: ਜਿਵੇਂ ਤੁਸੀਂ ਹਮੇਸ਼ਾ ਹੀ ਨਾਰਾਜ਼ ਹੁੰਦੇ ਹੁੰਦੇ ਹੋ । ਜਿਵੇਂ ਤੁਸੀਂ ਖਿਝ ਕੇ ਕਿਹਾ ਕਰਦੇ ਹੋ ਕਿ ਜੇਕਰ ਤੂੰ ਨਾ ਹੁੰਦਾ, ਤਾਂ ਮੈਂ ਆਪਣੇ ਪੰਜਾਹ ਡਾਲਰ ਲੈ ਕੇ...

‘ਹਾਏ ਓਏ ਮੇਰਿਆ ਰੱਬਾ, ਲੈਨੀ, ਤੈਨੂੰ ਹੋਰ ਕੁਝ ਤਾਂ ਯਾਦ ਨਹੀਂ ਰਹਿੰਦਾ, ਪਰ ਮੇਰਾ ਕਿਹਾ ਹੋਇਆ ਇੱਕ ਇੱਕ ਅੱਖਰ ਵੀ ਤੇਰੇ ਯਾਦ ਰਹਿੰਦਾ ਹੈ ।”

“ਪਰ ਕੀ ਤੁਸੀਂ ਹੁਣ ਉਹ ਸਭ ਕੁਝ ਨਹੀਂ ਆਖੋਗੇ ?”

ਜਾਰਜ ਨੇ ਆਪਣੇ ਉਤੇ ਫਿਟਕਾਰ ਪਾਈ। ਉਸ ਨੇ ਲੱਕੜੀ ਵਾਂਗ ਨਿਰਜੀਵ ਹੋ ਕੇ ਕਿਹਾ, “ਜੇਕਰ ਮੈਂ ਇਕੱਲਾ ਹੁੰਦਾ ਤਾਂ ਮੈਂ ਬੜੀ ਮੌਜ ਨਾਲ ਰਹਿੰਦਾ"। ਉਸ ਦੇ ਬੋਲ ਬਿਲਕੁਲ ਅਰਥਹੀਨ ਲੱਗਦੇ ਸਨ । ਨਾ ਕਿਤੇ ਉਤਾਰ ਸੀ, ਨਾਂ ਚੜਾਉ । ਉਸ ਨੇ ਕਿਸੇ ਅੱਖਰ ਉਤੇ ਜ਼ੋਰ ਨਾ ਦਿੱਤਾ । ਬਸ ਨਿਰੰਤਰ ਸਵੱਰ ਵਿਚ ਹੀ ਕਹਿੰਦਾ ਗਿਆ । "ਮੈਂ ਕੋਈ ਨੌਕਰੀ ਢੂੰਡ ਲੈਂਦਾ ਅਤੇ ਕੋਈ ਝੰਜਟ ਨਾ ਪੈਂਦਾ" । ਉਹ ਰੁਕ ਗਿਆ ।

"ਬੋਲੀ ਜਾਓ ਅੱਗੇ । ਲੈਨੀ ਨੇ ਕਿਹਾ, "ਅਤੇ ਜਦੋਂ ਮਹੀਨਾ ਖ਼ਤਮ ਹੁੰਦਾ... ... "

"ਅਤੇ ਜਦੋਂ ਮਹੀਨਾ ਖਤਮ ਹੁੰਦਾ ਤਾਂ ਮੈਂ ਆਪਣੇ ਪੰਜਾਹ ਡਾਲਰ ਲੈ ਕੇ ਜੇਬ ਵਿਚ ਪਾਉਂਦਾ ... ਅਤੇ ਕਿਸੇ ਕੰਜਰੀ ਦੇ ਘਰ ।" ਉਹ ਫਿਰ ਰੁਕ ਗਿਆ ।

ਲੈਨੀ ਨੇ ਬਹੁਤ ਵਿਆਕੁਲਤਾ ਨਾਲ ਉਸ ਵੱਲ ਵੇਖਿਆ "ਬੋਲੀ ਜਾਓ, ਜਾਰਜ । ਕੀ ਹੁਣ ਤੁਸੀਂ ਮੇਰੇ ਨਾਲ ਨਾਰਾਜ ਨਹੀਂ ਹੋਵੋਗੇ । ”

"ਨਹੀਂ," ਜਾਰਜ ਨੇ ਉੱਤਰ ਦਿੱਤਾ ।

"ਚੰਗੀ ਗੱਲ ਹੈ, ਤਾਂ ਫਿਰ ਮੈਂ ਚਲਾ ਜਾਵਾਂਗਾ" । ਲੈਨੀ ਨੇ ਕਿਹਾ, "ਜੇਕਰ ਤੁਹਾਨੂੰ ਮੇਰੀ ਲੋੜ ਨਹੀਂ, ਤਾਂ ਮੈਂ ਸਿੱਧਾ ਪਹਾੜਾਂ ਉਤੇ ਚਲਾ ਜਾਵਾਂਗਾ । ਅਤੇ ਉਥੇ ਕੋਈ ਗੁਫ਼ਾ ਲੱਭ ਲਵਾਂਗਾ ।"

ਜਾਰਜ ਨੇ ਫਿਰ ਆਪਣੇ ਆਪ ਨੂੰ ਲਾਅਨਤ ਪਾਈ । “ਨਹੀਂ” ਉਸ ਨੇ ਕਿਹਾ। “ਮੈਂ ਚਾਹੁੰਦਾ ਹਾਂ ਕਿ ਤੂੰ ਇਥੇ ਹੀ ਮੇਰੇ ਕੋਲ ਰਹੁ ।”

ਲੈਨੀ ਨੇ ਚਲਾਕੀ ਨਾਲ ਕਿਹਾ, ਮੈਨੂੰ ਉਸੇ ਹੀ ਲਹਿਜੇ ਵਿਚ ਦੱਸੋ ਜਿਵੇਂ ਕਿ ਪਹਿਲਾਂ ਕਹਿੰਦੇ ਹੁੰਦੇ ਸੀ ।"

"ਕੀ ਕਹਾਂ?"

"ਦੂਜੇ ਲੋਕਾਂ ਦੇ ਬਾਰੇ ਅਤੇ ਫਿਰ ਆਪਣੇ ਬਾਰੇ ਵਿਚ ।"

ਜਾਰਜ ਨੇ ਕਿਹਾ, "ਭੂਮੀ-ਹੀਨ ਕਾਮਿਆਂ ਦਾ ਘਰ-ਬਾਰ ਨਹੀਂ ਹੁੰਦਾ । ਉਹ ਲੋਕ ਜੋ ਕੁਝ ਕਮਾਉਂਦੇ ਹਨ, ਨਾਲੋਂ ਨਾਲ ਹੀ ਉਸ ਨੂੰ ਉਡਾ ਦਿੰਦੇ ਹਨ । ਉਨ੍ਹਾਂ ਦਾ ਇਸ ਦੁਨੀਆਂ ਵਿਚ ਕੋਈ ਵੀ ਨਹੀਂ ਹੁੰ ਦਾ, ਜੋ ਉਨ੍ਹਾਂ ਲਈ ਰਤਾ ਵੀ ਚਿੰਤਾ ਕਰੇ ... ...।’’

“ਪਰ ਅਸੀਂ ਅਜਿਹੇ ਨਹੀਂ ਹਾਂ" । ਲੈਨੀ ਖੁਸ਼ੀ ਨਾਲ ਚੀਕ ਪਿਆ । "ਹੁਣ ਸਾਡੇ ਲੋਕਾਂ ਦੇ ਬਾਰੇ ਦੱਸੋ ।"

ਜਾਰਜ ਖਿਣ ਕੁ ਚਪ ਹੋ ਗਿਆ । "ਪਰ ਅਸੀਂ ਅਜਿਹੇ ਨਹੀਂ ਹਾਂ, “ਉਸਨੇ ਕਿਹਾ। “ਕਿਉਂਕਿ “ਕਿਉਂਕਿ ਮੇਰੀ ਦੇਖ-ਭਾਲ ਲਈ ਤੂੰ ਹੈਂ ਅਤੇ ......"

‘‘ਅਤੇ ਮੇਰੀ ਦੇਖ-ਭਾਲ ਲਈ ਤੁਸੀਂ ਹੋ। ਅਸੀਂ ਇਕ ਦੂਜੇ ਦੀ ਦੇਖ-ਭਾਲ ਕਰਨ ਲਈ ਹੀ ਹਾਂ। ਇਹੋ ਹੀ ਕਾਰਣ ਹੈ ਕਿ ਅਸੀਂ ਇਕੱਲੇ ਨਹੀਂ ਹਾਂ” । ਲੈਨੀ ਨੇ ਜਿੱਤ ਵਰਗੇ ਲਹਿਜੇ ਵਿਚ ਆਖਿਆ।

ਸ਼ਾਮ ਦੀ ਹਲਕੀ ਜਿਹੀ ਪੌਣ ਰੁਮਕੀ ਅਤੇ ਪੱਤੀਆਂ ਨੇ ਰਤਾ ਕੁ ਖੜ ਖੜ ਕੀਤੀ। ਹਰੇ ਪਾਣੀ ਦੇ ਉਤੇ ਲਹਿਰਾਂ ਦੇ ਗੋਲ ਚੱਕਰ ਬਣ ਬਣ ਕੇ ਫੈਲਣ ਲੱਗ ਪਏ। ਕੁਝ ਲੋਕਾਂ ਦੇ ਉਚੀ ਉਚੀ ਬੋਲਣ ਦੀਆਂ ਆਵਾਜ਼ਾਂ ਫਿਰ ਸੁਣਾਈ ਦਿੱਤੀਆਂ। ਇਸ ਵਾਰ ਉਹ ਪਹਿਲਾਂ ਤੋਂ ਬਹੁਤ ਨੇੜੇ ਲਗਦੀਆਂ ਸਨ।

ਜਾਰਜ ਨੇ ਆਪਣਾ ਟੋਪ ਲਾਹ ਲਿਆ। ਉਸ ਨੇ ਰਤਾ ਕੁ ਬੇਚੈਨੀ ਨਾਲ ਕਿਹਾ, “ਲੈਨੀ, ਆਪਣਾ ਟੋਪ ਵੀ ਲਾਹ ਦੇ, ਹਵਾ ਕਿੰਨੀ ਚੰਗੀ ਹੈ।’

ਲੈਨੀ ਨੇ ਤੁਰੰਤ ਆਗਿਆ ਮੰਨਦਿਆਂ ਆਪਣਾ ਟੋਪ ਲਾਹ ਕੇ ਸਾਹਮਣੇ ਜ਼ਮੀਨ ਉਤੇ ਰੱਖ ਦਿੱਤਾ। ਘਾਟੀ ਦੇ ਅੰਦਰ ਪਰਛਾਵੇਂ ਹੋਰ ਵੀ ਵਧੇਰੇ ਨੀਲੇ ਹੋ ਰਹੇ ਸਨ ਅਤੇ ਸ਼ਾਮਾਂ ਤੇਜ਼ੀ ਨਾਲ ਪੈ ਰਹੀਆਂ ਸਨ। ਹਵਾ ਦੇ ਨਾਲ ਹੀ ਇੰਜ ਲੱਗਾ ਜਿਵੇਂ ਕਿ ਦੂਰ ਝਾੜੀਆਂ ਦੇ ਵਿਚ ਕਿਸੇ ਦੇ ਵੱਡੇ ਵੱਡੇ ਪੈਰਾਂ ਨਾਲ ਟਹਿਣੀਆਂ ਦੇ ਖੜ-ਖੜ ਕਰਕੇ ਟੁੱਟਣ ਦੀ ਆਵਾਜ਼ ਆਵਾਜ਼ ਆਈ ਹੋਵੇ।

ਲੈਨੀ ਨੇ ਪੁੱਛਿਆ, "ਦੱਸੋ ਕਿ ਸਾਡੇ ਇਕੱਠੇ ਰਹਿਣ ਨਾਲ ਕੀ ਹੋਵੇਗਾ।”

ਜਾਰਜ ਦੂਰ ਦੀਆਂ ਆਵਾਜ਼ਾਂ ਨੂੰ ਸੁਣ ਰਿਹਾ ਸੀ। ਪਲ ਭਰ ਲਈ ਉਹ ਇਕ ਦੰਮ ਇਕ ਦੁਨੀਆਂਦਾਰ ਮਨੁੱਖ ਬਣ ਗਿਆ, "ਦਰਿਆ ਦੇ ਉਸ ਪਾਰ ਵੇਖੋ, ਲੈਨੀ ਮੈਂ ਤੈਨੂੰ ਇਸ ਤਰ੍ਹਾਂ ਸਾਰੀ ਗੱਲ ਸੁਣਾਵਾਂਗਾ ਕਿ ਸਾਡੇ ਅਗਲੇਰੇ ਜੀਵਨ ਦਾ ਨਕਸ਼ਾ ਤੇਰੀਆਂ ਅੱਖਾਂ ਅੱਗੇ ਇੰਨ ਬਿੰਨ ਖਿੱਚਿਆ ਜਾਵੇਗਾ।

ਲੈਨੀ ਨੇ ਆਪਣਾ ਸਿਰ ਘੁਮਾ ਲਿਆ ਅਤੇ ਦਰਿਆ ਦੇ ਪਾਰ ਗੈਬੀਲਾਨ ਪਹਾੜਾਂ ਉਤੇ ਪਸਰਦੇ ਹਨੇਰੇ ਵੱਲ ਵੇਖਣ ਲੱਗ ਪਿਆ। "ਅਸੀਂ ਲੋਕ ਥੋੜੀ ਜਿਹੀ ਜ਼ਮੀਨ ਖਰੀਦਾਂਗੇ" ਜਾਰਜ ਨੇ” ਮੁਰਦਿਆਂ ਵਾਂਗ ਕਹਿਣਾ ਸ਼ੁਰੂ ਕੀਤਾ। ਉਸ ਨੇ ਆਪਣੀ ਜੇਬ ਵਿਚ ਹੱਥ ਪਾ ਕੇ ਕਾਰਲਸਨ ਵਾਲੀ ਪਿਸਤੌਲ ਕੱਢ ਲਈ। ਉਸ ਨੇ ਪਿਸਤੌਲ ਦੀ "ਸੇਫਟੀ" ਹਟਾਈ ਉਸ ਦਾ ਹੱਥ ਅਤੇ ਪਿਸਤੌਲ ਲੈਨੀ ਪਿੱਠ ਪਿੱਛੇ ਜ਼ਮੀਨ ਉਤੇ ਸਨ। ਉਸ ਨੇ ਲੈਨੀ

ਦੇ ਸਿਰ ਦੇ ਪਿੱਛੇ ਵਾਲੇ ਹਿੱਸੇ ਨੂੰ ਵੇਖਿਆ, ਠੀਕ ਉਸ ਥਾਂ ਨੇ ਜਿੱਥੇ ਖੋਪੜੀ ਰੀੜ੍ਹ ਦੀ ਹੱਡੀ ਨਾਲ ਜੁੜਦੀ ਹੈ ।

ਦਰਿਆ ਦੇ ਉਪਰਲੇ ਵਾਲੇ ਪਾਸੇ ਕਿਸੇ ਨਾ ਕਿਸੇ ਨੂੰ ਆਵਾਜ਼ ਦਿੱਤੀ ਅਤੇ ਦੂਜੇ ਵਿਅਕਤੀ ਨੇ ਉੱਚੀ ਸਾਰੀ ਜਵਾਬ ਦਿੱਤਾ ।

"ਹੁਣ ਦੱਸੀ ਜਾਓ?" ਲੈਨੀ ਨੇ ਕਿਹਾ ।

ਜਾਰਜ ਨੇ ਪਿਸਤੌਲ ਚੁੱਕ ਲਈ ਪਰ ਉਸ ਦਾ ਹੱਥ ਕੰਬ ਗਿਆ । ਉਸਨੇ ਆਪਣਾ ਹੱਥ ਮੁੜ ਜ਼ਮੀਨ ਉਤੇ ਰੱਖ ਦਿੱਤਾ ।

"ਦੱਸੀ ਜਾਓ ਨਾ" ਲੈਨੀ ਬੋਲਿਆ। ਕਿੰਜ ਹੋਵੇਗਾ ਉਹ ਸਾਰਾ ਕੁਝ ਅਸੀਂ ਲੋਕ ਜ਼ਮੀਨ ਖਰੀਦਾਂਗੇ ।"

"ਸਾਡੇ ਕੋਲ ਇਕ ਗਾਂ ਹੋਵੇਗੀ । "ਜਾਰਜ ਨੇ ਕਿਹਾ, " ਅਤੇ ਹੋ ਸਕਦਾ ਹੈ ਕਿ ਸਾਡੇ ਪਾਸ ਸੂਰ ਅਤੇ ਕੁੱਕੜੀਆਂ ਵੀ ਹੋਣ ਅਤੇ ਵਾੜੇ ਦੇ ਵਿਚ ਇਕ ਪਲਾਟ ...ਘਾਹ ਦੇ ਲਈ..."

"ਸਹਿਆਂ ਦੇ ਲਈ," ਲੈਨੀ ਨੇ ਚੀਕ ਕੇ ਕਿਹਾ।

"ਸਹਿਆਂ ਦੇ ਲਈ" ਜਾਰਜ ਨੇ ਦੁਹਰਾ ਦਿੱਤਾ ।

"ਅਤੇ ਮੈਂ ਸਹਿਆਂ ਦੀ ਦੇਖ-ਭਾਲ ਕਰਿਆ ਕਰੇਗਾ ।"

"ਅਤੇ ਤੂੰ ਸਹਿਆਂ ਦੀ ਦੇਖ-ਭਾਲ ਕਰਿਆ ਕਰੇਂਗਾ ।"

ਲੈਨੀ ਖੁਸ਼ੀ ਨਾਲ ਆਪ ਮੁਹਾਰਾ ਹੱਸ ਪਿਆ, "ਅਤੇ ਉਥੇ ਮੌਜ ਨਾਲ ਰਹਾਂਗੇ ।"

"ਹਾਂ,"

ਲੈਨੀ ਨੇ ਆਪਣਾ ਸਿਰ ਮੋੜਿਆ ।

"ਨਹੀਂ ਲੈਨੀ, ਨਹੀਂ, ਤੂੰ ਦਰਿਆ ਦੇ ਉਸ ਪਾਰ ਵੇਖਦਾ ਰਹੁ। ਇੰਜ ਵੇਖ ਜਿਵੇਂ ਕਿ ਉਹ ਥਾਂ ਤੇਰੇ ਸਾਹਮਣੇ ਹੀ ਦਿੱਸ ਰਹੀ ਹੋਵੇ ।"

ਲੈਨੀ ਨੇ ਉਸ ਦਾ ਆਖਾ ਤੁਰੰਤ ਮੰਨ ਲਿਆ। ਜਾਰਜ ਨੇ ਫਿਰ ਥੱਲੇ ਪਈ ਹੋਈ ਪਿਸਤੌਲ ਵੱਲ ਵੇਖਿਆ ।

ਹੁਣ ਝਾੜੀਆਂ ਵਿਚੋਂ ਕਾਹਲੀ ਕਾਹਲੀ ਆਉਂਦੇ ਕਦਮਾਂ ਦੀ ਆਵਾਜ਼ ਸਾਫ਼ ਸੁਣਾਈ ਪਈ ਸੀ। ਜਾਰਜ ਨੇ ਸਿਰ ਫੇਰ ਕੇ ਉਸ ਪਾਸੇ ਵੱਲ ਵੇਖਿਆ ।

"ਦੱਸੀ ਜਾਓ, ਜਾਰਜ । ਅਸੀਂ ਕਦੋਂ ਕਰਾਂਗੇ ਇਹ ਸਭ ਕੁਝ ?"

"ਬਹੁਤ ਛੇਤੀ ਹੀ ਕਰਾਂਗੇ ।"

"ਮੈਂ ਅਤੇ ਤੁਸੀਂ ।"

"ਆਹੋ, ਤੂੰ ..... ਅਤੇ ਮੈਂ । ਫਿਰ ਸਾਰੇ ਲੋਕ ਤੇਰੇ ਨਾਲ ਚੰਗਾ ਸਲੂਕ ਕਰਨਗੇ । ਹੁਣ ਹੋਰ ਕੋਈ ਕਸ਼ਟ ਨਹੀਂ ਹੋਵੇਗਾ। ਕੋਈ ਕਿਸੇ ਨੂੰ ਕਸ਼ਟ ਨਹੀਂ ਦੇਵੇਗਾ। ਅਤੇ ਨਾ ਹੀ ਕਿਸੇ ਦੇ ਡਰ ਤੋਂ ਕੋਈ ਲੁਕ ਲੁਕ ਕੇ ਫਿਰਿਆ ਕਰੇਗਾ ।"

ਲੈਨੀ ਬੋਲਿਆ, "ਮੈਂ ਤਾਂ ਸੋਚਦਾ ਸੀ ਕਿ ਤੁਸੀਂ ਮੇਰੇ ਨਾਲ ਬਹੁਤ ਗੁੱਸੇ ਹੋ, ਜਾਰਜ" ।

"ਨਹੀਂ," ਜਾਰਜ ਨੇ ਕਿਹਾ । "ਨਹੀਂ ਲੈਨੀ, ਮੈਂ ਤੇਰੇ ਨਾਲ ਗੁੱਸੇ ਨਹੀਂ ਹਾਂ । ਮੈਂ ਤੇਰੇ ਨਾਲ ਕਦੇ ਵੀ ਗੁੱਸੇ ਨਹੀਂ ਹੋਇਆ ਅਤੇ ਨਾ ਹੀ ਇਸ ਵੇਲੇ ਗੁੱਸੇ ਹਾਂ । ਇਹ ਗੱਲ ਤੂੰ ਚੰਗੀ ਤਰ੍ਹਾਂ ਸਮਝ ਲੈ"

ਹੁਣ ਆਵਾਜ਼ਾਂ ਬਹੁਤ ਹੀ ਨੇੜੇ ਆ ਗਈਆਂ ਸਨ । ਜਾਰਜ ਨੇ ਪਿਸਤੌਲ ਚੁੱਕੀ ਅਤੇ ਆਵਾਜ਼ਾਂ ਨੂੰ ਸੁਣਨ ਲੱਗਾ ।

ਲੈਨੀ ਨੇ ਬੇਨਤੀ ਦੇ ਲਹਿਜੇ ਵਿਚ ਕਿਹਾ, "ਚਲੋ ਅਸੀਂ ਹੁਣੇ ਹੀ ਇਹ ਸਭ ਕੁਝ ਕਰ ਮੁਕਾ-ਈਏ । ਉਹ ਜ਼ਮੀਨ ਲੈ ਲਈਏ ।"

"ਅਵੱਸ਼, ਹੁਣੇ, ਹੁਣੇ ਹੀ ਜਾਣਾ ਪਵੇਗਾ, ਮੈਨੂੰ ਸਾਨੂੰ ।"

ਅਤੇ ਜਾਰਜ ਨੇ ਦਿਲ ਪੱਕਾ ਕਰਕੇ ਪਿਸਤੌਲ ਹੱਥ ਵਿੱਚ ਫੜ ਲਈ ਪਿਸਤੌਲ ਦੀ ਨਾਲੀ ਨੂੰ ਉਹ ਲੈਨੀ ਦੇ ਐਨ ਨੇੜੇ ਲੈ ਗਿਆ । ਉਸ ਦਾ ਹੱਥ ਇਕ ਵਾਰ ਫਿਰ ਬੜੇ ਜ਼ੋਰ ਨਾਲ ਕੰਬਿਆ ਪਰ ਉਸ ਦੇ ਦਿਮਾਗ ਵਿਚ ਪਕਿਆਈ ਸੀ ਅਤੇ ਉਸ ਦਾ ਹੱਥ ਵੀ ਹੌਲੀ ਹੌਲੀ ਟਿਕਾਉ ਵਿਚ ਆ ਗਿਆ। ਅਤੇ ਉਸ ਨੇ ਘੋੜਾ ਦੱਬ ਦਿੱਤਾ । ਗੋਲੀ ਦੀ ਆਵਾਜ਼ ਜਿਵੇਂ ਪਹਾੜਾਂ ਦੇ ਉੱਤੇ ਦੌੜਦੀ ਹੋਈ ਚੜ੍ਹ ਗਈ ਅਤੇ ਫਿਰ ਲੁੜਕਦੀ ਹੋਈ-ਥੱਲੇ ਵੱਲ ਆ

ਗਈ। ਲੈਨੀ ਨੇ ਇਕ ਵਾਰ ਤੇਜ਼ ਚੀਕ ਮਾਰੀ ਅਤੇ ਫਿਰ ਉਹ ਅਗਾਂਹ ਰੇਤ ਉਤੇ ਡਿੱਗ ਕੇ ਢੇਰੀ ਹੋ ਗਿਆ । ਬਿਨਾਂ ਹਿੱਲੇ-ਜੁੱਲੇ ਹੀ ਉਹ ਢਹਿ-ਢੇਰੀ ਹੋਇਆ ਪਿਆ ਸੀ ।

ਜਾਰਜ ਕੰਬ ਗਿਆ । ਉਸ ਨੇ ਪਿਸਤੌਲ ਵੱਲ ਵੇਖਿਆ। ਫਿਰ ਉਸ ਨੇ ਪਿਸਤੌਲ ਨੂੰ ਦੂਰ ਪੁਰਾਣੀ ਸੁਆਹ ਦੇ ਢੇਰ ਦੇ ਕੋਲ ਸੁੱਟ ਦਿੱਤਾ ।

ਕੁਝ ਛਿਣਾਂ ਲਈ ਝਾੜੀਆਂ ਬੁਰੀ ਤਰ੍ਹਾਂ ਚੀਕ-ਚਿਹਾੜੇ ਅਤੇ ਦੌੜਦੇ ਹੋਏ ਪੈਰਾਂ ਦੀਆਂ ਆਵਾਜ਼ਾਂ ਨਾਲ ਭਰ ਗਈਆਂ। ਉਸੇ ਵੇਲੇ ਸਲਿਮ ਨੇ ਚੀਕ ਕੇ ਕਿਹਾ, "'ਜਾਰਜ, ਕਿੱਥੇ ਹੋ ਤੁਸੀਂ ਜਾਰਜ ?”

ਪਰ ਜਾਰਜ ਮਿੱਟੀ ਦੇ ਬੁੱਤ ਵਾਂਗ ਅਹਿੱਲ ਬੈਠਾ ਰਿਹਾ ਅਤੇ ਆਪਣੇ ਸੱਜੇ ਹੱਥ ਨੂੰ ਵੇਖਦਾ ਰਿਹਾ, ਜਿਸ ਨਾਲ ਉਸ ਨੇ ਪਿਸਤੌਲ ਪਰਾਂ ਸੁੱਟੀ ਸੀ । ਉਸ ਦੇ ਸਾਥੀ ਵੀ ਉਥੇ ਪਹੁੰਚ ਗਏ । ਕਰਲੀ ਸਭ ਤੋਂ ਅੱਗੇ ਸੀ । ਉਸ ਨੇ ਲੈਨੀ ਨੂੰ ਰੇਤ ਉਤੇ ਮੋਇਆ ਪਿਆ ਵੇਖਿਆ। "ਮੁੱਕਾ ਦਿੱਤਾ ਫ਼ਸਤਾ, ਵਾਹ ਵਾ । 'ਉਸ ਨੇ ਅੱਗੇ ਵੱਧ ਕੇ ਥੱਲੇ ਖਏ ਹੋਏ ਲੈਨੀ ਵੱਲ ਵੇਖਿਆ ਅਤੇ ਫਿਰ ਜਾਰਜ ਵੱਲ ਵੇਖਿਆ, ਐਨ, ਖੋਪੜੀ ਦੇ ਪਿੱਛੇ ।” ਉਸ ਨੇ ਹੌਲੀ ਜਿਹੀ ਕਿਹਾ।

ਸਲਿਮ ਸਿੱਧਾ ਜਾਰਜ ਦੇ ਕੋਲ ਆ ਗਿਆ ਅਤੇ ਉਸ ਦੇ ਨਾਲ ਲੱਗ ਕੇ ਬੈਠ ਗਿਆ ।

“ਕੁਝ ਨਾ ਸੋਚੋ” ਉਸ ਨੇ ਕਿਹਾ। "ਕਦੇ ਕਦੇ ਇਨਸਾਨ ਨੂੰ ਇੰਜ ਵੀ ਕਰਨਾ ਪੈ ਜਾਂਦਾ ਹੈ"।

ਪਰ ਕਾਰਲਸਨ ਜਾਰਜ ਦੇ ਸਿਰ ਉਤੇ ਚੜ੍ਹਿਆ। "ਕਿੰਜ ਕੀਤਾ ਤੁਸੀਂ"? ਉਸ ਨੇ ਪੁੱਛਿਆ।

"ਬਸ ਕਰ ਹੀ ਦਿੱਤਾ", ਜਾਰਜ ਨੇ ਥੱਕੀ ਟੁੱਟੀ ਆਵਾਜ਼ ਵਿਚ ਕਿਹਾ।

“ਉਸ ਦੇ ਕੋਲ ਮੇਰੀ ਪਿਸਤੌਲ ਸੀ ਨਾ?"

"ਹਾਂ"

"ਅਤੇ ਤੁਸੀਂ ਉਸ ਤੋਂ ਖੋਹ ਲਈ ਅਤੇ ਉਸੇ ਨਾਲ ਹੀ ਉਸ ਨੂੰ ਚਿੱਤ ਕਰ ਦਿੱਤਾ?"

"ਹਾਂ" ਜਾਰਜ ਦੀ ਆਵਾਜ਼ ਬਹੁਤ ਹੀ ਹੌਲੀ ਸੀ। ਉਹ ਆਪਣੇ ਸੱਜੇ ਹੱਥ ਨੂੰ ਵੇਖੀ ਜਾ ਰਿਹਾ ਸੀ, ਜਿਸ ਨਾਲ ਉਸ ਨੇ ਪਿਸਤੌਲ ਦਾ ਘੋੜਾ ਦੱਬਿਆ ਸੀ ।

ਸਲਿਮ ਨੇ ਜਾਰਜ ਦੀ ਕੁਹਣੀ ਵਿਚ ਚੂੰਡੀ ਵੱਢੀ । “ਚੱਲੋ ਉਠੋ, ਜਾਰਜ । ਆਓ ਚੱਲੋਂ, ਅਸੀਂ-ਤੁਸੀਂ ਚਲ ਕੇ ਪੈੱਗ ਲਈਏ” ।

ਜਾਰਜ ਨੇ ਉੱਠਣ ਵਿਚ ਦਿੱਤੀ ਸਲਿਮ ਦੀ ਸਹਾਇਤਾ ਨੂੰ ਲੈ ਲਿਆ “ਹਾਂ, ਪੈੱਗ ਲਈਏ ।" ਉਸ ਦੇ ਬੋਲਾਂ ਵਿਚੋਂ ਇੰਜ ਲੱਗਦਾ ਸੀ ਜਿਵੇਂ ਉਹ ਬੋਲ ਅਗਲੀ ਦੁਨੀਆਂ ਵਿਚੋਂ ਆ ਰਹੇ ਹੋਣ।

ਸਲਿਮ ਬੋਲਿਆ, "ਤੁਹਾਨੂੰ ਇਹ ਸਭ ਕੁਝ ਕਰਨਾ ਹੀ ਪੈਣਾ ਸੀ । ਰੱਬ ਦੀ ਸਹੁੰ, ਇਸ ਤੋਂ ਛੁੱਟ ਤੁਹਾਡੇ ਲਈ ਹੋਰ ਕੋਈ ਰਾਹ ਵੀ ਨਹੀਂ ਸੀ । ਆਓ, ਤੁਰੋ ਮੇਰੇ ਨਾਲ" ਉਸਨੇ ਹੱਥ ਫੜ ਲਿਆ ਅਤੇ ਜਾਰਜ ਨੂੰ ਉਸ ਪਗਡੰਡੀ ਤੇ ਲੈ ਗਿਆ ਜੋ ਮਹਾਮਾਰਗ ਵੱਲ ਜਾਂਦੀ ਸੀ ।

ਕਰਲੀ ਅਤੇ ਕਾਰਲਸਨ ਉਨ੍ਹਾਂ ਨੂੰ ਜਾਂਦਿਆਂ ਵੇਖਦੇ ਹੀ ਰਹੇ । ਫਿਰ ਕਾਰਲਸਨ ਨੇ ਕਿਹਾ "ਖੌਰੇ, ਇਨ੍ਹਾਂ ਦੋਹਾਂ ਨੂੰ ਸਹੁਰੀ ਕਿਹੜੀ ਗੱਲ ਦਾ ਘੁਣ ਲੱਗਾ ਹੋਇਆ ਹੈ ।